

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਅਰਥ ਭਰਪੂਰ ਜੀਵਨ ਜਿਉਣ ਦੀ ਜਾਂਚ- ਪ੍ਰੋ. ਡਾ. ਰੌਣਕੀ ਰਾਮ ਦਾ ਲੇਖ (ਦੇਖੋ ਸਫਾ 21 'ਤੇ)

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 15
July 15, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ' ਸ਼ਹੀਦ ਭਾਈ ਤਾਰੂ ਸਿੰਘ ਜੀ - ਐਚ. ਐਲ. ਕਪੂਰ ਦਾ ਲੇਖ (ਦੇਖੋ ਸਫਾ 15 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਜਨਮ ਦਿਹਾੜਾ 19 ਜੁਲਾਈ ਨੂੰ



ਐਚ. ਐਲ. ਕਪੂਰ

ਸੈਕਰਾਮੈਂਟੋ- ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ 19 ਜੁਲਾਈ ਦਿਨ ਐਤਵਾਰ ਨੂੰ ਐਲਕ ਗਰੋਵ (ਕੈਲੇਫੋਰਨੀਆ) ਵਿਖੇ ਸ਼ਾਮੀ 5 ਤੋਂ ਰਾਤੀ 11 ਵਜੇ ਤੱਕ ਮਨਾਉਣ ਜਾ ਰਹੀ ਹੈ। ਇਸ ਮੌਕੇ ਉਚ ਕੋਟੀ ਦੇ ਬੁਲਾਰੇ ਬਾਬਾ ਸਾਹਿਬ ਦੇ ਜੀਵਨ, ਮਿਸ਼ਨ ਅਤੇ ਸੰਘਰਸ਼ ਪ੍ਰਤੀ ਆਪੋ-ਆਪਣੇ ਵਿਚਾਰ ਰੱਖਣਗੇ।

ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਲੇਖਕ ਪ੍ਰੋਫੈਸਰ ਐਚ. ਐਲ. ਕਪੂਰ ਜੀ ਹੋਣਗੇ। ਇਸ ਮੌਕੇ ਸ਼ਾਮੀ 8 ਤੋਂ 9 ਵਜੇ ਤੱਕ ਮਿਸ਼ਨਰੀ ਗੀਤ-ਸੰਗੀਤ ਦਾ ਪ੍ਰੋਗਰਾਮ ਹੋਵੇਗਾ ਅਤੇ ਇਸ ਤੋਂ ਬਾਅਦ ਡਿਨਰ ਦਾ ਪ੍ਰਬੰਧ ਹੋਵੇਗਾ। ਰਾਤੀ 10 ਤੋਂ 11 ਵਜੇ ਤੱਕ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਵਿਚਾਰਾਂ ਤੇ ਮੂਵੀ ਵੀ ਦਿਖਾਈ ਜਾਵੇਗੀ।

# ਇਰਾਨ ਪਰਮਾਣੂ ਸਮਝੌਤਾ ਨੇਪਰੇ ਚੜ੍ਹਿਆ

ਵਿਆਨਾ- ਲੰਮੀ ਗੱਲਬਾਤ ਤੋਂ ਬਾਅਦ ਆਖਿਰ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸੀਮਤ ਕਰਨ ਵਾਲੇ ਸਮਝੌਤੇ ਨੂੰ ਮੰਗਲਵਾਰ ਨੂੰ ਪ੍ਰਵਾਨ ਕਰ ਗਿਆ। ਇਸ ਸਮਝੌਤੇ ਦੇ ਤਹਿਤ ਇਰਾਨ ਨੂੰ ਆਪਣੇ ਉਚ ਸੋਧੇ ਯੂਰੇਨੀਅਮ ਭੰਡਾਰ ਦਾ 98 ਫੀਸਦੀ ਹਿੱਸਾ ਨਸ਼ਟ ਕਰਨਾ ਹੋਵੇਗਾ ਅਤੇ ਉਸਨੂੰ ਆਪਣੇ ਮੌਜੂਦਾ ਪਰਮਾਣੂ ਸੈਂਟ੍ਰੀਫਿਊਜ ਵਿਚੋਂ ਦੋ-ਤਿਹਾਈ ਨੂੰ ਵੀ ਹਟਾਉਣਾ ਹੋਵੇਗਾ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੀ ਨਿਰੀਖਕ ਇਰਾਨ ਦੇ ਫੌਜੀ ਠਿਕਾਣਿਆਂ ਦੀ ਨਿਗਰਾਨੀ ਕਰ ਸਕਣਗੇ। ਹਾਲਾਂਕਿ ਇਰਾਨ ਇਹਨਾਂ ਸੰਸਥਾਵਾਂ ਤੱਕ ਪਹੁੰਚ ਦੀ ਬੇਨਤੀ ਨੂੰ ਚੁਣੌਤੀ ਦੇ ਸਕਦਾ ਹੈ। ਇਰਾਨ ਤੇ ਹਥਿਆਰ ਖਰੀਦਣ ਦੇ ਲਈ ਲਗਾਈ ਪਾਬੰਦੀ ਪੰਜ ਸਾਲਾਂ ਤੱਕ ਜਾਰੀ ਰਹੇਗੀ ਜਦਕਿ ਮਿਜ਼ਾਇਲ ਪਾਬੰਦੀ ਅੱਠ ਸਾਲ ਤੱਕ ਬਣੀ ਰਹੇਗੀ। ਇਸ ਦੇ ਬਦਲੇ ਇਰਾਨ ਨੂੰ ਤੇਲ ਅਤੇ ਗੈਸ ਦੇ ਕਾਰੋਬਾਰ, ਵਿੱਤੀ ਲੈਣ-ਦੇਣ, ਹਵਾਬਾਜ਼ੀ ਅਤੇ ਜਹਾਜ਼ਰਾਨੀ ਦੇ ਖੇਤਰਾਂ ਵਿਚ ਲਾਗੂ ਪਾਬੰਦੀਆਂ ਵਿਚ ਢਿੱਲ ਦਿੱਤੀ ਜਾਵੇਗੀ। ਇਰਾਨ ਦੀ ਅਰਬਾਂ ਡਾਲਰ ਦੀ ਸੀਲ ਸੰਪਤੀ ਨੂੰ ਜਾਰੀ ਕੀਤਾ ਜਾ ਸਕੇਗਾ। ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸੀਮਤ ਕਰਨ ਵਾਲੇ ਸਮਝੌਤਿਆਂ ਦਾ ਅੰਤਰ ਰਾਸ਼ਟਰੀ ਪੱਧਰ ਤੇ ਸਵਾਗਤ ਹੋ ਰਿਹਾ ਹੈ, ਪਰ ਇਜ਼ਰਾਈਲ ਨੇ ਇਸਨੂੰ ਇਤਿਹਾਸਕ ਗਲਤੀ ਕਰਾਰ ਦਿੱਤਾ ਹੈ।

ਇਰਾਨ ਤੇ ਪੀ 5 ਪੱਲਸ ਵਨ (ਅਮਰੀਕਾ, ਰੂਸ , ਚੀਨ , ਬਰਤਾਨੀਆਂ , ਫਰਾਂਸ ਤੇ ਜਰਮਨੀ) ਵਿਚਾਲੇ ਇਹ ਸਮਝੌਤਾ ਹੋਇਆ ਹੈ। ਗੱਲਬਾਤ ਨਾਲ ਸਬੰਧਤ ਇਕ ਰਾਜਦੂਤ ਨੇ ਦੱਸਿਆ ਹੈ ਕਿ ਸਮਝੌਤਾ ਹੋ ਗਿਆ ਹੈ ਤੇ ਇਸ ਨੂੰ ਅਮਲ ਵਿਚ ਲਿਆਉਣ ਬਾਰੇ ਮੰਤਰੀ ਪੱਧਰ ਦੀ ਮੀਟਿੰਗ ਚੱਲ ਰਹੀ ਹੈ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਦੇ ਮੁੱਖੀ ਯੂਕੀਆ ਅਮਾਨੋ ਨੇ ਕਿਹਾ ਹੈ ਕਿ ਉਨ੍ਹਾਂ ਦਾ ਟੀਚਾ ਏਜੰਸੀ ਦੀ ਜਾਂਚ 'ਤੇ 15 ਦਸੰਬਰ ਤੱਕ ਇਕ ਰਿਪੋਰਟ ਜਾਰੀ ਕਰਨ ਦਾ ਹੈ। ਇਸ ਇਤਿਹਾਸਕ ਸਮਝੌਤੇ ਨਾਲ ਇਰਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਕਾਫੀ ਹੱਦ ਤੱਕ ਰੋਕ ਲੱਗ ਸਕੇਗੀ ਤੇ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਕਾਰਨ ਪਰਮਾਣੂ ਹਥਿਆਰ ਬਣਾਉਣਾ ਅਸੰਭਵ ਹੋ ਜਾਵੇਗਾ। ਇਸ ਦੇ ਬਦਲੇ ਵਿੱਚ ਇਰਾਨ ਦੇ ਤੇਲ ਨਿਰਯਾਤ ਤੇ ਅਰਥਵਿਵਸਥਾ 'ਤੇ ਲਗਾਈ ਪਾਬੰਦੀ ਹੌਲੀ ਹੌਲੀ ਹਟਾ ਲਈ ਜਾਵੇਗੀ।



ਕੌਮਾਂਤਰੀ ਪਰਮਾਣੂ ਜਾਂਚ ਏਜੰਸੀ ਨੇ ਉਨ੍ਹਾਂ ਦੋਸ਼ਾਂ ਦੀ ਮੰਗ ਕੀਤੀ ਸੀ ਕਿ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ 2003 ਤੱਕ ਇਰਾਨ ਦਾ ਪਰਮਾਣੂ ਪ੍ਰੋਗਰਾਮ ਫੌਜੀ ਹੈ ਤੇ ਉਸ ਨੇ ਪਰਮਾਣੂ ਬੰਬ ਬਣਾਉਣ ਲਈ ਤਜਰਬੇ ਕੀਤੇ ਹਨ। ਇਰਾਨ ਨੇ ਹਮੇਸ਼ਾਂ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ । ਇਸ ਮਾਮਲੇ ਦੀ ਜਾਂਚ ਪਿਛਲੇ ਸਾਲ ਤੋਂ ਰੁਕੀ ਹੋਈ ਹੈ ਤੇ ਜਦੋਂ ਤੋਂ ਇਰਾਨ ਵਿੱਚ ਹਸਨ ਰੂਹਾਨੀ ਦੀ ਸਰਕਾਰ ਬਣੀ ਹੈ ਇਸ ਬਾਅਦ ਕੂਟਨੀਤਕ ਕੋਸ਼ਿਸ਼ਾਂ ਤੇਜ਼ ਹੋਈਆਂ ਹਨ

### ਸਮਝੌਤੇ ਨੇ ਨਵੇਂ ਰਾਹ ਖੋਲ੍ਹੇ: ਹਸਨ ਰੂਹਾਨੀ

ਤਹਿਰਾਨ: ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਕਿਹਾ ਹੈ ਕਿ ਦੁਨੀਆਂ ਦੇ ਪ੍ਰਮੁੱਖ ਦੇਸ਼ਾਂ ਨਾਲ ਪਰਮਾਣੂ ਸਮਝੌਤਾ ਨਵੇਂ ਰਾਹ ਖੋਲ੍ਹੇਗਾ ਤੇ ਗ਼ੈਰ ਜ਼ਰੂਰੀ ਬਹਿਸ ਤੇ ਦੋਸ਼ਾਂ ਦੀ ਸਿਆਸਤ ਬੰਦ ਹੋ ਜਾਵੇਗੀ । ਉਨ੍ਹਾਂ ਟਵੀਟ ਕੀਤਾ ਕਿ ਪਰਮਾਣੂ ਮਾਮਲੇ 'ਤੇ ਗੱਲਬਾਤ ਸਫਲ ਹੋਗਈ ਹੈ ਤੇ ਹੁਣ ਬੇਲੋੜੀਆਂ ਗੱਲਾਂ ਬੰਦ ਹੋ ਜਾਣਗੀਆਂ ਜਿਸ ਨਾਲ ਸਾਂਝੇ ਉਦੇਸ਼ਾਂ 'ਤੇ ਧਿਆਨ ਦਿੱਤਾ ਜਾ ਸਕੇਗਾ ਖਾਸ ਤੌਰ 'ਤੇ ਇਸਲਾਮਿਕ ਸਟੇਟ ਉਪਰ ਜਿਸ ਨੇ ਸ਼ੀਆ ਤੇ ਪੱਛਮ ਨੂੰ ਆਪਣਾ ਦੁਸ਼ਮਨ ਮੰਨਿਆ ਹੋਇਆ ਹੈ ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

AAA AUTO AND BODY WORKS

We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

Free Estimates Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hayward, CA 94544

Harmandeep Singh

BEST AUTO DEALS

Eye It!! Try it!! Buy it!!

Mike Hothi

(916) 991- 1778
(530) 218- 5137



649 W Elkhorn Blvd Ste 101
Rio Linda, CA 95673

ਜਪਾਨੀ ਕਾਰਾਂ ਖਰੀਦਣ ਲਈ ਮਿਲੋ

bestautodeals15@gmail.com

KSR AUTO REPAIR

Complete Auto Repair
Import & Domestic

Honda & Acura Specialist Toyta, Lexus, Nissan, Mazda
Mercedes Benz, BMW, Volvo, Volkswager



50 % Off On Labor

Brackes
Tune-Up
Complete Diagnostic
Transmission Service
Electrical
AC Service
Engine Repair
Clutch Repnace

Factory Recommended Service

1471 Laurelwood Rd
Santa Clara, CA 95054

408-235-8654
Cell 510-579-8583
Fax 408-235-8674



SANDHU

IMMIGRATION CONSULTANT

Passports, Visas, Green Cards, Notary, Immigration Forms
Citizenship, Study Visas, Family Immigration Visas

WE OPEN 7-DAYS A WEEK

(209-373-3562)

MANDEEP SANDHU
msandhu2014@gmail.com
Note: I am not an Immigration Attorney.

3222 PENELOPE DR.
STOCKTON, CA- 95212
(NEAR HWY 99 ON MORADA LANE)

GR Video Production

Where precious moments are captured



Gurinder Purewal
Videographer/Photographer

grvideoproductionOl@gmail.com
www.grvideoproduction.com

For bookings. Call (510) 921-6626
or Kash Fabrics (510) 538-1138

PARMINDER SINGH
REALTOR

JAIN REALTY
COMMERCIAL AND RESIDENTIAL
REAL ESTATE

ਸੈਕਰਾਮੈਂਟੋ, ਨਟੋਮਸ, ਰੋਜਵਿਲ,
ਐਲਕ ਗਰੋਵ, ਸਟਾਕਟਨ ਅਤੇ ਬੇ-ਏਰੀਏ
ਵਿਚ ਵਪਾਰਕ ਅਤੇ ਹਰ ਕਿਸਮ ਦਾ ਘਰ
ਖਰੀਦਣ-ਵੇਚਣ ਲਈ ਸੰਪਰਕ ਕਰੋ



BRE LIC# 1469392

916 410 0711



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539













Printer : Barapind Printing Press, Email: bpp467@gmail.com

# ਨਵਾਂ ਨਾਨਕਸਰ ਠਾਠ ਬੁਲੰਦਪੁਰੀ ਨੇ ਲਿਆ ਇਤਿਹਾਸਿਕ ਫੈਸਲਾ, ਨਾਂ ਬਦਲ ਕੇ "ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਰੱਖਿਆ








**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**

ਸਿੱਖ ਧਰਮ ਅੰਦਰ ਵੱਖ-ਵੱਖ ਸੰਪਰਦਾਵਾ ਵਿੱਚ ਵੰਡਿਆ ਪਿਆ ਹੈ। ਇਸੇ ਲੜੀ ਅਧੀਨ 'ਨਵਾਂ ਨਾਨਕਸਰ ਠਾਠ ਬੁਲੰਦਪੁਰੀ ਸਾਹਿਬ' ਸੰਨ 1990 'ਚ ਹੋਂਦ ਦੌਰਾਨ ਨਾਨਕਸ਼ਰ ਸੰਪਰਦਾਇ ਵਿੱਚੋਂ ਆਇਆ । ਜਿਸ ਦੀ ਸੁਰੂਆਤ ਸੰਤ ਬਾਬਾ ਜੀਤ ਸਿੰਘ ਜੀ ਨੇ ਕੀਤੀ। ਉਸ ਸਮੇਂ ਤੋਂ ਹੀ ਸਿੱਖੀ ਪ੍ਰਚਾਰ ਅਤੇ ਸੰਸਾਰ ਭਰ ਵਿਚ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਮੇਂ ਇੰਨ੍ਹਾਂ ਦੁਆਰਾ ਵੱਖ-ਵੱਖ ਦੇਸ਼ਾਂ ਵਿਚ 15 ਗੁਰਦੁਆਰੇ ਬਣਾਏ ਜਾ ਚੁੱਕੇ ਹਨ। ਇਹਨਾਂ ਗੁਰੂਘਰਾਂ ਦੇ ਨਾਲ ਨੌਜਵਾਨ ਪੀੜ੍ਹੀ ਨੂੰ ਗੁਰ ਇਤਿਹਾਸ ਤੇ ਬਾਣੀ ਤੇ ਬਾਣੇ ਨਾਲ ਜੋੜਨ ਲਈ ਹਰ ਜਗ੍ਹਾ ਗੋਬਿੰਦ ਸਰਵਰ ਗੁਰਮੁਖੀ ਸਕੂਲ ਵੀ ਚਲਾਏ ਜਾ ਰਹੇ ਹਨ। ਜਿਨਾਂ ਵਿਚ ਬੱਚੇ ਧਾਰਮਿਕ ਵਿੱਦਿਆ ਦੇ ਨਾਲ-ਨਾਲ ਕੀਰਤਨ ਤੇ ਗਤਕੇ ਦੀ ਵੀ ਸਿਖਲਾਈ ਲੈ ਰਹੇ ਹਨ।

ਪਰ ਬੀਤੀ 11 ਜੁਲਾਈ ਦਾ ਦਿਨ ਇਤਿਹਾਸਿਕ ਹੋ ਨਿੱਬੜਿਆ ਜਦੋਂ ਬਰੈਂਪਟਨ, ਉਨਿਟੈਰੀਓ (ਟਰਾਂਟੋ) ਵਿਖੇ ਇਸੇ ਸੰਪਰਦਾ ਦੇ ਮੌਜੂਦਾ ਮੁੱਖੀ ਬਾਬਾ ਬਲਦੇਵ ਸਿੰਘ ਜੀ ਵੱਲੋਂ ਵਿਸ਼ਾਲ ਸਮਾਗਮ ਵਿਚ ਮੌਜੂਦਾ ਵੱਲੋਂ "ਨਵਾਂ ਨਾਨਕਸਰ ਠਾਠ" ਨਾਲ ਸੰਬੰਧਿਤ ਸਾਰੇ ਗੁਰਦੁਆਰਾ ਸਹਿਬਾਨਾਂ ਦਾ ਨਾਮ ਬਦਲ ਕੇ ਉਦਰਬਾਰ ਸ੍ਰੀ ਗੁਰੂ ਗੰਥ ਸਾਹਿਬ ਜੀ" ਰੱਖਣ ਦਾ ਐਲਾਨ ਕੀਤਾ ਗਿਆ।

ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬਾਬਾ ਜੀ ਨੇ ਬਚਨ ਕੀਤੇ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਾਰਾ ਸਿੱਖ ਜਗਤ ਇਕ ਨਿਸ਼ਾਨ ਸਾਹਿਬ ਥੱਲੇ ਇਕੱਠਾ ਹੋਣਾ ਚਾਹੀਦਾ ਹੈ। ਇਹ ਆਪਣੀ ਹਰ ਇਕ ਦੀ ਜਿੰਮੇਵਾਰੀ ਤੇ ਡਿਊਟੀ ਬਣਦੀ ਹੈ। ਖਾਲਸਾ ਪੰਥ ਜੋ ਵੱਖ ਵੱਖ ਨਾਂਵਾਂ ਹੇਠ ਸੰਪਰਦਾਵਾਂ ਵਿਚ ਵੰਡਿਆ ਹੋਇਆ ਹੈ ਇਹ ਸਿੱਖ ਪੰਥ ਨੂੰ ਕਮਜੋਰ ਕਰ ਰਹੀਆਂ ਹਨ। ਆਪਾਂ ਸਾਰੇ ਸਿਰਫ ਇਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਾਂ। ਇਸ ਸਮੇਂ ਜੋ ਗਿਆਰਵੇਂ ਜਾਮੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਜੋਤ ਵਰਤ ਰਹੀ ਹੈ, ਏਨਾਂ ਦਾ ਹੀ ਸਾਰੇ ਸੰਸਾਰ ਵਿਚ ਬੋਲਬਾਲਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਪ੍ਰਾਣੀ ਦਾ। ਸਾਰਾ ਸਿਖ ਪੰਥ ਗੁਰੁ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਕੱਠਾ ਹੋਣਾ ਚਾਹੀਦਾ ਹੈ ਤੇ ਏਨਾਂ ਤੋਂ ਹੀ ਅਗਵਾਈ ਲੈਣੀ ਚਾਹੀਦੀ ਹੈ ਅਤੇ ਹਰ ਇਕ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਪ੍ਰਸਤੀ ਕਬੂਲਣੀ ਚਾਹੀਦੀ ਹੈ। ਬਾਬਾ ਜੀ ਨੇ ਗੁਰਬਾਣੀ ਦੀਆਂ ਪੰਕਤੀਆਂ

"ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ"

ਉਚਾਰਦਿਆਂ ਕਿਹਾ ਕਿ ਹਰ ਇਕ ਪੰਥਕ ਮਸਲਾ ਆਪਾਂ ਨੂੰ ਬੈਠ ਕੇ ਪ੍ਰੇਮ ਨਾਲ ਵਿਚਾਰਨਾ ਚਾਹੀਦਾ ਹੈ ਜਿੰਨੀ ਤਾਕਤ ਅੱਜ ਆਪਾਂ ਇਕ ਦੂਜੇ ਦੀ ਵਿਰੋਧਤਾ ਕਰਨ ਵਿਚ ਨਸ਼ਟ ਕਰ ਰਹੇ ਹਾਂ ਜੇ ਇਹ ਸਾਰੀ ਤਾਕਤ ਇਕੱਠੀ ਹੋ ਜਾਵੇ ਤਾਂ ਖਾਲਸਾ ਪੰਥ ਸਾਰੇ ਸੰਸਾਰ ਵਿਚ ਸੂਰਜ ਵਾਂਗ ਚਮਕੇਗਾ। ਅੱਜ ਮੁਸਲਮਾਨਾਂ ਵਿਚ 70 ਫਿਰਕੇ ਬਣ ਚੁੱਕੇ ਹਨ ਤੇ ਆਪਸ ਵਿਚ ਲੜ ਕੇ ਆਪਣਾ ਹੀ ਨੁਕਸਾਨ ਕਰ ਰਹੇ ਹਨ। ਅੱਜ ਆਪਾਂ ਨੂੰ ਸੁਚੇਤ ਹੋਣ ਦੀ ਲੋੜ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰੇਮ ਤੇ ਪਰਮਾਤਮਾ ਵਿਚ ਸਮਾਈ ਦਾ ਸੁਨੇਹਾ ਹਰ ਮਨੁੱਖ ਤੱਕ ਪਹੁੰਚਾਉਣ ਦਾ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ।

ਇਹਨਾਂ ਇਤਿਹਾਸਿਕ ਪਲਾਂ ਮੌਕੇ ਸਿਖ ਪੰਥ ਨੂੰ ਵਧਾਈਆਂ ਦੇਣ ਵਾਸਤੇ ਉਚੇਚੇ ਤੌਰ ਤੇ ਇੰਗਲੈਂਡ, ਜਰਮਨੀ, ਇਟਲੀ, ਫਰਾਂਸ, ਇੰਡੀਆ,ਬੋਲੀਵੀਆ ਅਤੇ ਸਾਰੇ ਅਮਰੀਕਾ ਤੇ ਕਨੇਡਾ ਵਿਚੋਂ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ।

ਵਿਸ਼ੇਸ਼ ਤੌਰ ਤੇ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸਿੰਘ ਸਾਹਿਬ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਇਸ ਸਮਾਗਮ ਵਿਚ ਹਾਜ਼ਰੀ ਭਰਨ ਲਈ ਪਹੁੰਚੇ। ਉਨ੍ਹਾਂ ਦੀ ਨਿਊਯਾਰਕ ਵਾਪਸੀ ਫਲਾਈਟ ਹੋਣ ਕਰਕੇ ਉਨ੍ਹਾਂ ਨੂੰ ਜਲਦੀ ਜਾਣਾ ਪਿਆ। ਪਰ ਉਨ੍ਹਾਂ ਆਪਣੇ ਵੀਚਾਰ ਟੇਪ ਕਰਵਾਉਂਦੇ ਹੋਏ ਕਿਹਾ ਇਹ ਜੋ ਸਿਖ ਪੰਥ ਨੂੰ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਇਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਥੋੜੀ ਹੈ। ਉਨ੍ਹਾਂ ਇਸ ਪਹਿਲਕਦਮੀ ਲਈ ਬਾਬਾ ਜੀ ਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਬੁਲੰਦਪੁਰੀ ਸਥਾਨ ਪਹਿਲਾ ਤੋਂ ਹੀ ਅਕਾਲ ਤਖਤ ਨੂੰ ਸਮਰਪਤ ਰਿਹਾਂ ਹੈ,ਇਥੋ ਸਾਰੇ ਸੰਸਾਰ ਵਿਚ ਬੇਅੰਤ ਪ੍ਰਾਣੀ ਖੰਡੇਬਾਟੇ ਦੀ ਪਹੁਲ ਲੈ ਕੇ ਗੁਰਚਰਨਾਂ ਨਾਲ ਜੁੜ ਚੁਕੇ ਹਨ।ਉਨ੍ਹਾਂ ਸਾਰੇ ਸਿਖ ਪੰਥ ਨੂੰ ਕਿਹਾ ਕਿ ਇਸ ਕਾਰਜ ਤੋਂ ਸੇਧ ਲੈ ਕੇ ਸਾਰੇ ਇਕ ਨਿਸ਼ਾਨ ਥੱਲੇ ਇਕੱਠੇ ਹੋਈਏ।

ਇਸ ਮੌਕੇ ਗਿਆਨੀ ਸੁਖਜਿੰਦਰ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਗਿਆਨੀ ਰਣਜੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਬੰਗਲਾ ਸਾਹਿਬ, ਦਿੱਲੀ ਤੋਂ, ਪ੍ਰਸਿੱਧ ਕਥਾ ਵਾਚਕ ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ ਤੇ ਉਨਟੈਰੀਓ ਦੇ ਸਾਰੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇ-ਟੀਆਂ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ ਤੇ ਇਸ ਵਡਮੁੱਲੇ ਤੇ ਵਿਲੱਖਣ ਕਾਰਜ ਦੀ ਪਹਿਲ ਕਦਮੀ ਲਈ ਬਾਬਾ ਜੀ ਤੇ ਸਮੂਹ ਸੰਗਤਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਸਾਰੇ ਖਾਲਸਾ ਪੰਥ ਨੂੰ ਵਧਾਈਆਂ ਦਿੱਤੀਆਂ।

# ਪੰਜਾਬੀ ਸਾਹਿਤ ਸਭਾ (ਕੈਲੇਫੋਰਨੀਆ) ਦੀ ਮੀਟਿੰਗ ਅਤੇ ਕਿਤਾਬ ਰਿਲੀਜ਼ ਸਮਾਰੋਹ













**ਯੂਬਾ ਸਿਟੀ-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਤਾਜ ਰੈਸਟੋਰੈਂਟ ਯੂਬਾ ਸਿਟੀ ਵਿਚ ਇਕ ਸਾਹਿਤਕ ਇਕੱਤਰਤਾ ਦੌਰਾਨ ਸਭਾ ਦੇ ਮੁੱਢਲੇ ਮੈਂਬਰ ਸਵਰਗੀ ਸ: ਗੁਰਚਰਨ ਸਿੰਘ ਜ਼ਖਮੀ ਜੀ ਦੀ ਕਿਤਾਬ ਜੋ ਸਭਾ ਵੱਲੋਂ ਪ੍ਰਕਾਸ਼ਿਤ ਕਰਵਾਈ ਗਈ, 'ਕਾਲੇ ਪਾਣੀਆਂ ਤੋਂ ਕਲਮ ਤੱਕ' ਲੋਕ ਅਰਪਿਤ ਕੀਤੀ ਗਈ। ਕਿਤਾਬ ਨੂੰ ਰਿਲੀਜ਼ ਭਾਸ਼ਾ ਵਿਭਾਗ ਪਟਿਆਲਾ ਤੋਂ ਪਹੁੰਚੇ ਅਸਿਸਟੈਂਟ ਪ੍ਰੋ: ਮੋਹਨ ਤਿਆਗੀ, ਜੋ ਇਸ ਕਿਤਾਬ ਦੇ ਸਹਿ-ਸੰਪਾਦਕ ਵੀ ਹਨ, ਦੁਆਰਾ ਜ਼ਖਮੀ ਜੀ ਦੇ ਪਰਿਵਾਰਕ ਮੈਂਬਰਾਂ ਅਤੇ ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ ਕਮੇਟੀ ਅਤੇ ਮੈਂਬਰਾਂ ਵੱਲੋਂ ਕੀਤਾ ਗਿਆ। ਸਟੇਜ ਸੰਚਾਲਕ, ਸਕੱਤਰ ਜੋਤੀ ਸਿੰਘ ਵੱਲੋਂ ਪ੍ਰਧਾਨਗੀ ਮੰਡਲ ਤੇ ਪ੍ਰਧਾਨ ਦਿਲ ਨਿੱਜਰ, ਪ੍ਰੋ. ਮੋਹਨ ਤਿਆਗੀ, ਸੁਰਿੰਦਰ ਸਿੰਘ ਸੀਰਤ, ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਅਤੇ ਹਰਬੰਸ ਸਿੰਘ ਸਰਾਂ ਨੂੰ ਸੁਸ਼ੋਭਿਤ ਹੋਣ ਉਪਰੰਤ ਪ੍ਰਧਾਨ ਦਿਲ ਨਿੱਜਰ ਨੂੰ ਸਭਾ ਦੀ ਕਾਰਵਾਈ ਸ਼ੁਰੂ ਕਰਨ ਲਈ ਅਤੇ ਆਏ ਮਹਿਮਾਨਾਂ ਦਾ ਸੁਆਗਤ ਕਰਨ ਲਈ ਸਟੇਜ ਤੇ ਸੱਦਾ ਦਿੰਤਾ। ਮਹਿਮਾਨਾਂ ਦਾ ਸੁਆਗਤ ਕਰਨ ਲਈ ਸਟੇਜ ਤੇ ਸੱਦਾ ਦਿੱਤਾ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਯੂਬਾ ਸਿਟੀ/ ਸੈਕਰਾਮੈਂਟੋ ਇਕਾਈ ਦੇ ਅਗਲੇ ਦੋ ਸਾਲ ਭਾਵ 2015-2017 ਤੱਕ ਦੇ ਸਮੇਂ ਲਈ ਪ੍ਰਧਾਨ ਬਣਨ ਤੇ ਦਿਲ ਨਿੱਜਰ ਨੇ, ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਪ੍ਰੋ: ਮੋਹਨ ਤਿਆਗੀ ਅਤੇ ਸਮੂਹ ਹਾਜਰ ਸਾਹਿਤਕਾਰਾਂ ਦਾ ਸੁਆਗਤ ਕਰਦਿਆਂ, ਸਭਾ ਦੀ ਅਗਲੇ ਦੋ ਸਾਲ ਲਈ ਚੁਣੀ ਗਈ ਕਾਰਜਕਾਰਨੀ ਕਮੇਟੀ ਦਾ ਤੁਆਰੁੱਫ ਕਰਾਇਆ। ਉਪਰੰਤ ਮਰਹੂਮ ਕਵੀ ਸ: ਗੁਰਚਰਨ ਸਿੰਘ ਜ਼ਖਮੀ ਜੀ ਦੇ ਰਿਸ਼ਤੇਦਾਰ ਸ: ਹਰਬੰਸ ਸਿੰਘ ਸਰਾਂ ਨੇ ਜ਼ਖਮੀ ਜੀ ਦੇ ਸੰਘਰਸ਼ਮਈ ਅਤੇ ਆਜ਼ਾਦੀ ਘੁਲਾਟੀਏ ਜੀਵਨ ਬਾਰੇ ਸੰਖੇਪ ਚਾਨਣਾ ਪਾਇਆ। ਉਪਰੰਤ ਹਰਬੰਸ ਸਿੰਘ ਜਗਿਆਸੂ, ਮਨਜੀਤ ਕੌਰ ਸੇਖੋਂ, ਚਰਨ ਸਿੰਘ ਜੱਜ, ਨੀਲਮ ਸੈਣੀ, ਰਵਿੰਦਰ ਸਿੰਘ ਅਟਵਾਲ, ਮਹਿੰਦਰ ਸਿੰਘ ਘੱਗ ਅਤ ਜ਼ਖਮੀ ਜੀ ਦੇ ਪੋਤਰੇ ਦਿਲਸ਼ਾਦ ਧਾਲੀਵਾਲ ਨੇ ਆਪੋ-ਆਪਣੇ ਵਿਚਾਰਾਂ ਨਾਲ ਜ਼ਖਮੀ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਅਤੇ ਜ਼ਖਮੀ ਜੀ ਦੇ ਪੰਜਾਬੀ ਸਾਹਿਤ ਸਭਾ ਨਾਲ ਸਬੰਧਾਂ ਬਾਰੇ ਗੱਲਬਾਤ ਕੀਤੀ। ਉਪਰੰਤ ਜ਼ਖਮੀ ਜੀ ਦੀ ਕਿਤਾਬ 'ਕਾਲੇ ਪਾਣ-ੀਆਂ ਤੋਂ ਕਲਮ ਤੱਕ' ਅਤੇ ਕਮਲ ਬੰਗਾ ਦੀਆਂ ਦੋ ਕਿਤਾਬਾਂ 'ਚੰਦ ਦੇ ਟੁਕੜੇ' ਅਤੇ 'ਮੁਸਾਫਿਰ ਸੱਚ ਦਾ' ਲੋਕ ਅਰਪਿਤ ਕਰਨ ਅਤੇ ਫੋਟੋ ਸੈਸ਼ਨ ਕਰਨ ਤੋਂ ਬਾਅਦ ਲੰਚ ਬਰੇਕ ਕੀਤਾ ਗਿਆ।



ਸ੍ਰੀ ਗੁਰੂ ਰਵਿਦਾਸਅ ਟੈਂਪਲ ਯੂਬਾ ਸਿਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਪ੍ਰਬੰਧਕ ਕਮੇਟੀ ਅਤੇ ਸੰਗਤਾਂ ਡਾ. ਮੋਹਨ ਤਿਆਗੀ ਅਤੇ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਦੇਸ਼ ਦੁਆਬਾ' ਦਾ ਸਿਰੋਪੇ ਨਾਲ ਸਨਮਾਨ ਕਰਦੇ ਹੋਏ।

ਸਭਾ ਦੇ ਦੂਜੇ ਸੈਸ਼ਨ ਵਿਚ ਕਵੀ ਦਰਬਾਰ ਦਾ ਆਗਾਜ਼ ਜੀਵਨ ਰੱਤੂ ਦੇ ਗੀਤ ਨਾਲ ਮਨਜੀਤ ਕੌਰ ਸੇਖੋਂ ਜੀ ਨੇ ਸਟੇਜ ਸੰਭਾਲਦਿਆਂ ਕੀਤਾ। ਛੋਟੀ ਬੱਚੀ ਖੁਸ਼ੀ ਰੱਤੂ ਨੇ ਵੀ ਆਪਣੀ ਮਿੱਠੀ ਆਵਾਜ਼ ਵਿਚ ਕਵਿਤਾ ਪੜ੍ਹੀ। ਉਪਰੰਤ ਕਵੀਆਂ ਕ੍ਰਮਵਾਰ ਮੇਜਰ ਭੁਪਿੰਦਰ ਦਲੇਰ, ਨੀਲਮ ਸੈਣੀ, ਤਾਰਾ ਸਾਗਰ, ਪ੍ਰਿੰ: ਹਜ਼ੂਰਾ ਸਿੰਘ, ਹਰਭਜਨ ਢਿੱਲੋਂ, ਪ੍ਰਮਿੰਦਰ ਰਾਏ, ਇੰਦਰਜੀਤ ਗਰੇਵਾਲ, ਰਾਠੇਸ਼ਵਰ ਸੂਰਾਪੁਰੀ, ਕਮਲ ਬੰਗਾ, ਮੱਖਣ ਲੁਹਾਰ, ਇਕਵਿੰਦਰ ਸਿੰਘ ਢੱਟ, ਮਹਿੰਦਰ ਸਿੰਘ ਘੱਗ, ਗੁਰਬਚਨ ਚੋਪੜਾ, ਰਮੇਸ਼ ਬੰਗੜ, ਚਰਨ ਜੱਜ, ਦਿਆਲ ਰਾਮ ਨਰ, ਜਗਜੀਤ ਸਿੰਘ ਵਿਰਕ, ਮੱਖਣ ਸਿੰਘ, ਹਰਬੰਸ ਜਗਿਆਸੂ, ਸੁਖਦੇਵ ਸਿੰਘ ਢਿੱਲੋਂ, ਪ੍ਰੋ. ਮੋਹਨ ਤਿਆਗੀ ਅਤੇ ਅੰਤ ਵਿਚ ਦਿਲ ਨਿੱਜਰ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਮੀਡੀਆ ਤੋਂ 'ਦੇਸ਼-ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ 'ਪੰਜਾਬ ਮੇਲ' ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ 'ਖੁਸ਼ਬੂ ਪੰਜਾਬ ਦੀ' ਮੈਗਜ਼ੀਨ ਦੇ ਸੰਪਾਦਕ ਇੰਦਰਜੀਤ ਸਿੰਘ ਰੰਧਾਵਾ ਵੀ ਪਹੁੰਚੇ। ਸਵਰਗੀ ਗੁਰਚਰਨ ਸਿੰਘ ਜ਼ਖਮੀ ਜੀ ਦੇ ਪੋਤਾ ਦਿਲਸ਼ਾਦ ਧਾਲੀਵਾਲ ਵੱਲੋਂ ਸਮਾਗਮ ਦੀ ਵੀਡੀਓ ਕਵਰੇਜ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਤੋਂ ਅੰਤ ਵਿਚ ਦਿਲਵੀਰ ਦਿਲ ਨਿੱਜਰ ਨੇ ਸਾਰੇ ਹਾਜ਼ਰ ਕਵੀਆਂ, ਸਾਹਿਤਕਾਰਾਂ ਅਤੇ ਸਰੋਤਿਆਂ ਦਾ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਨਾਲ ਜੁੜਨ ਲਈ ਹਰੇਕ ਪੰਜਾਬ ਅਤੇ ਪੰਜਾਬੀ ਹਿਤੈਸ਼ੀ ਨੂੰ ਬੇਨਤੀ ਕੀਤੀ ਜਾਂਦੀ ਹੈ। ਕਿਸੇ ਵੀ ਜਾਣਕਾਰੀ ਲਈ ਪ੍ਰਧਾਨ ਦਿਲ ਨਿੱਜਰ ਨਾਲ 916-628-2210 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾ.ਮੋਹਨ ਤਿਆਗੀ ਨੂੰ ਬਾਜ਼ੀਗਰ ਬੰਜਾਰਾ ਐਸੋਸੀਏਸ਼ਨ ਕੈਲੀਫੋਰਨੀਆ ਵੱਲੋਂ ਵਸੰਤ ਰਾਓ ਨਾਇਕ ਯਾਦਗਾਰੀ ਐਵਾਰਡ ਪ੍ਰਦਾਨ





**ਸੈਨਹੋਜ਼ੇ-** ਬਾਜ਼ੀਗਰ ਬੰਜਾਰਾ ਐਸੋਸੀਏਸ਼ਨ, ਕੈਲੀਫੋਰਨੀਆ ਵੱਲੋਂ ਹਰੀ ਕ੍ਰਾਂਤੀ ਦੇ ਜਨਮਦਾਤਾ ਅਤੇ ਮਹਾਰਾਸ਼ਟਰ ਦੇ ਗਿਆਰਾਂ ਸਾਲ ਤੱਕ ਮੁੱਖ ਮੰਤਰੀ ਰਹਿਣ ਵਾਲੇ ਬੰਜਾਰਾ ਕਬੀਲੇ ਦੇ ਮਹਾਂਨਾਇਕ ਸਵ. ਸ਼੍ਰੀ ਵਸੰਤ ਰਾਓ ਜੀ ਨਾਇਕ ਦਾ 102ਵਾਂ ਜਨਮ ਦਿਨ ਸੰਨੀਵੇਲ ਦੇ ਸਨੇਹਾ ਇੰਡੀਅਨ ਰੈਸਟੋਰੈਂਟ ਵਿਖੇ ਬੜੀ ਧੂੰਮਧਾਮ ਨਾਲ ਮਨਾਇਆ ਗਿਆ। ਡਾ. ਮੋਹਨ ਤਿਆਗੀ (ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਸ਼੍ਰੀ ਪੀਟਰ ਤਾਲ ਧਰਮਸੋਤ (ਉਘੇ ਬਿਜ਼ਨਸਮੈਨ ਨਿਊਯਾਰਕ), ਸ਼੍ਰੀ ਧਰਮ ਪਾਲ ਧਰਮਸੋਤ (ਉਘੇ ਬਿਜਨਸਮੈਨ ਨਿਊਜਰਸੀ), ਸ. ਅਰਸ਼ਦੀਪ ਸਿੰਘ ਗਿੱਲ (ਡੀ. ਐਸ. ਪੀ. ਨਾਭਾ), ਸ. ਸਵਰਨ ਸਿੰਘ ਬਿਲਿੰਗ (ਉਘੇ ਟਰਾਂਸਪੋਰਟਰ), ਸ਼੍ਰੀ ਸੁੱਚਾ ਰਾਮ ਭਾਰਟਾ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ।

ਸਮਾਰੋਹ ਦਾ ਮੁੱਖ ਆਕਰਸ਼ਣ ਡਾ. ਮੋਹਨ ਤਿਆਗੀ ਨੂੰ ਬਾਜ਼ੀਗਰ-ਬੰਜਾਰਾ ਐਸੋਸੀਏਸ਼ਨ ਵੱਲੋਂ ਵਸੰਤ ਰਾਓ ਨਾਇਕ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਡਾ. ਮੋਹਨ ਤਿਆਗੀ ਨੂੰ ਇਹ ਐਵਾਰਡ ਉਹਨਾਂ ਵੱਲੋਂ ਲਿਖੀ ਗਈ ਬਹੁ-ਚਰਚਿਤ ਪੁਸਤਕ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਲਈ ਦਿੱਤਾ ਗਿਆ। ਡਾ. ਮੋਹਨ ਤਿਆਗੀ ਨੇ ਇਸ ਮੌਕੇ ਆਪਣਾ ਪਰਚਾ 'ਲੋਕ-ਪੱਖੀ ਰਾਜਨੀਤੀ ਦਾ ਸਿੰਬਲ- ਸ਼੍ਰੀ ਵਸੰਤ ਰਾਓ ਨਾਇਕ' ਪੜ੍ਹਿਆ ਅਤੇ ਬਾਜ਼ੀਗਰ-ਬੰਜਾਰਾ ਕਬੀਲੇ ਦੇ ਸਭਿਆਚਾਰ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦਿੱਤੀ। ਇਸ ਸਮਾਗਮ ਵਿਚ ਸਰਵ ਸ਼੍ਰੀ ਜਸਪਾਲ ਸੈਣੀ, ਅਨਿਲ ਕੁਮਾਰ, ਤਾਰਾ ਸਿੰਘ ਸਾਗਰ, ਚਰਨਜੀਤ ਸਿੰਘ ਪੰਨੂ, ਜਵਾਲਾ ਸਿੰਘ ਮੁਛਾਲ ਅਤੇ ਅਸ਼ੋਕ ਭੌਰਾ ਨੇ ਵੀ ਸੰਬੋਧਨ ਕੀਤਾ।

ਸਮਾਰੋਹ ਵਿਚ ਮਨਦੀਪ ਸਿੰਘ ਧਰਮਸੋਤ, ਦੇਸ ਰਾਜ ਧਰਮਸੋਤ, ਵਾਸੂ ਸਿੰਘ ਮੁਛਾਲ, ਪ੍ਰੇਮ ਲਾਲਕਾ, ਬਿੰਦਰ ਤਾਲ ਧਰਮਸੋਤ, ਜੌਹਨ ਤਾਲ ਧਰਮਸੋਤ, ਬਲਦੇਵ ਤਾਲ ਧਰਮਸੋਤ, ਕਿਸ਼ਨ ਲਾਲ ਦੁਲੱਦੀ, ਰਵੀ ਕੁਮਾਰ ਮੁਛਾਲ, ਜਗਜੀਤ ਅਮਲੋਹ, ਸ਼੍ਰੀਮਤੀ ਪੀਲੋ ਰਾਣੀ ਧਰਮਸੋਤ, ਸ਼੍ਰੀਮਤੀ ਬਿਮਲਾ ਦੇਵੀ ਧਰਮਸੋਤ, ਸ਼੍ਰੀਮਤੀ ਚੰਨੋ ਰਾਣੀ ਧਰਮਸੋਤ, ਸ਼੍ਰੀਮਤੀ ਧੰਨੋ ਰਾਣੀ ਮੁਛਾਲ, ਸ਼੍ਰੀਮਤੀ ਗੋਲਡੀ ਰਾਣੀ ਧਰਮਸੋਤ, ਸ਼੍ਰੀ ਗੁਰਿੰਦਰ ਗੇਜੂ ਧਰਮਸੋਤ, ਸ਼੍ਰੀਮਤੀ ਦੁੰਮਣਾ ਰਾਣੀ ਅਮਲੋਹ, ਸ਼੍ਰੀਮਤੀ ਭੋਲਾਂ ਰਾਣੀ ਲਾਲਕਾ, ਸ਼੍ਰੀਮਤੀ ਮੀਨੂੰ ਤਾਲ ਧਰਮਸੋਤ, ਸ਼੍ਰੀਮਤੀ ਤਨੂੰ ਤਾਲ ਧਰਮਸੋਤ, ਸ਼੍ਰੀਮਤੀ ਕਿੱਟੀ ਤਾਲ ਧਰਮਸੋਤ, ਸ਼੍ਰੀਮਤੀ ਪੰਮੀ ਮੁਛਾਲ ਨੇ ਹਾਜ਼ਰੀ ਭਰੀ। ਮੰਚ ਸੰਚਾਲਨਾ ਬੰਜਾਰਾ ਟਾਈਮਜ਼ ਵੈਬਸਾਈਟ ਦੇ ਸੰਪਾਦਕ ਕਮਲ ਧਰਮਸੋਤ ਨੇ ਕੀਤੀ। ਉਹਨਾਂ ਨੇ 'ਦੇਸ਼ ਦੁਆਬਾ' ਅਖਬਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ, ਜਿਹਨਾਂ ਨੇ ਸਮਾਰੋਹ ਬਾਰੇ ਕਈ ਲੇਖ ਪ੍ਰਕਾਸ਼ਿਤ ਕੀਤੇ।

# ਅੱਜ ਵੀ ਸੰਗੀਨਾਂ ਦੇ ਸਾਏ ਵਿਚ ਜਿਉਂ ਰਹੇ ਹਨ ਮਿਰਚਪੁਰ ਦੇ ਲੋਕ

**ਹਿਸਾਰ-** ਹਰਿਆਣੇ ਦੇ ਹਿਸਾਰ ਜ਼ਿਲ੍ਹੇ ਦੇ ਮਿਰਚਪੁਰ ਪਿੰਡ ਦੀ ਦਲਿਤ ਬਸਤੀ ਅੱਜ ਵੀ ਸੀ. ਆਰ. ਪੀ. ਐਫ. ਦੇ ਸਾਏ ਵਿਚ ਰਹਿ ਰਹੀ ਹੈ। ਬਸਤੀ ਵਿਚ ਪ੍ਰਵੇਸ਼ ਕਰਦੇ ਹੀ ਸੀ. ਆਰ ਪੀ ਐਫ ਦਾ ਜਵਾਨ ਖੜ੍ਹਾ ਦਿਖਾਈ ਦਿੰਦਾ ਹੈ।

ਥੋੜ੍ਹੀ ਦੂਰ ਚਲਦੇ ਹਾਂ ਤਾਂ ਦੋ ਭਰਾਵਾਂ ਦਿਲਬਾਗ ਸਿੰਘ ਅਤੇ ਗੁਲਾਬ ਸਿੰਘ ਦੇ ਘਰ ਦੇ ਬਾਹਰ ਵੀ ਜਵਾਨ ਤਾਇਨਾਤ ਹਨ। ਪੰਜ ਸਾਲ ਪਹਿਲਾਂ ਇਹ ਦੋਵੇਂ ਭਰਾ ਆਪਣਾ ਘਰ ਛੱਡ ਚੁੱਕੇ ਹਨ। ਪੰਜ ਸਾਲ ਪਹਿਲਾਂ ਮਿਰਚਪੁਰ ਇਕ ਡਰਾਵਣੀ ਘਟਨਾ ਦਾ ਗਵਾਹ ਬਣਿਆ ਸੀ।

21 ਅਪ੍ਰੈਲ 2010 ਨੂੰ ਇਕ ਕੁੱਤੇ ਦੇ ਭੌਂਕਣ ਦੀ ਗੱਲ ਤੇ ਦੋ ਫਿਰਕਿਆਂ ਵਿਚ ਝਗੜਾ ਹੋਇਆ ਸੀ। ਗੱਲ ਇੰਨੀ ਵਧੀ ਸੀ ਕਿ ਜਾਟਾਂ ਨੇ ਦਲਿਤਾਂ ਦੀ ਪੂਰੀ ਬਸਤੀ ਹੀ ਅੱਗ ਦੇ ਹਵਾਲੇ ਕਰ ਦਿੱਤੀ ਸੀ। ਘਰ ਵਿਚ ਅੱਗ ਲਗਾ ਕੇ ਤਾਰਾ ਚੰਦ ਅਤੇ ਉਸਦੀ ਅੰਗਹੀਣ ਬੇਟੀ ਨੂੰ ਜਿੰਦਾ ਸਾੜ ਦਿੱਤਾ ਗਿਆ ਸੀ। ਖੌਫ ਦੀਆਂ ਇਹਨਾਂ ਤਸਵੀਰਾਂ ਨੂੰ ਦਲਿਤ ਫਿਰਕੇ ਦੇ ਲੋਕ ਅੱਜ ਤੱਕ ਭੁੱਲ ਨਹੀਂ ਸਕੇ ਹਨ। ਉਹ ਅੱਜ ਵੀ ਡਰ ਦੇ ਸਾਏ ਵਿਚ ਜਿਉਂ ਰਹੇ ਹਨ, ਪਰ ਜਾਟਾਂ ਨੂੰ ਨਫਰਤ ਦੇ ਮਾਮਲੇ ਵਿਚ ਉਹਨਾਂ 'ਚ ਦੁਚਿੱਤੀ ਹੈ।

ਕੁਝ ਦਾ ਵਿਚਾਰ ਹੈ ਕਿ ਜਾਟਾਂ ਨੂੰ ਇਕ ਮੌਕਾ ਦੇਣਾ ਚਾਹੀਦਾ ਹੈ ਜਦਕਿ ਕੁਝ ਦਾ ਵਿਚਾਰ ਹੈ ਕਿ ਪਿੰਡ ਵਿਚ ਜੇਕਰ ਸ਼ਾਂਤੀ ਦਿਖਾਈ ਦੇ ਰਹੀ ਹੈ ਤਾਂ ਉਹ ਸੀ ਆਰ ਪੀ ਐਫ ਦੀ ਤਾਇਨਾਤੀ ਕਾਰਨ ਹੈ ਕਿਉਂਕਿ 2011 ਤੋਂ ਪਿੰਡ ਨੂੰ ਕਿਲੇ ਵਿਚ ਬਦਲ ਦਿੱਤਾ ਗਿਆ ਹੈ। ਦਲਿਤ ਬਿਰਾਦਰੀ ਵਿਚ ਅਜਿਹੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜਿਹਨਾਂ ਨੂੰ ਜਾਟਾਂ ਤੇ ਬਿਲਕੁਲ ਵਿਸ਼ਵਾਸ ਨਹੀਂ ਹੈ। ਬੇਵਿਸਾਹੀ ਦਾ ਆਲਮ ਇਹ ਹੈ ਕਿ ਦਲਿਤ ਇਹ ਬਿਲਕੁਲ ਵੀ ਨਹੀਂ ਚਾਹੁੰਦੇ ਕਿ ਸੀ ਆਰ ਪੀ ਨੂੰ ਇੱਥੋਂ ਹਟਾਇਆ ਜਾਵੇ। ਉਥੇ ਹੀ ਜਾਟਾਂ ਨੂੰ ਆਪਣੇ ਖੇਤਾਂ ਵਿਚ ਜਾਣ ਦੇ ਲਈ ਪਿੰਡਾਂ ਦੇ ਚਾਰੇ ਪਾਸੇ ਦੇ ਰਸਤਿਆਂ ਦੀ ਜ਼ਰੂਰਤ ਪੈਂਦੀ ਹੈ, ਜਿਸ ਕਰਕੇ ਉਹ ਚਾਹੁੰਦੇ ਹਨ ਕਿ ਸੁਰੱਖਿਆ ਫੋਰਸ ਦੇ ਜਵਾਨਾਂ ਨੂੰ ਇੱਥੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

ਪਰ ਪੰਜ ਸਾਲਾਂ ਵਿਚ ਪੁਲ ਦੇ ਹੇਠਾਂ ਤੋਂ ਕਾਫੀ ਪਾਣੀ ਨਿਕਲ ਚੁੱਕਾ ਹੈ। ਸੜੇ ਹੋਏ ਘਰਾਂ ਦਾ ਮੁੜ ਨਿਰਮਾਣ ਹੋ ਚੁੱਕਾ ਹੈ। ਨੁਕਸਾਨ ਦੀ ਭਰਪਾਈ ਦੇ ਲਈ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਤਾਰਾਚੰਦ ਦੇ ਤਿੰਨੇ ਲੜਕਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾ ਚੁੱਕੀ ਹੈ ਅਤੇ ਉਹ ਆਪਣੀ ਡਿਊਟੀ ਕਰਨ ਸ਼ਹਿਰ ਜਾਂਦੇ ਹਨ। ਇਸਦੇ ਨਾਲ ਹੀ ਸਮਾਜਿਕ ਸੰਦਰਭ ਵਿਚ ਵੀ ਵੱਡੀ ਤਬਦੀਲੀ ਆਈ ਹੈ।

ਦਲਿਤਾਂ ਨੇ ਜਾਟਾਂ ਕੋਲ ਕੰਮ ਕਰਨਾ ਆਰੰਭ ਕਰ ਦਿੱਤਾ ਹੈ, ਇੰਨਾ ਹੀ ਨਹੀਂ ਜਾਟਾਂ ਨੇ ਵੀ ਦਲਿਤ ਲੜਕੀਆਂ ਦੇ ਵਿਆਹਾਂ ਵਿਚ ਕੰਨਿਆਦਾਨ ਦੇਣਾ ਆਰੰਭ ਕਰ ਦਿੱਤਾ ਹੈ। ਤਾਰਾ ਚੰਦ ਦੇ ਮੁਹੱਲੇ ਵਿਚ ਰਹਿਣ ਵਾਲੀ ਕੈਲੋ ਕਹਿੰਦੀ ਹੈ ਕਿ ਸਿਰਫ ਇਕ ਘਟਨਾ ਨਾਲ ਪਿੰਡ ਦੀ ਸ਼ਾਂਤੀ ਨੂੰ ਗ੍ਰਹਿਣ ਨਹੀਂ ਲੱਗਣਾ ਚਾਹੀਦਾ, ਪਰ ਸਾਡੇ ਵਿਚ ਅਨੇਕਾਂ ਸ਼ੰਕੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਲੱਗਦਾ ਹੈ ਕਿ ਜਾਟ ਸੀ ਆਰ ਪੀ ਦੇ ਡਰ ਕਾਰਨ ਹੀ ਉਹਨਾਂ ਦੇ ਨਾਲ ਠੀਕ ਰਹਿ ਰਹੇ ਹਨ। ਜੇਕਰ ਸੁਰੱਖਿਆ ਫੋਰਸ ਨੂੰ ਇੱਥੋਂ ਹਟਾਇਆ ਗਿਆ ਤਾਂ ਉਹਨਾਂ ਨੂੰ ਪਿੰਡ ਛੱਡਣਾ ਪੈ ਸਕਦਾ ਹੈ।

# ਪਹਿਲਵਾਨ ਹਰਭਜਨ ਸਿੰਘ ਭਜੀ ਦਾ ਵਰਲਡ ਪੁਲਿਸ ਕੁਸ਼ਤੀ ਵਿਚ ਦੂਜੀ ਪੁਜੀਸ਼ਨ ਪ੍ਰਾਪਤ ਕਰਨ ਤੇ ਸਨਮਾਨ



**ਫਰਿਜ਼ਨੋ-** ਪਿਛਲੇ ਦਿਨੀਂ ਫੇਅਰਫੈਕਸ (ਵਰਜੀਨੀਆ) ਵਿਖੇ ਹੋਈਆਂ ਵਰਲਡ ਪੁਲਿਸ ਖੇਡਾਂ ਵਿਚ 75 ਕਿਲੋਗ੍ਰਾਮ ਵਰਗ ਵਿਚ ਫਰੀਦਕੋਟ ਏਰੀਆ ਦੇ ਏ. ਐਸ. ਆਈ. ਹਰਭਜਨ ਸਿੰਘ ਭਜੀ ਵੱਲੋਂ ਦੂਜੀ ਪੁਜ਼ੀਸ਼ਨ ਹਾਸਲ ਕਰਨ ਉਤੇ ਉਹਨਾਂ ਦੇ ਜਾਣੂਆਂ ਵੱਲੋਂ ਇਕ ਸਨਮਾਨ ਸਮਾਰੋਹ ਅਤੇ ਡਿਨਰ ਦਾ ਆਯੋਜਨ ਫਰਿਜ਼ਨੋ ਵਿਖੇ 10 ਜੁਲਾਈ ਦੀ ਸ਼ਾਮ ਨੂੰ ਕੀਤਾ ਗਿਆ। ਇਸ ਮੌਕੇ ਬੋਲਦੇ ਹੋਏ ਸ. ਹਰਭਜਨ ਸਿੰਘ ਭਜੀ ਨੇ ਦੱਸਿਆ ਕਿ ਉਹਨਾਂ ਦਾ ਪੂਰਾ ਜੀਵਨ ਕੁਸ਼ਤੀ ਨੂੰ ਸਮਰਪਿਤ ਹੈ। ਉਹਨਾਂ ਵੱਲੋਂ ਬਾਬਾ ਸ਼ੇਖ ਫਰੀਦ ਕੁਸ਼ਤੀ ਅਖਾੜਾ ਧੂਰਕੋਟ ਰਣਸੀਂਹ ਚਲਾਇਆ ਜਾ ਰਿਹਾ ਹੈ, ਜਿਸ ਵਿਚ 60-70 ਕੁੜੀਆਂ ਨੂੰ ਕੁਸ਼ਤੀ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਸ. ਭਜੀ ਨੇ ਦੱਸਿਆ ਕਿ ਹੁਣ ਤੱਕ ਇਸ ਅਖਾੜੇ ਨਾਲ ਸਬੰਧਤ 25-30 ਕੁੜੀਆਂ ਨੈਸ਼ਨਲ ਗੇਮਜ਼ ਵਿਚ ਸ਼ਿਰਕਤ ਕਰ ਚੁੱਕੀਆਂ ਹਨ। ਸ. ਹਰਭਜਨ ਸਿੰਘ ਭਜੀ ਨੇ ਕਿਹਾ ਕਿ ਅਖਾੜੇ ਨੂੰ ਮਾਇਕ ਸਹਾਇਤਾ ਦੀ ਲੋੜ ਹੈ।

ਜੇ ਅਖਾੜਾ ਮਾਇਕ ਪੱਖੋਂ ਮਜ਼ਬੂਤ ਹੋਵੇਗਾ ਤਾਂ ਅਸੀਂ ਹੋਰ ਜ਼ਿਆਦਾ ਪ੍ਰਾਪਤੀਆਂ ਕਰ ਸਕਦੇ ਹਾਂ।

ਉਘੇ ਟਰਾਂਸਪੋਰਟਰ ਸ. ਸਵਰਨ ਸਿੰਘ ਬਿਲਿੰਗ ਨੇ ਆਖਿਆ ਕਿ ਮੈਂ ਸਕੂਨ ਸਮੇਂ ਤੋਂ ਹੀ ਸ. ਹਰਭਜਨ ਸਿੰਘ ਭਜੀ ਨੂੰ ਜਾਣਦਾ ਹਾਂ। ਮੇਰੇ ਪਿਤਾ ਜੀ ਵੀ ਭਲਵਾਨੀ ਨਾਲ ਜੁੜੇ ਹੋਏ ਸਨ ਤੇ ਕਈ ਵਾਰ ਸ: ਭਜੀ ਸਾਡੇ ਪਿੰਡ ਕੁਸ਼ਤੀ ਲੜਨ ਲਈ ਆਉਂਦਾ ਰਿਹਾ ਹੈ।

ਸ. ਬਿਲਿੰਗ ਨੇ ਕਿਹਾ ਕਿ ਸ: ਹਰਭਜਨ ਸਿੰਘ ਭਜੀ ਬਹੁਤ ਮਿਹਨਤੀ ਅਤੇ ਸਿਰੜੀ ਪਹਿਲਵਾਨ ਹੈ ਤੇ ਸਾਨੂੰ ਇਸਦੀ ਸਪੋਰਟ ਕਰਨੀ ਚਾਹੀਦੀ ਹੈ। ਇਸ ਮੌਕੇ ਉਤੇ ਕਾਲਾ ਫਰਿਜ਼ਨੋ ਜੋ ਕਿ ਤਾਜ ਆਫ ਇੰਡੀਆ ਰੈਸਟੋਰੈਂਟ ਫਰਿਜ਼ਨੋ ਦੇ ਮਾਲਕ ਹਨ, ਬਲਦੇਵ ਸਿੰਘ ਧਾਲੀਵਾਲ, ਨਵਦੀਪ ਸਿੰਘ ਧਾਲੀਵਾਲ, ਜਸਵੰਤ ਸਿੰਘ, ਜੈਲਾ ਧੂਰਕੋਟ, ਅਮਰਜੀਤ ਸਿੱਧੂ, ਜਸਪਾਲ ਸਿੰਘ ਧਾਲੀਵਾਲ, ਇਕੱਤਰ ਸੈਦੋਕੇ, ਜਸਵਿੰਦਰ ਪੰਜ ਗਰਾਈਂ, ਰਘਬੀਰ ਨੰਗਲ, ਕੁਲਵਿੰਦਰ ਮਰਾੜ, ਕਿੱਕਰਪਾਲ ਸਿੰਘ ਅਮੀਵਾਲ ਅਤੇ ਕੁਲਵਿੰਦਰ ਢਿੱਲੋਂ ਨੇ ਵੀ ਪਹਿਲਵਾਨ ਸ. ਹਰਭਜਨ ਸਿੰਘ ਭਜੀ ਨੂੰ ਵਰਲਡ ਪੁਲਿਸ ਗੇਮਜ਼ ਫੇਅਰਫੈਕਸ ਵਿਚੋਂ 75 ਕਿਲੋਗ੍ਰਾਮ ਵਿਚ ਦੂਜੀ ਪੁਜ਼ੀਸ਼ਨ ਹਾਸਲ ਕਰਨ ਉਤੇ ਵਧਾਈ ਦਿੱਤੀ।

ਸਮਾਗਮ ਦੀ ਸੰਚਾਲਨਾ ਪੱਤਰਕਾਰ ਕਮਲ ਧਰਮਸੋਤ ਨੇ ਬਾਖੂਬੀ ਕੀਤੀ।

# ਪਹਿਲਵਾਨ ਹਰਭਜਨ ਸਿੰਘ ਨੰਗਲ ਦਾ ਫਰਿਜ਼ਨੋ ਵਿਖੇ ਸਨਮਾਨ!

**ਫਰਿਜ਼ਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕਲਵੰਤ ਧਾਲੀਆਂ-** ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਫੇਅਰਫੈਕਸ ਵਿੱਚ ਦੁਨੀਆਂ ਪੱਧਰ ਦੇ ਪੁਲਿਸ ਜੁਆਨਾਂ ਦੇ ਕੁਸ਼ਤੀ ਮੁਕਾਬਲੇ ਕਰਵਾਏ ਗਏ ਸਨ, ਜਿਨ੍ਹਾਂ ਵਿੱਚ ਭਾਗ ਲੈਣ ਲਈ ਪੰਜਾਬ ਪੁਲਿਸ ਦੇ ਜਵਾਨ ਵੀ ਪਹੁੰਚੇ ਹੋਏ ਹਨ। ਇਹਨਾਂ ਪਹਿਲਵਾਨਾਂ ਵਿੱਚੋਂ ਹਰਭਜਨ ਸਿੰਘ ਨੇ 75 ਕਿਲੋ ਵਰਗ ਵਿੱਚ ਚਾਂਦੀ ਦਾ



ਤਗਮਾ ਹਾਸਲ ਕੀਤਾ, ਜਿਸ ਕਰਕੇ ਉਹਦੇ ਪਿੰਡ ਨੰਗਲ ਅਤੇ ਵਿਦੇਸ਼ਾ ਵਸਦੇ ਉਹਦੇ ਚਾਹੁਣ ਵਾਲਿਆ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ!

ਕੁਸਤੀ ਮੁਕਾਬਲਿਆ ਤੋਂ ਵਿਹਲੇ ਹੋਕੇ ਉਹ ਆਪਣੇ ਯਾਰਾ ਮਿਤਰਾ ਨੂੰ ਮਿਲਣ ਲਈ ਕੈਲੇਫੋਰਨੀਆਂ ਦੇ ਫਰਿਜ਼ਨੋਂ ਸ਼ਹਿਰ ਵਿਖੇ ਪਹੁੰਚੇ ਜਿਥੇ ਉਹਨਾਂ ਦੇ ਸਨਮਾਨ ਹਿੱਤ ਸਵਰਨ ਸਿੰਘ ਕਾਲੇ ਨੇ ਆਪਣੇ ਸਾਥੀ ਸੱਜਣਾ ਦੇ ਸਹਿਯੋਗ ਨਾਲ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਕਰਕੇ ਸੋਨੇ ਦੀ ਮੁੰਦਰੀ ਅਤੇ ਸਨਮਾਨ ਚਿੰਨ ਭੇਟ ਕਰਕੇ ਉਹਨਾਂ ਦਾ ਸਨਮਾਨ ਕੀਤਾ ਗਿਆ ।

ਇਸ ਮੌਕੇ ਜਸਪਾਲ ਸਿੰਘ ਧਾਲੀਵਾਲ, ਨਵਦੀਪ ਧਾਲੀਵਾਲ, ਬਲਦੇਵ ਧਾਲੀਵਾਲ, ਖੁਸ਼ ਧਾਲੀਵਾਲ, ਬਲਵਿੰਦਰ ਸਿੰਘ ਕੋਚ, ਹਾਕਮ ਸਿੰਘ ਢਿਲੋਂ, ਕੁਲਵਿੰਦਰ ਬੁਟਰ, ਟੋਨੀ ਧਾਲੀਵਾਲ, ਨੰਨੂ ਪੱਤੋ, ਰੰਮੀ ਧਾਲੀਵਾਲ, ਜੈਲਾ ਧੂੜਕੋਟ ਅਤੇ ਅਮਰਜੀਤ ਦੌਧਰ ਆਦਿ ਸੱਜਣ ਮਜੂਦ ਸਨ।

ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਹਰਭਜਨ ਪੰਜਾਬ ਪੁਲਿਸ ਵਿੱਚ ਨੌਕਰੀ ਕਰਨ ਦੇ ਨਾਲ ਨਾਲ ਆਪਣੇ ਗੁਆਂਢੀ ਪਿੰਡ ਧੂੜਕੋਟ ਵਿੱਖੇ ਸਕੂਲ ਦੀਆਂ ਕੁੜੀਆਂ ਨੂੰ ਕੁਸ਼ਤੀ ਦੀ ਕੋਚਿੰਗ ਵੀ ਦਿੰਦਾ ਹੈ, ਜਿਸ ਕਰਕੇ ਇਹ ਕੁੜੀਆਂ ਵੱਡੇ ਮਾਰਕੇ ਮਾਰਨ ਵਿੱਚ ਸਫ਼ਲ ਹੋਈਆਂ ਹਨ। ਨਿਹਾਲ ਸਿੰਘ ਤਹਸੀਲ ਦੇ ਸਮੂਹ ਵਾਸੀ ਹਰਭਜਨ ਸਿੰਘ ਦੀ ਇਸ ਪ੍ਰਾਪਤੀ ਤੇ ਫਖ਼ਰ ਮਹਿਸੂਸ ਕਰ ਰਹੇ ਹਨ।

# ਮਹਿਫਲ ਸੱਚੇ ਵਿਚਾਰਾਂ ਦੀ

**ਪਰਮਜੀਤ ਸਿੰਘ ਸੇਖੋਂ (ਦਾਖਾ)**
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



246 - ਨਿਕੰਮਾ ਬੁਲਾਰਾ ਸਟੇਜ 'ਤੇ, ਨਿਕੰਮਾ ਸਿਪਾਹੀ ਜੰਗ ਵਿੱਚ, ਨਿਕੰਮਾ ਭਲਵਾਨ ਅਖਾੜੇ ਵਿੱਚ ਕੰਬਦੇ ਦੇਖੇ ਜਾ ਸਕਦੇ ਹਨ।

247- ਪਤੀ ਪਤਨੀ ਦਾ ਪਿਆਰ ਵਿਸ਼ਵਾਸ਼ ਕੱਚ ਦੀ ਨੀਂਹ ਉੱਤੇ ਖੜਾ ਹੁੰਦਾ ਹੈ।

248- ਆਦਮੀ ਦੀ ਸਭ ਤੋਂ ਵੱਡੀ ਜਾਇਦਾਦ ਹਮਦਰਦ ਪਤਨੀ ਹੁੰਦੀ ਹੈ।

249- ਪਤੀ ਪਤਨੀ ਦੇ ਸਬੰਧ ਇਕ ਬਹੁ ਮੰਜ਼ਿਲ ਇਮਾਰਤ ਦੀ ਤਰ੍ਹਾਂ ਹੁੰਦੇ ਹਨ।

250- ਔਰਤ ਦਾ ਵੀ ਤੁਹਾਡੇ 'ਤੇ ਉਤਨਾ ਹੀ ਹੱਕ ਹੈ, ਜਿਤਨਾ ਕਿ ਤੁਹਾਡਾ ਔਰਤ ਉੱਪਰ।

251- ਔਰਤ ਦਾ ਪਿਆਰ ਸ਼ੀਸ਼ੇ ਦੀ ਤਰਾਂ ਹੁੰਦਾ ਹੈ ਅਤੇ ਮਰਦ ਦਾ ਗੁੱਸਾ ਲੌਹਾਰ ਦੇ ਹਥੌੜੇ ਵਰਗਾ।

252- ਔਰਤ ਤਿੰਨ ਪਪਿਆਂ ਦੀ ਗੁਲਾਮ ਹੈ, ਪਿਤਾ-ਪਤੀ-ਪੁੱਤਰ।

253- ਹਰ ਕਾਮਯਾਬ ਮਰਦ ਦੇ ਪਿਛੇ ਔਰਤ ਦਾ ਸਹਿਯੋਗ ਜ਼ਰੂਰ ਹੁੰਦਾ ਹੈ।

254- ਔਰਤ ਘਰ ਦੇ ਬਗੀਚੇ ਦਾ ਇਕ ਖੂਬਸੂਰਤ ਫੁੱਲ ਹੈ

255- ਔਰਤ ਦਿਲੋਂ ਜਾਂ ਤਾਂ ਸਤਿਕਾਰ ਕਰਦੀ ਹੈ ਜਾਂ ਫਿਰ ਨਫਰਤ ਹੋਰ ਕੁਤੱਝ ਨਹੀਂ।

256- ਮਰਦ ਜਿਹੋ ਜਿਹਾ ਵੀ ਹੈ ਪਰ ਹੈ ਤਾਂ ਔਰਤ ਦੀ ਸੰਤਾਨ।

257- ਗਰੀਬ ਅਤੇ ਕਮਜ਼ੋਰ ਦੀ ਢਾਲ ਬਣੋ।

258- ਅਜਿਹੀ ਮੁਹਬਤ ਦਾ ਕੀ ਫਾਇਦਾ ਜਿਸ ਵਿੱਚ ਮਰਿਆ ਨਾ ਜਾਵੇ।

259- ਗਰੀਬ ਤੋਂ ਗਰੀਬ ਘਰ ਨੂੰ ਵੀ ਔਰਤ ਸਵਰਗ ਬਣਾ ਦਿੰਦੀ ਹੈ।

260- ਔਰਤ ਨੂੰ ਆਪਣੀ ਰੱਖਿਆ ਆਪ ਕਰਨ ਦੇ ਕਾਬਲ ਬਣਨਾ ਚਾਹੀਦਾ ਹੈ।

261- ਔਰਤ ਮਰਦ ਨਾਲੋਂ ਜ਼ਿਆਦਾ ਸਿਆਣੀ ਅਤੇ ਠੰਡੇ ਸੁਭਾਅ ਦੀ ਹੁੰਦੀ ਹੈ।

262- ਬਹੁਤੀਆਂ ਔਰਤਾਂ ਬਹਿਸ ਕਰਨ ਮੌਕੇ ਦਲੀਲ ਨਾ ਦੇ ਸਕਣ ਮਗਰੋਂ (ਚੰਗਾ) ਕਹਿ ਕੇ ਸਾਰ ਦਿੰਦੀਆਂ ਹਨ।

279- ਅਜਿਹੀ ਮੁਹਬਤ ਦੀ ਕੀ ਡੂੰਗਾਈ, ਜਿਸ ਵਿੱਚ ਰਲ ਕੇ ਹਸਿਆ ਜਾਂ ਰੋਇਆ ਨਾ ਜਾ ਸਕੇ।

263- ਔਰਤ ਮਾਂ ਹੈ ਤਾਂ ਇਹਦੇ ਪੈਰਾਂ ਥੱਲੇ ਸਵਰਗ ਹੈ।

264- ਔਰਤ ਅਗਰ ਘਰਵਾਲੀ ਹੈ ਤਾਂ ਉਹ ਆਪਣੇ ਮਰਦ ਦੇ ਸਿਰ ਦਾ ਤਾਜ ਹੈ।

265- ਔਰਤ ਅਗਰ ਬੇਟੀ ਹੈ ਤਾਂ ਉਹ ਘਰ ਦੀ ਸ਼ਾਨ ਹੈ।

266- ਸਿਆਣੀ ਔਰਤ (ਘਰੇਲੂ ਕੰਡਿਆਲੀ) ਵਾੜ ਨੂੰ ਫੁੱਲਾਂ ਦੇ ਬੂਟਿਆਂ ਵਿੱਚ ਬਦਲ ਸਕਦੀ ਹੈ।

267- ਔਰਤ ਦੀ ਕਾਮਯਾਬੀ ਉੱਪਰ ਹੀ ਧਰਮ ਸਮਾਜ ਸਭਿਆਚਾਰ 'ਤੇ ਸੰਘਰਸ਼ ਦੀ ਕਾਮਯਾਬੀ ਨਿਰਭਰ ਹੈ।

268- ਪ੍ਰੇਮੀਆਂ ਵਿਚਕਾਰ ਹਵਾ ਦੀ ਇਕ ਕੰਧ ਹੁੰਦੀ ਹੈ, ਜਿਸ ਵਿੱਚ ਬਹੁਤ ਸਾਰੀਆਂ ਅਫਵਾਹਾਂ ਘੁਲੀਆਂ ਮਿਲੀਆਂ ਹੁੰਦੀਆਂ ਹਨ।

269- ਸੰਚਾਰ ਸਾਧਨਾਂ ਦੀ ਹੋਈ ਇਨਕਲਾਬੀ ਕਾਢ ਨੇ ਅੱਜ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ।

270- ਪਤੀ ਪਤਨੀ ਨੂੰ ਜਿਨ੍ਹਾਂ ਇਕ ਦੂਜੇ 'ਤੇ ਵੱਧ ਵਿਸ਼ਵਾਸ਼ ਹੋਵੇਗਾ, ਉਨਾ ਹੀ ਦੋਵਾਂ ਵਿੱਚ ਵੱਧ ਪਿਆਰ ਹੋਵੇਗਾ।

271- ਹਰ ਕੁੜੀ ਦੀ ਇਹ ਤਮੰਨਾ ਹੁੰਦੀ ਹੈ ਕਿ ਉਸ ਦਾ ਪਤੀ ਸੋਹਣਾ ਸੁਨੱਖਾ ਤੇ ਚੰਗੇ ਪੈਸੇ ਵਾਲਾ ਹੋਵੇ।

272- ਔਰਤ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਦੀ ਪ੍ਰਵਾਹ 'ਤੇ ਪੁੱਛ ਪ੍ਰਤੀਤ ਕਰਨ ਵਾਲਾ ਹੋਵੇ।

273- ਮੁਹਬਤ ਵਿੱਚ ਭੋਲਾਪਣ ਅਤੇ ਅੱਲੜ੍ਹਪਣ, ਇਸ ਦੀਆਂ ਖੁਸ਼ੀਆਂ ਨੂੰ ਗੋਟਾ ਕਿਨਾਰੀ ਲਾ ਦਿੰਦੇ ਹਨ।

274- ਜਿੱਥੇ ਪਤਨੀ, ਪਤੀ ਦੀ ਇਜ਼ਤ ਕਰਦੀ ਹੈ, ਉਥੇ ਉਹ ਚਾਹੁੰਦੀ ਹੈ ਕਿ ਪਤੀ ਉਸ ਨਾਲ ਸਲੀਕੇ ਨਾਲ ਪੇਸ਼ ਆਵੇ।

275- ਔਰਤ ਤੋਂ ਬਿਨਾਂ ਮਰਦ ਅਧੂਰਾ ਹੈ।

276- ਔਰਤ ਦਾ ਕੋਈ ਵੈਰੀ ਨਹੀਂ, ਔਰਤ ਹੀ ਔਰਤ ਦੀ ਸਭ ਤੋਂ ਵੱਡੀ ਵੈਰੀ ਹੈ।

277- ਸੁੰਦਰ ਔਰਤ ਇਕ ਹੀਰਾ ਹੈ

278- ਪ੍ਰੇਮੀ ਅਕਸਰ ਝਾਕੇ ਅਤੇ ਦੁਚਿੱਤੀ ਦੇ ਸਮੁੰਦਰ ਵਿੱਚ ਗੋਤੇ ਖਾਂਦੇ ਰਹਿੰਦੇ ਹਨ।

279- ਨੇਕ ਔਰਤ ਇਕ ਖਜ਼ਾਨਾ ਹੈ।

280- ਬੱਚੇ ਹੀ ਔਰਤ ਰੂਪੀ ਮਾਂ ਦੀ ਦੁਨੀਆਂ ਹੁੰਦੇ ਹਨ।

281- ਬਹੂ ਤੋਂ ਬਿਨਾਂ ਪੁੱਤਰ ਦਾ ਵਜੂਦ ਅਧੂਰਾ ਹੈ।

282- ਔਰਤ ਦੇ ਚਾਰ ਰੂਪ ਹਨ, 1-ਮਾਂ 2-ਭੈਣ 3-ਘਰਵਾਲੀ 4-ਬੇਟੀ।

283- ਔਰਤ ਨੂੰ ਬੁਰੇ ਸ਼ਬਦ ਨਹੀਂ ਬੋਲਣੇ ਚਾਹੀਦੇ, ਇਹ ਹੀ ਸਭ ਦੀ ਜਣਨੀ ਹੈ।

284- ਬੱਚੇ ਹੀ ਔਰਤ ਰੂਪੀ ਮਾਂ ਦੀ ਦੁਨੀਆਂ ਹੁੰਦੇ ਹਨ।

284- ਬਹੂ ਤੋਂ ਬਿਨਾਂ ਪੁੱਤਰ ਦਾ ਵਜੂਦ ਅਧੂਰਾ ਹੈ।

285- ਔਰਤ ਦੇ ਚਾਰ ਰੂਪ ਹਨ, 1-ਮਾਂ 2-ਭੈਣ 3-ਘਰਵਾਲੀ 4-ਬੇਟੀ।

386- ਔਰਤ ਨੂੰ ਬੁਰੇ ਸ਼ਬਦ ਨਹੀਂ ਬੋਲਣੇ ਚਾਹੀਦੇ, ਇਹ ਹੀ ਸਭ ਦੀ ਜਣਨੀ ਹੈ।

287- ਘੋੜਿਆਂ ਨੂੰ ਰੇਸ ਦੀ, ਬੀਬੀਆਂ ਨੂੰ ਰੀਸ ਦੀ ਬਿਮਾਰੀ ਹੁੰਦੀ ਹੈ।

288- ਮਾਂ ਜਦੋਂ ਪੁੱਤ ਦੀ ਲਾਸ਼ ਕੋਲ ਬੈਠੀ ਹੋਵੇ, ਉਹ ਘੜੀ ਮਾਂ ਦੀ ਜ਼ਿੰਦਗੀ ਲਈ ਬੜੀ ਦੁਖਦਾਈ ਹੁੰਦੀ ਹੈ।

289- ਪਿਤਾ ਪਤੀ ਪੁੱਤਰ, ਦੀ ਗੁਲਾਮੀ ਦਾ ਲੰਮਾ ਪੈਂਡਾ ਤਹਿ ਕਰਦੀ ਹੋਈ ਔਰਤ ਅੰਤ ਨੂੰ ਕੇਵਲ ਮੌਤ ਦੇ ਹੱਥੋਂ ਹੀ ਆਜ਼ਾਦੀ ਪ੍ਰਾਪਤ ਕਰਦੀ ਹੈ।

290- ਵਰਤਮਾਨ ਅਕਸ-ਭੂਤ ਕਾਲ ਵਿਚੋਂ ਸਿਰਜਿਆ ਜਾਂਦਾ ਹੈ।

291- ਆਜ਼ਾਦੀ ਅਤੇ ਸਵੈਮਾਨ ਤੋਂ ਬਗੈਰ ਜੀਵਨ ਦੁੱਖਾਂ ਦਾ ਘਰ ਹੈ।

292- ਪਿਆਰੇ ਪਾਠਕੋ ਆਪਣੀ ਸਿੱਖ ਕੌਮ ਭਾਰਤੀਆਂ ਦੀ ਗੁਲਾਮ ਹੈ। ਆਜ਼ਾਦੀ ਲੈ ਕੇ ਆਜ਼ਾਦ ਹੋਣਾ ਹੈ।

293- ਹਿੰਦੁਸਤਾਨ ਵਿਚੋਂ ਸਮੂੰਹ ਘੱਟ ਗਿਣਤੀਆਂ ਨੂੰ ਖਤਮ ਕਰਨ ਲਈ, ਹਿੰਦੂਮਤ ਇਕ ਮੁੱਠ ਹੈ।

294- ਅਸਲੀ 'ਤੇ ਨਕਲੀ ਦੀ ਪਛਾਣ ਗਿਣਤੀਆਂ ਨਾਲ ਨਹੀਂ ਸਗੋਂ ਅਸੂਲਾਂ ਨਾਲ ਹੁੰਦੀ ਹੈ।

295- ਜਿਸ ਦੇ ਪੈਰ ਨਾ ਫਟੀ ਬਿਆਈ ਉਹ ਕੀ ਜਾਣੇ ਪੀੜ ਪਰਾਈ।

296- ਜੁੱਦਾ ਹੋ ਦੀਨ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

296- ਹਰ ਹਿਸਬ ਦਾਨ-ਨਿਊਟਨ, ਨਹੀਂ ਬਣ ਸਕਦਾ।

297- ਹਰ ਸਾਇੰਸਦਾਨ-ਬੋਸ ਨਹੀਂ ਬਣ ਸਕਦਾ।

298- ਹਰ ਕਈ-ਟੈਗੋਰ ਨਹੀਂ ਬਣ ਸਕਦਾ।

299- ਹਰ ਖਾੜਕੂ-ਸ਼ਹੀਦ ਨਹੀਂ ਬਣ ਸਕਦਾ।

300- ਹਰ ਕੋਈ ਮਾਲਾ ਫੇਰਨ ਵਾਲਾ-ਸੰਤ ਨਹੀਂ ਬਣ ਸਕਦਾ।

301- ਬੋਲਣ ਵਾਲੇ ਦੇ ਬੋਲਾਂ 'ਚ ਦਮ ਹੋਵੇ ਤਾਂ ਉਹ ਠੱਗਾਂ ਨੂੰ ਵੀ ਸਜਣ ਬਣਾ ਸਕਦਾ ਹੈ।

302- ਸੱਚੇ ਲੀਡਰ ਦੀ ਨਿਸ਼ਾਨੀ ਕਿ ਉਹ ਕੌਮ ਦੀ ਆਜ਼ਾਦੀ ਨੂੰ ਬਾਕੀ ਸਭ ਪੱਖਾਂ ਤੋਂ ਅੱਗੇ ਰੱਖਦਾ ਹੈ।

303- ਕੀ ਭਰੋਸਾ ਦਮ ਦਾ ਇਹ ਦੁਨੀਆ ਫਾਨੀ।

304- ਜੇ ਬੀਤੇ ਉਤੇ ਹੀ ਝੂਰਦੇ ਰਹੋਗੇ ਤਾਂ ਆਉਣ ਵਾਲਾ ਕੱਲ ਹੋਰ ਵੀ ਭਿਆਨਕ ਹੋਵੇਗਾ।

305- ਜਦ ਘਰ ਵਿੱਚ ਨਾ ਰਹੇ ਏਕਾ, ਭਾਈਆਂ ਵਿੱਚ ਪੈਜੇ ਪੇਚਾ ਤਾਂ ਸਮਝੋ ਘਰ ਦੀ ਬਰਬਾਦੀ ਹੈ।

306- ਪ੍ਰਦੇਸੀ ਫੁਲਾਂ ਵਿੱਚ ਖਸ਼ਬੂ ਘੱਟ ਹੀ ਹੁੰਦੀ ਹੈ।

307- ਇਹ ਸੰਸਾਰ ਹੈ ਇਕ ਚੱਕਰ, ਇਸ ਨੂੰ ਸਮਝਣਾ ਤੇ ਸਮਝਾਉਣਾ ਵੀ ਹੈ ਇਕ ਚੱਕਰ।

308- ਪਿਉ ਦੀ ਹੱਲਾ ਸ਼ੇਰੀ ਬੱਚਿਆਂ ਨੂੰ ਸ਼ੇਰ ਬਣਾ ਦੇਣ ਦੀ ਤਾਕਤ ਰੱਖਦੀ ਹੈ।

309- ਮਾਂ ਦੀ ਮਮਤਾ ਬੱਚਿਆਂ ਨੂੰ ਸੰਤ ਬਣਾ ਦੇਣ ਦੀ ਸਮਰਥਾ ਰੱਖਦੀ ਹੈ।

310- ਆਉਣ ਵਾਲੀਆਂ ਨਸਲਾਂ ਦੇ ਗਲ ਗੁਲਾਮੀ ਭਰਿਆ ਜੀਵਨ ਪਾਉਣ ਤੋਂ ਪਹਿਲਾਂ, ਆਜ਼ਾਦੀ ਲਈ ਲੜਦਿਆਂ ਹੋਇਆਂ ਮਰ ਜਾਣਾ ਬਿਹਤਰ ਹੈ।

311- ਕੌਮੀ ਆਜ਼ਾਦੀ ਦੇ ਸੰਘਰਸ਼ ਵਿੱਚ ਸੱਚੇ ਮੰਨੋ ਪਾਇਆ ਇੱਕ ਦਿਨ ਦਾ ਯੋਗਦਾਨ ਵੀ 25 ਸਾਲ ਦੀ ਤੱਪਸਿਆ ਦੇ ਬਰਾਬਰ ਹੈ।

312- ਗਦਾਰਾਂ ਦੇ ਘਰਾਂ 'ਚ ਪੱਕਣ ਵਾਲੇ ਛੱਤੀ ਪ੍ਰਕਾਰ ਦੇ ਭੋਜਨਾਂ ਤੋਂ ਵੱਧ ਸੂਰਮਿਆਂ ਦੇ ਘਰਾਂ ਵਿੱਚ ਪੱਕਣ ਵਾਲੇ ਰੁੱਖੇ ਮਿਸੇ ਭੋਜਨ ਸੁਆਦਲੇ ਸੁਖਦਾਇਕ ਆਨੰਦ ਦਾਇਕ ਹੁੰਦੇ ਹਨ।

313- ਗੁਲਾਮ ਲੋਕ ਜਿਤਨੇ ਮਰਜ਼ੀ ਸ਼ੀਸ਼ ਮਹਿਲਾਂ ਵਿੱਚ ਰਹਿੰਦੇ ਹੋਣ ਪਰ ਉਹ ਆਜ਼ਾਦ ਮੁਲਕਾਂ ਦੇ ਗਰੀਬ ਲੋਕਾਂ ਦੀਆਂ ਨਜ਼ਰਾਂ ਵਿੱਚ ਬੇ ਘਰੇ ਹੀ ਹੁੰਦੇ ਹਨ। ਇਹੀ ਹਾਲ ਅੱਜ ਦੇ ਸਿੱਖਾਂ ਦਾ ਹੈ।

314- ਜਿਸ ਤਰਾਂ ਆਪਾਂ ਰੱਬ ਕੋਲੋਂ ਮੰਗਦੇ ਹਾਂ, ਉਸੇ ਤਰਾਂ ਆਪਾਂ ਦੂਸਰਿਆਂ ਕੋਲ ਰੱਬ ਦੇ ਬੰਦੇ ਬਣ ਕੇ ਜਾਈਏ।

315- ਅਸਲੀ ਸਰਮਾਇਆ ਕਾਰੋਬਾਰ ਵਿੱਚ ਨਹੀਂ, ਤੁਹਾਡੀ ਔਲਾਦ ਵਿੱਚ ਹੈ।

***********

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ

ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

ਦੇਸ਼ ਦੁਆਬਾ

# ਜਾਤੀਆਂ ਦੀ ਰਾਜਨੀਤੀ

ਭਾਰਤੀ ਵਿਚ ਸਮਾਜਿਕ-ਆਰਥਿਕ ਅਤੇ ਜਾਤੀਵਾਦੀ ਜਨਗਣਨਾ 2011 ਦੀ ਜਿਸ ਉਤਸੁਕਤਾ ਨਾਲ ਉਡੀਕ ਸੀ, ਉਸਨੂੰ ਜਾਰੀ ਕੀਤੇ ਅੰਕੜਿਆਂ ਨੇ ਪੂਰਾ ਨਹੀਂ ਕੀਤਾ। ਭਾਰਤੀਆਂ ਨੂੰ ਆਪਣੀ ਬਦਹਾਲੀ ਦੇ ਅੰਕੜਿਆਂ ਵਿਚ ਉਨੀ ਦਿਲਚਸਪੀ ਨਹੀਂ ਸੀ, ਜਿੰਨੀ ਸਰਕਾਰ ਨੂੰ। ਲੋਕ ਇਹ ਜਾਣਨ ਲਈ ਜ਼ਿਆਦਾ ਉਤਸ਼ਾਹਿਤ ਸਨ ਕਿ ਅੱਜ ਜਨਸੰਖਿਆ ਵਿਚ ਹੋਰ ਪੱਛੜੇ ਵਰਗ, ਅਨੁਸੂਚਿਤ ਜਾਤੀਆਂ ਅਤੇ ਉਚ ਜਾਤੀਆਂ ਦਾ ਕੀ ਅਨੁਪਾਤ ਹੈ? ਇਹ ਸੂਚਨਾ 1931 ਦੀ ਜਨਗਣਨਾ ਵਿਚ ਆਖਰੀ ਵਾਰ ਦਿੱਤੀ ਗਈ ਸੀ, ਉਸ ਤੋਂ ਬਾਅਦ ਜਨਗਣਨਾ ਕਮਿਸ਼ਨ ਨੇ ਕੇਵਲ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀਆਂ ਦੀ ਹੀ ਗਣਨਾ ਕੀਤੀ। ਸਵਾਲ ਇਹ ਹੈ ਕਿ ਬਾਕੀ ਵਰਗਾਂ ਦੀ ਜਨਗਣਨਾ ਕਿਉਂ ਬੰਦ ਕੀਤੀ ਗਈ ਅਤੇ ਅੱਜ ਉਹਨਾਂ ਨੂੰ ਮੁੜ ਆਰੰਭ ਕਰਨ ਦੀ ਜ਼ਰੂਰਤ ਕੀ ਹੈ? ਜਾਤੀਵਾਦੀ ਜਨਗਣਨਾ ਬੰਦ ਕਰਵਾਉਣ ਦੇ ਬਹੁਤ ਸਾਰੇ ਕਾਰਨ ਸਨ ਜੋ ਗ੍ਰਹਿ ਮੰਤਰਾਲੇ ਦੇ ਦਸਤਾਵੇਜ਼ਾਂ ਵਿਚ ਉਪਲਬਧ ਹਨ ਅਤੇ ਨਹਿਰੂ ਤੋਂ ਲੈ ਕੇ ਰਾਜੀਵ ਗਾਂਧੀ, ਨਰਸਿਮ੍ਹਾ ਰਾਓ ਅਤੇ ਅਟਲ ਬਿਹਾਰੀ ਵਾਜਪਾਈ ਆਦਿ ਦੇ ਤਰਕਪੂਰਨ ਵਿਚਾਰਾਂ ਵਿਚ ਪਾਈ ਜਾਂਦੀ ਹੈ, ਪਰ ਉਸਨੂੰ ਦੁਬਾਰਾ ਆਰੰਭ ਕਰਵਾਉਣ ਦੇ ਪਿੱਛੇ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਦਾ ਕੀ ਇਰਾਦਾ ਸੀ? ਕੀ ਸਪਾ ਦੇ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਜਨਤਾ ਦਲ ਦੇ ਲਾਲੂ ਯਾਦਵ ਅਤੇ ਜਨਤਾ ਦਲ (ਯੂ) ਦੇ ਸ਼ਰਦ ਪਵਾਰ ਦਾ ਮਨਮੋਹਨ ਸਰਕਾਰ ਵਿਚ ਦਬਾਅ ਸੀ? ਕੀ ਜਾਤੀਆਂ ਦੇ ਅੰਕੜੇ ਇਸ ਕਰਕੇ ਮਹੱਤਵਪੂਰਨ ਹਨ ਕਿ ਜਾਤੀ ਆਧਾਰਿਤ ਵੋਟ ਬੈਂਕ ਦੀ ਰਾਜਨੀਤੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ? ਅੱਜ ਅਸੀਂ ਇੰਨੇ ਜਾਤੀ ਪ੍ਰਸਤ ਕਿਉਂ ਹੋ ਗਏ ਹਾਂ ਕਿ ਸਾਨੂੰ ਕੇਵਲ ਆਪਣੀ ਜਾਤੀ ਅਤੇ ਉਸਦੀ ਗਿਣਤੀ ਵਿਚ ਦਿਲਚਸਪੀ ਹੈ? ਭਾਰਤੀ ਸੰਵਿਧਾਨ ਇਕ ਮਿਸਾਲ ਹੈ, ਜੋ ਸਾਰਿਆਂ ਨੂੰ ਬਾਲਗ/ਬਰਾਬਰ ਵੋਟ ਦਾ ਅਧਿਕਾਰ ਦੇ ਕੇ ਇਹ ਯਕੀਨੀ ਕਰਦਾ ਹੈ ਕਿ ਸਮਾਜਿਕ ਗਿਣਤੀ ਦੇ ਸਹਾਰੇ ਨੂੰ ਰਾਜਨੀਤਿਕ ਤਾਕਤ ਦਾ ਹਥਿਆਰ ਬਣਾਇਆ ਜਾ ਸਕਦਾ ਹੈ। ਜੇਕਰ ਕੋਈ ਸਮਾਜਿਕ ਵਰਗ ਬਹੁਗਿਣਤੀ ਵਿਚ ਹੈ ਤਾਂ ਧਿਆਨ ਇਸ ਤੇ ਹੋਣਾ ਚਾਹੀਦਾ ਹੈ ਕਿ ਉਸ ਸਮਾਜਿਕ ਵਰਗ ਨੂੰ ਕਿਵੇਂ ਏਕਤਾ ਦੇ ਸੂਤਰ ਵਿਚ ਬੰਨ੍ਹਿਆ ਜਾਵੇ। ਕਿਵੇਂ ਉਸਨੂੰ ਸਮਾਜਿਕ ਪੱਧਰ ਤੇ ਉਚਾ ਚੁੱਕਿਆ ਜਾਵੇ? ਪਰ ਜਦੋਂ ਉਸ ਸਮਾਜਿਕ ਵਰਗ ਦੇ ਅੰਦਰ ਹੀ ਉਪਜਾਤੀਆਂ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ ਅਤੇ ਆਰਥਿਕ ਅਸਮਾਨਤਾਵਾਂ ਗੰਭੀਰ ਹੋ ਜਾਂਦੀਆਂ ਹਨ ਤਾਂ ਫਿਰ ਉਸ ਸਮਾਜਿਕ ਵਰਗ ਦੇ ਹਮਾਇਤੀ ਬਣਨ ਦਾ ਕੀ ਮਤਲਬ?

ਅਸਲ ਵਿਚ ਭਾਰਤ ਦੇ ਆਮ ਆਦਮੀ ਦਾ ਕਲਿਆਣ ਕਰਨ ਦੀ ਕੋਈ ਰਾਜਨੀਤਿਕ ਇੱਛਾ ਕੰਮ ਨਹੀਂ ਕਰ ਰਹੀ ਹੈ। ਕਾਂਗਰਸ ਦਲਿਤ ਅਤੇ ਮੁਸਲਿਮ ਵਰਗ ਨੂੰ ਆਪਣਾ ਵੋਟ ਬੈਂਕ ਬਣਾਉਣ ਦੀ ਕੋਸ਼ਿਸ਼ ਕਰ ਹੀ ਹੈ, ਭਾਜਪਾ ਹਿੰਦੂਆਂ ਨੂੰ ਆਪਣੇ ਵੱਲ ਖਿੱਚੀ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਬਸਪਾ ਦਲਿਤ ਵਰਗ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਜ਼ੋਰ ਲਗਾ ਰਹੀ ਹੈ ਅਤੇ ਸਪਾ ਪੱਛੜੇ ਵਰਗ ਨੂੰ। ਕਮਿਊਨਿਸਟ ਪਾਰਟੀਆਂ ਆਪਣੇ ਹੀ ਮੂਲ ਸਿਧਾਂਤ ਤੋਂ ਵੀ ਦੂਰ ਹੋਣ ਕਾਰਨ ਮੁਲਕ ਦੀ ਮੁੱਖ ਧਾਰਾ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਕਹਿਣ ਦਾ ਭਾਵ ਹੈ ਕਿ ਹਰ ਵਰਗ ਭਾਰਤ ਵਿਚ ਇਕ ਸੌੜੇ ਦਾਇਰੇ ਵਿਚ ਸਿਮਟ ਰਿਹਾ ਹੈ ਅਤੇ ਸਿਆਸਤਦਾਨ ਇਸ ਨੂੰ ਸ਼ਹਿ ਦੇ ਰਹੇ ਹਨ। ਗਰੀਬ ਆਦਮੀ ਦੇ ਕਲਿਆਣ ਦੀ ਗੱਲ ਨਹੀਂ ਹੋ ਰਹੀ। ਡਿਜ਼ੀਟਲ ਇੰਡੀਆ ਦੀ ਗੱਲ ਹੋ ਰਹੀ ਹੈ, ਚੰਗੇ ਦਿਨਾਂ ਦੀ ਗੱਲ ਹੋ ਰਹੀ ਹੈ, ਪਰ ਇਹ ਹੋਵੇਗਾ ਕਿਵੇਂ, ਕਿਸੇ ਕੋਲ ਕੋਈ ਯੋਜਨਾ ਨਹੀਂ।

ਇਸ ਸੰਦਰਭ ਵਿਚ ਭਾਰਤ ਦੇ ਸਮਾਜਿਕ-ਆਰਥਿਕ ਜਨਗਣਨਾ ਦੇ ਅੰਕੜੇ ਮਹੱਤਵਪੂਰਨ ਹੋ ਜਾਂਦੇ ਹਨ। ਇਹ ਠੀਕ ਹੈ ਕਿ ਹਾਲੇ ਕੇਵਲ ਪਿੰਡਾਂ ਦੇ ਅੰਕੜੇ ਆਏ ਹਨ, ਸ਼ਹਿਰਾਂ ਦੇ ਨਹੀਂ ਪਰ ਕੁਝ ਗੱਲਾਂ ਤਾਂ ਸਪਸ਼ਟ ਹਨ। ਭਾਰਤ ਦੀ ਪ੍ਰਮੁੱਖ ਦਿਹਾਤੀ ਅਬਾਦੀ ਹੁਣ ਵੀ ਬਦਹਾਲੀ ਵਿਚ ਹੈ। ਗਰੀਬ ਮਜ਼ਦੂਰ ਖਰਚਿਆਂ ਨੇ ਮਾਰ ਲਿਆ, ਕਿਸਾਨ ਕਰਜ਼ੇ ਨੇ ਮਾਰ ਲਿਆ, ਸਿੱਖਿਆ ਸਹੂਲਤਾਂ ਦੀ ਘਾਟ ਨੇ ਨੌਜਵਾਨ ਅਤੇ ਬੱਚੇ ਮਾਰ ਲਏ। ਆਖਿਰ ਪਿੰਡ ਜਾਣ ਤਾਂ ਕਿੱਥੇ ਜਾਣ? ਇਸ ਬਾਰੇ ਕੋਈ ਸੋਚਣ ਨਹੀਂ ਦਿੰਦਾ, ਬਲਕਿ ਜਾਤੀਆਂ ਦੀ ਵੰਡ ਨੂੰ ਜ਼ਿਆਦਾ ਤਵੱਜੋਂ ਦਿੱਤੀ ਜਾਂਦੀ ਹੈ।

ਭਾਰਤ ਵਿਚ ਦਲਿਤ ਆਬਾਦੀ 30 ਫੀਸਦੀ ਤੋਂ ਜ਼ਿਆਦਾ ਹੈ। ਇਸ ਵਰਗ ਨੂੰ ਰਿਜ਼ਰਵੇਸ਼ਨ (ਜਿਆਦਾਤਰ ਕਾਗਜਾਂ ਵਿਚ) ਮਿਲਣ ਦੇ ਬਾਵਜੂਦ ਗਰੀਬੀ ਦੀ ਦਰ ਇਸ ਵਰਗ ਵਿਚ ਜ਼ਿਆਦਾ ਹੈ, ਸ਼ੋਸ਼ਣ ਵੀ ਇਸ ਕਾਰਨ ਹੀ ਹੁੰਦਾ ਹੈ ਕਿ ਇਹ ਗਰੀਬ ਦਲਿਤ ਹਨ। ਇਹਨਾਂ ਦੇ ਕਲਿਆਣ ਲਈ ਕਿਸੇ ਸਰਕਾਰ ਨੇ ਅੱਜ ਤੱਕ ਇਮਾਨਦਾਰੀ ਨਾਲ ਕੰਮ ਨਹੀਂ ਕੀਤਾ, ਬਲਕਿ ਵਕਤੀ ਸਕੀਮਾਂ ਅਤੇ ਲੋਕ-ਲੁਭਾਊ ਸਕੀਮਾਂ ਦਾ ਸਹਾਰਾ ਲੈ ਕੇ ਸਿਰਫ ਇਸ ਵਰਗ ਉਤੇ ਵੋਟ ਬੈਂਕ ਦੀ ਰਾਜਨੀਤੀ ਹੋਈ ਹੈ। ਇਹੀ ਹਾਲ ਕਿਸਾਨ ਵਰਗ ਦੇ ਨਾਲ ਹੈ। ਕਿਸਾਨ ਨੂੰ ਵੀ ਕੋਈ ਰਾਹ ਦਿਖਾਉਣ ਵਾਲਾ ਨਹੀਂ ਮਿਲਿਆ। ਆਖਿਰ ਇਹ ਰਾਜਨੀਤੀ ਕਦੋਂ ਤੱਕ ਹੋਵੇਗੀ, ਕੀ ਆਮ ਆਦਮੀ ਨੂੰ ਕੋਈ ਰਾਹ ਦਿਖਾਉਣ ਵਾਲਾ ਮਿਲੇਗਾ? ਜਾਂ ਫਿਰ ਇਹੀ ਜਾਤੀਵਾਦੀ ਰਾਜਨੀਤੀ ਅਤੇ ਵੋਟ ਬੈਂਕ ਦੀ ਸਿਆਸਤ ਕਰਕੇ ਲੋਕਾਂ ਨੂੰ ਭਰਮਾਇਆ ਜਾਂਦਾ ਰਹੇਗਾ?

# ਬ੍ਰੇਨ ਪੀਡੀਆ ਵਾਲੇ ਚਾਲਾਕੀ ਕਿਵੇਂ ਕਰਦੇ ਸਨ?



ਮੇਘ ਰਾਜ ਮਿੱਤਰ
+91-98887-87440

**ਤਕਰਸ਼ੀਲ** ਸੁਸਾਇਟੀ ਪਿਛਲੇ 31 ਵਰ੍ਹਿਆਂ ਤੋਂ ਲੋਕਾਂ ਨੂੰ ਅੰਧਵਿਸ਼ਵਾਸਾਂ ਵਿਚੋਂ ਬਾਹਰ ਨਿਕਲਣ ਦਾ ਸੱਦਾ ਦੇ ਰਹੀ ਹੈ। ਇਸ ਵਕਫ਼ੇ ਦੌਰਾਨ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਤਰਕਸ਼ੀਲ ਸੁਸਾਇਟੀ ਦੀਆਂ ਸ਼ਾਖਾਵਾਂ ਸਰਗਰਮ ਰਹੀਆਂ ਹਨ। ਗੁਰਚਰਨ ਨੂਰਪੁਰ ਅਤੇ ਗੁਰਪ੍ਰੀਤ ਮੱਲੋਕੇ ਜ਼ੀਰਾ ਤੋਂ ਸਾਡੀ ਸੰਸਥਾ ਦੇ ਮੈਂਬਰ ਹਨ। ਜੂਨ ਦੇ ਪਹਿਲੇ ਹਫ਼ਤੇ ਮੈਨੂੰ ਉਹਨਾਂ ਦਾ ਫ਼ੋਨ ਆਇਆ। ਕਹਿਣ ਲੱਗੇ ਕਿ ਇਕ ਸੈਮੀਨਾਰ ਦੌਰਾਨ ਸਾਡੀ ਬਹਿਸ ਬ੍ਰੇਨ ਪੀਡੀਆ ਵਾਲਿਆਂ ਨਾਲ ਹੋ ਗਈ ਹੈ। ਇਹ ਸੰਸਥਾ ਹੇਠ ਲਿਖੇ ਦਾਅਵੇ ਕਰਦੀ ਹੈ।

1. ਉਨ੍ਹਾਂ ਦੇ ਟਰੇਂਡ ਕੀਤੇ ਹੋਏ ਵਿਦਿਆਰਥੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਅਤੇ ਨੱਕ ਨਾਲ ਸੁੰਘ ਕੇ ਕਿਸੇ ਕਿਤਾਬ ਦਾ ਸਫ਼ਾ ਪੜ੍ਹ ਸਕਦੇ ਹਨ।
2. ਉਹ ਵਿਦਿਆਰਥੀਆਂ ਦੇ ਫ਼ਿੰਗਰ ਪ੍ਰਿੰਟ ਲੈ ਕੇ ਉਨ੍ਹਾਂ ਦਾ ਭਵਿੱਖ ਦੱਸ ਸਕਦੇ ਹਨ।
3. ਉਹ ਵਿਦਿਆਰਥੀਆਂ ਨੂੰ ਕਿਸੇ ਵੀ ਹੁਨਰ ਵਿਚ ਮਾਹਰ ਬਣਾ ਸਕਦੇ ਹਨ।
4. ਉਨ੍ਹਾਂ ਦੀ ਟਰੇਨਿੰਗ ਨਾਲ ਵਿਦਿਆਰਥੀ ਪੜ੍ਹਾਈ ਵਿਚ ਆਪਣੀ ਮਨੋਬਿਰਤੀ ਕੇਂਦਰਤ ਕਰਨ ਲੱਗ ਜਾਂਦੇ ਹਨ।
5. ਗਰਭਵਤੀ ਇਸਤਰੀਆਂ ਨੂੰ ਛੇਵੇਂ ਮਹੀਨੇ ਤੋਂ ਲੈ ਕੇ ਅੱਠਵੇਂ ਮਹੀਨੇ ਤੱਕ ਟਰੇਨਿੰਗ ਦੇ ਕੇ ਉਨ੍ਹਾਂ ਦੇ ਹੋਣ ਵਾਲੇ ਬੱਚੇ ਨੂੰ ਬੁੱਧੀਮਾਨ ਬਣਾਇਆ ਜਾਂਦਾ ਹੈ।

ਇਨ੍ਹਾਂ ਮੁਹਾਰਤਾਂ ਦੇ ਨਾਮ 'ਤੇ ਉਹ ਵੱਡੀਆਂ-ਵੱਡੀਆਂ ਰਕਮਾਂ ਵਸੂਲ ਲੈਂਦੇ ਹਨ। ਹਰੇਕ ਮਾਂ-ਬਾਪ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ ਵਿਚ ਹੁਸ਼ਿਆਰ ਹੋਵੇ ਅਤੇ ਉਸ ਦੀ ਦਿਲਚਸਪੀ ਵਧੇ ਤਾਂ ਜੋ ਉਹ ਭਵਿੱਖ ਵਿਚ ਕੁੱਝ ਕਰਨ ਦੇ ਕਾਬਲ ਹੋ ਸਕੇ।

### ਚੁਣੌਤੀ

ਤਰਕਸ਼ੀਲ ਸੁਸਾਇਟੀ ਨੇ ਹਰੇਕ ਕਿਸਮ ਦੇ ਠੱਗਾਂ, ਸਾਧਾ-ਸੰਤਾਂ, ਜੋਤਸ਼ੀਆਂ, ਵਾਸਤੂ ਸ਼ਾਸਤਰ ਦੇ ਮਾਹਰਾਂ ਆਦਿ ਨੂੰ ਚੁਨੌਤੀ ਦਿੱਤੀ ਹੋਈ ਹੈ। ਇਸ ਚੁਨੌਤੀ ਅਨੁਸਾਰ, ਚੁਨੌਤੀ ਕਬੂਲ ਕਰਨ ਵਾਲਿਆਂ ਨੇ ਦਸ ਹਜ਼ਾਰ ਰੁਪਈਆ ਸਾਡੇ ਕੋਲ ਜਮ੍ਹਾਂ ਕਰਵਾਉਣਾ ਹੁੰਦਾ ਹੈ। ਜਿੱਤ ਜਾਣ ਦੀ ਸੂਰਤ ਵਿਚ ਅਸੀਂ ਦਸ ਹਜ਼ਾਰ ਰੁਪਏ ਦੀ ਜ਼ਮਾਨਤੀ ਰਾਸ਼ੀ ਅਤੇ ਇਕ ਕਰੋੜ ਰੁਪਏ ਦੀ ਰਾਸ਼ੀ ਜਿੱਤਣ ਵਾਲੇ ਨੂੰ ਦੇਣੀ ਹੁੰਦੀ ਹੈ। ਸਾਨੂੰ ਪਤਾ ਹੈ ਕਿ ਦੁਨੀਆ 'ਤੇ ਕੋਈ ਵੀ ਵਿਅਕਤੀ ਗ਼ੈਬੀ ਸ਼ਕਤੀ ਦਾ ਮਾਲਕ ਨਹੀਂ। ਹਾਂ, ਕਿਸੇ ਵਰਤਾਰੇ ਦਾ ਮਾਹਰ ਜ਼ਰੂਰ ਹੋ ਸਕਦਾ ਹੈ। ਅਸੀਂ ਵੇਖਿਆ ਹੈ ਕਿ ਗ਼ੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲੇ ਵਿਅਕਤੀ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਹੁੰਦੇ ਹਨ ਕਿ ਉਨ੍ਹਾਂ ਵਿਚ ਕਿਸੇ ਕਿਸਮ ਦੀ ਗ਼ੈਬੀ ਸ਼ਕਤੀ ਨਹੀਂ ਹੈ, ਪਰ ਆਪਣੇ ਸ਼ਰਧਾਲੂਆਂ ਮੂਹਰੇ ਉਨ੍ਹਾਂ ਨੇ ਆਪਣੀਆਂ ਗ਼ੈਬੀ ਸ਼ਕਤੀਆਂ ਦਾ ਦਾਅਵਾ ਕੀਤਾ ਹੁੰਦਾ ਹੈ। ਉਨ੍ਹਾਂ ਦੇ ਚੇਲੇ-ਚਾਟੜਿਆਂ ਨੂੰ ਆਪਣੇ ਪੀਰਾਂ-ਫ਼ਕੀਰਾਂ ਵਿਚ ਵਿਸ਼ਵਾਸ ਹੁੰਦਾ, ਇਸ ਲਈ ਉਹ ਜ਼ਮਾਨਤੀ ਰਾਸ਼ੀ ਜਮ੍ਹਾਂ ਕਰਵਾ ਬੈਠਦੇ ਹਨ। ਪਰਖ ਸਮੇਂ ਵੀ ਅਜਿਹੇ ਵਿਅਕਤੀ ਧਰਮ ਦੀ ਆੜ ਲੈਂਦੇ ਅਸੀਂ ਵੇਖੇ ਹਨ। ਬਹੁਤੇ ਜੋਤਸ਼ੀ ਆਪਣੀ ਗੱਦੀ 'ਤੇ ਮੂਰਤੀਆਂ ਸਜਾਉਂਦੇਤੇ ਜੋਤਾਂ ਲਗਾ ਕੇ ਰੱਖਦੇ ਹਨ। ਜਦੋਂ ਕੋਈ ਵਿਅਕਤੀ ਉਨ੍ਹਾਂ ਨੂੰ ਚੁਨੌਤੀ ਦਿੰਦਾ ਹੈ ਤਾਂ ਉਹ ਆਪ ਹੀ ਮੂਰਤੀਆਂ ਨੂੰ ਤੋੜ ਦਿੰਦੇ ਹਨ ਜਾਂ ਜੋਤ ਰਾਹੀਂ ਕੱਪੜੇ ਅਤੇ ਪੁਸਤਕਾਂ ਆਦਿ ਨੂੰ ਸਾੜ ਦਿੰਦੇ ਹਨ, ਜਿਸ ਦਾ ਦੋਸ਼ ਤਰਕਸ਼ੀਲਾਂ 'ਤੇ ਮੜ੍ਹ ਦਿੱਤਾ ਜਾਂਦਾ ਹੈ। ਅਸੀਂ ਇਨ੍ਹਾਂ ਗੱਲਾਂ ਤੋਂ ਸੁਚੇਤ ਸਾਂ। ਇਹ ਸਾਰੀਆਂ ਹਦਾਇਤਾਂ ਮੈਂ ਜ਼ੀਰੇ ਵਾਲਿਆਂ ਨੂੰ ਫ਼ੋਨ 'ਤੇ ਹੀ ਦਿੱਤੀਆਂ ਸਨ। ਨਾਲ ਹੀ ਮੈਂ ਗੁਰਚਰਨ ਨੂਰਪੁਰ ਅਤੇ ਗੁਰਪ੍ਰੀਤ ਮੱਲੋਕੇ ਨੂੰ ਹਦਾਇਤ ਕੀਤੀ ਸੀ ਕਿ ਚੁਨੌਤੀ ਸਿਰਫ਼ ਲਿਖਤੀ ਇਕਰਾਰਨਾਮੇ ਰਾਹੀਂ ਸਵੀਕਾਰ ਕਰਨੀ ਹੈ। ਉਨ੍ਹਾਂ ਨੇ ਅਜਿਹਾ ਹੀ ਕੀਤਾ।

ਅਸੀਂ ਤਰਕਸ਼ੀਲ ਜਦੋਂ ਮੇਲੇ ਲਾਉਂਦੇ ਹਾਂ ਤਾਂ ਉਥੇ ਲੋਕਾਂ ਦਾ ਇਕੱਠ ਕਰਨ ਲਈ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਵੀ ਚਲਾਉਂਦੇ ਹਾਂ। ਇਸ ਲਈ ਅੱਖਾਂ 'ਤੇ ਪੱਟੀ ਬੰਨ੍ਹਣ ਵਾਲੇ ਟਰਿੱਕ ਦੇ ਰਹੱਸ ਤੋਂ ਅਸੀਂ ਭਲੀ-ਭਾਂਤ ਜਾਣੂ ਸਾਂ। ਸਾਨੂੰ ਪਤਾ ਸੀ ਕਿ ਜੇ ਕਿਸੇ ਵਿਅਕਤੀ ਦੀਆਂ ਅੱਖਾਂ 'ਤੇ ਤੈਰਨ ਵਾਲੀਆਂ (ਸਵੀਮਿੰਗ) ਐਨਕਾਂ ਲਗਾ ਦਿੱਤੀਆਂ ਜਾਣ ਤਾਂ ਉਹ ਵਿਅਕਤੀ ਅੱਖਾਂ ਦੇ ਹੇਠਲੇ ਪਾਸੇ ਤੋਂ ਵੇਖਣ ਤੋਂ ਅਸਮਰੱਥ ਹੋ ਜਾਂਦਾ ਹੈ।

### ਟਾਲ-ਮਟੋਲ

ਬ੍ਰੇਨ ਪੀਡੀਆ ਵਾਲੇ ਜ਼ਮਾਨਤੀ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਟਾਲਾ ਵੱਟ ਰਹੇ ਸਨ। ਜਿਸ ਤੋਂ ਸਾਫ਼ ਜ਼ਾਹਰ ਸੀ ਕਿ ਉਹ ਸਾਡੀ ਚੁਣੌਤੀ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਕਰ ਰਹੇ ਸਨ। ਮੌਸਮ ਖ਼ਰਾਬ ਹੋਣ ਕਰ ਕੇ ਅਤੇ ਬ੍ਰੇਨ ਪੀਡੀਆ ਵਾਲਿਆਂ ਦੇ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਣ ਤੋਂ ਟਾਲ-ਮਟੋਲ ਕਰਕੇ ਮੈਂ ਚੰਡੀਗੜ੍ਹ ਤੋਂ ਜ਼ੀਰੇ ਪਹੁੰਚਣ ਲਈ ਗੁਰੇਜ਼ ਕਰ ਗਿਆ। ਪਰ ਉਸ ਦਿਨ ਅਚਾਨਕ ਹੀ ਉਨ੍ਹਾਂ ਨੇ ਪੰਜ ਹਜ਼ਾਰ ਰੁਪਈਆ ਜਮ੍ਹਾਂ ਕਰਵਾ ਦਿੱਤਾ ਅਤੇ ਦੂਸਰੇ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਅਗਲੇ ਦਿਨ ਜਮ੍ਹਾਂ ਕਰਵਾਉਣ ਦਾ ਵਾਅਦਾ ਕਰ ਲਿਆ। ਸਾਡੇ ਕੁੱਝ ਹੋਰ ਤਰਕਸ਼ੀਲ ਸਾਥੀ ਉਥੇ ਪੁੱਜ ਗਏ। ਪੈਸੇ ਜਮ੍ਹਾਂ ਕਰਵਾਉਣ ਵਾਲੇ ਦਿਨ ਹੀ ਬ੍ਰੇਨ ਪੀਡੀਆ ਵਾਲਿਆ ਨੇ ਆਰ.ਐਸ.ਐਸ. ਦੇ ਕੁੱਝ ਵਰਕਰਾਂ ਨੂੰ ਆਪਣੀ ਹਮਾਇਤ 'ਤੇ ਬੁਲਾਇਆ ਹੋਇਆ ਸੀ। ਪਰਖ ਦੀ ਮਿਤੀ, ਸਮਾਂ ਅਤੇ ਸਥਾਨ ਦਾ ਫ਼ੈਸਲਾ ਕਰ ਲਿਆ ਗਿਆ।

ਦੇਸ਼ਭਗਤ ਯਾਦਗਾਰ ਹਾਲ (ਜਲੰਧਰ) ਵਿਚ 17 ਜੂਨ 2015 ਨੂੰ ਇਕ ਵਜੇ ਇਸ ਸਬੰਧੀ ਪ੍ਰੋਗਰਾਮ ਰੱਖਿਆ ਗਿਆ। ਬਹੁਤ ਸਾਰੇ ਪੱਤਰਕਾਰ ਅਤੇ ਪੁਲਿਸ ਮੁਲਾਜ਼ਮਾਂ ਸਮੇਤ 800 ਦੇ ਕਰੀਬ ਵਿਅਕਤੀ ਇਸ ਪਰਖ ਸਮੇਂ ਹਾਜ਼ਰ ਸਨ। ਫ਼ੈਸਲੇ ਅਨੁਸਾਰ, ਦੇਸ਼ਭਗਤ ਯਾਦਗਾਰ ਹਾਲ ਦੇ ਟਰੱਸਟੀਆਂ ਨੂੰ ਜੱਜ ਬਣਾਇਆ ਗਿਆ। ਪੰਜ ਲੱਖ ਦਸ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਉਨ੍ਹਾਂ ਕੋਲ ਜਮ੍ਹਾਂ ਕਰਵਾਈ ਗਈ। ਦੋ ਸੀਲਬੰਦ ਲਿਫ਼ਾਫ਼ਿਆਂ ਵਿਚ ਪੜ੍ਹੀ ਜਾਣ ਵਾਲੀ ਇਕੋ ਤਰ੍ਹਾਂ ਦੀ ਸਮੱਗਰੀ ਰੱਖੀ ਗਈ। ਟਾਲ-ਮਟੋਲ ਕਰਦੇ ਬ੍ਰੇਨ ਪੀਡੀਆ ਵਾਲੇ ਆਪਣੇ ਟਰੇਂਡ ਕੀਤੇ ਚਾਰ ਵਿਦਿਆਰਥੀਆਂ ਨੂੰ ਸਟੇਜ 'ਤੇ ਲੈ ਆਏ। ਇਕ ਵਿਦਿਆਰਥੀ ਦੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹੀ ਗਈ। ਇਸ ਦੇ ਨਾਲ ਹੀ ਸਟੇਜ ਸਕੱਤਰ ਨੇ ਪੱਟੀ ਦੇ ਉਪਰ ਦੀ ਤੈਰਨ ਵਾਲੀਆਂ ਐਨਕਾਂ ਲਗਾ ਦਿੱਤੀਆਂ। ਵਿਦਿਆਰਥੀ ਨੂੰ ਪੁੱਛਿਆ ਗਿਆ ਕਿ ਉਸ ਨੂੰ ਕੋਈ ਤਕਲੀਫ਼ ਤਾਂ ਨਹੀਂ। ਵਿਦਿਆਰਥੀ ਨੇ ਕਿਹਾ , "ਮੈਂ ਠੀਕ ਹਾਂ।" ਇਸ ਤੋਂ ਬਾਅਦ ਇਕ ਲਿਫ਼ਾਫ਼ਾ ਖੋਲ੍ਹ ਕੇ ਸਮੱਗਰੀ ਉਸ ਨੂੰ ਪੜ੍ਹਨ ਲਈ ਦੇ ਦਿੱਤੀ ਗਈ ਅਤੇ ਨਾਲ ਹੀ ਇਸ ਸਮੱਗਰੀ ਦੀ ਇਕ ਫ਼ੋਟੋਸਟੇਟ ਕਾਪੀ ਜੱਜਾਂ ਦੇ ਹਵਾਲੇ ਕੀਤੀ ਗਈ ਤਾਂ ਜੋ ਉਹ ਵਿਦਿਆਰਥੀ ਵਲੋਂ ਪੜ੍ਹੇ ਗਏ ਸ਼ਬਦ ਫ਼ੋਟੋ ਕਾਪੀ ਨਾਲ ਮਿਲਾ ਸਕਣ। ਪਹਿਲਾ ਵਿਦਿਆਰਥੀ ਕਹਿਣ ਲੱਗਿਆ ਕਿ ਉਹ ਪੰਜਾਬੀ ਨਹੀਂ ਪੜ੍ਹ ਸਕਦਾ, ਪਰ ਪੜ੍ਹਨ ਵਾਲੀ ਲਿਖਤ ਤਾਂ ਪਹਿਲਾਂ ਹੀ ਅੰਗਰੇਜ਼ੀ ਵਿਚ ਸੀ। ਇਹ ਵਿਦਿਆਰਥੀ ਅਸਫਲ ਹੋ ਗਿਆ।

ਦੂਸਰੀ ਵਿਦਿਆਰਥਣ 'ਤੇ ਵੀ ਇਹ ਪ੍ਰਕਿਰਿਆ ਦੁਹਰਾਈ ਗਈ। ਉਹ ਵੀ ਅਸਫਲ ਹੋ ਗਈ। ਇਸ ਤਰ੍ਹਾਂ ਬ੍ਰੇਨ ਪੀਡੀਆ ਵਾਲਿਆਂ ਨੇ ਮੰਨਿਆ, "ਸਾਡੇ ਬੱਚੇ ਇਹ ਲਿਖਤ ਅੱਜ ਨਹੀਂ ਪੜ੍ਹ ਸਕੇ, ਪਰ ਅਸੀਂ ਇਨ੍ਹਾਂ ਨੂੰ ਭਵਿੱਖ ਵਿਚ ਹੋਰ ਟਰੇਂਡ ਕਰਾਂਗੇ ਤਾਂ ਜੋ ਇਹ ਪੜ੍ਹ ਸਕਣ।"

### ਧੰਦਾ ਕਿਵੇਂ ਕੀਤਾ ਜਾਂਦਾ ਸੀ?

ਬ੍ਰੇਨ ਪੀਡੀਆ ਦਾ ਦਾਅਵਾ ਅਸਫਲ ਹੋ ਗਿਆ। ਟੈਲੀਵਿਜ਼ਨ ਚੈਨਲਾਂ 'ਤੇ ਅਜਿਹੇ ਵਿਦਿਆਰਥੀਆਂ ਤੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਾਇਆ ਜਾਂਦਾ ਮੈਂ ਕਈ ਵਾਰ ਆਪਣੇ ਅੱਖੀਂ ਵੇਖਿਆ ਸੀ ਅਤੇ ਮੈਂ ਟੈਲੀਫ਼ੋਨ 'ਤੇ ਉਨ੍ਹਾਂ ਨੂੰ ਇਸ ਟਰਿੱਕ ਬਾਰੇ ਸੂਚਿਤ ਵੀ ਕਰਨਾ ਚਾਹੁੰਦਾ ਸਾਂ, ਪਰ ਫ਼ੋਨ ਨਾ ਮਿਲਣ ਕਰਕੇ ਅਜਿਹਾ ਕੁੱਝ ਨਾ ਕਰ ਸਕਿਆ। ਬ੍ਰੇਨ ਪੀਡੀਆ ਦੀ ਚਲਾਕੀ ਦਾ ਇਹ ਧੰਦਾ ਇਕੱਲੇ ਪੰਜਾਬ ਵਿਚ ਹੀ ਨਹੀਂ, ਸਗੋਂ ਭਾਰਤ ਦੇ ਹੋਰ ਸੂਬਿਆਂ ਵਿਚ ਵੀ ਇਸ ਦੀਆਂ ਬਰਾਂਚਾਂ ਹਨ। ਭਾਰਤ ਤੋਂ ਬਾਹਰ 'ਗੂਗਲ ਗਰਲ', 'ਜੀਨੀਅਸ', 'ਬ੍ਰੇਨ ਮਾਸਟਰ', 'ਬ੍ਰੇਨ ਐਕਟੀਵੇਸ਼ਨ' ਆਦਿ ਦੇ ਅਲੱਗ-ਅਲੱਗ ਨਾਵਾਂ ਥੱਲੇ ਅਜਿਹੀਆਂ ਸੰਸਥਾਵਾਂ ਲੋਕਾਂ ਦੀ ਲੁੱਟ ਕਰ ਰਹੀਆਂ ਹਨ। ਬੱਚਿਆਂ ਨੂੰ ਮਾਹਰ ਬਣਾਉਣ ਦੀਆਂ ਫ਼ੀਸਾਂ ਦੇ ਰੂਪ ਵਿਚ ਵੀਹ ਤੋਂ ਚਾਲੀ ਹਜ਼ਾਰ ਰੁਪਏ ਪਰ ਵਿਦਿਆਰਥੀ ਵਸੂਲੇ ਜਾਂਦੇ ਹਨ। ਹਾਲਾਂਕਿ, ਇਹ ਇਕੱਲੀ ਠੱਗੀ ਦਾ ਹੀ ਮਾਮਲਾ ਨਹੀਂ ਹੈ, ਸਗੋਂ ਬੱਚਿਆਂ ਨੂੰ ਝੂਠ ਬੋਲਣ ਅਤੇ ਮੱਕਾਰ ਬਣਨਾ ਵੀ ਸਿਖਾਇਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡਾ ਨੱਕ ਸਾਡੇ ਚਿਹਰੇ ਤੋਂ ਇਕ ਇੰਚ ਉਭਰਵਾਂ ਹੁੰਦਾ ਹੈ। ਪੱਟੀ ਬੰਨ੍ਹਣ ਸਮੇਂ ਲਗਭਗ ਇੰਚ ਦੇ ਚੌਥੇ ਹਿੱਸੇ ਦੀ ਵਿਰਲ ਇਸ ਵਿਚ ਰਹਿ ਜਾਂਦੀ ਹੈ, ਜਿਸ ਰਾਹੀਂ ਇਹ ਵਿਦਿਆਰਥੀ ਪੜ੍ਹ ਸਕਦੇ ਸਨ।

ਚਾਲਾਕ ਬੰਦੇ ਕੁੱਝ ਭੋਲੇ-ਭਾਲੇ ਵਿਅਕਤੀਆਂ ਨੂੰ ਅੱਡ-ਅੱਡ ਸ਼ਹਿਰਾਂ ਵਿਚ ਇਸ ਚਲਾਕੀ ਦੇ ਧੰਦੇ ਦੇ ਹਿੱਸੇਦਾਰ ਬਣਾ ਲੈਂਦੇ ਹਨ। ਛੁੱਟੀਆਂ ਵਿਚ ਸਕੂਲ ਦੇ ਵਿਦਿਆਰਥੀ ਅਤੇ ਇਮਾਰਤਾਂ ਵਿਹਲੀਆਂ ਹੁੰਦੀਆਂ ਹਨ। ਇਸ ਲਈ ਸਮਰ ਕੈਂਪਾਂ ਲਈ ਇਹ ਸਮਾਂ ਅਤੇ ਥਾਵਾਂ ਢੁੱਕਵੇਂ ਹੁੰਦੇ ਹਨ। ਕੈਂਪਾਂ ਅਤੇ ਅੱਖਾਂ 'ਤੇ ਪੱਟੀ ਬੰਨ੍ਹਣ ਵਾਲੇ ਟਰਿੱਕ ਦੀ ਵਰਤੋਂ ਨਾਲ ਪੜ੍ਹਨ ਦੇ ਦਾਅਵੇ ਰਾਹੀਂ ਲੋਕ ਇਨ੍ਹਾਂ ਦੇ ਝਾਂਸਿਆਂ ਵਿਚ ਫਸ ਜਾਂਦੇ ਹਨ। 16 ਜੂਨ ਦੀ ਰਾਤ ਨੂੰ ਹੀ ਡੱਬਵਾਲੀ ਵਿਖੇ ਤਰਕਸ਼ੀਲਾਂ ਨੇ ਇਸ ਟਰਿੱਕ ਦਾ ਪਰਦਾਫ਼ਾਸ਼ ਹੀ ਨਹੀਂ ਕੀਤਾ, ਸਗੋਂ ਵਸੂਲ ਕੀਤੀ ਗਈ ਰਕਮ ਦੇ ਇਕ ਲੱਖ ਅੱਸੀ ਹਜ਼ਾਰ ਰੁਪਏ ਪੁਲਿਸ ਦੀ ਸਹਾਇਤਾ ਨਾਲ ਥਾਣੇ ਵਿਚ ਵਾਪਸ ਵੀ ਕਰਵਾਏ। ਆਪਣੇ ਧੰਦੇ ਨੂੰ ਵਧਾਉਣ ਲਈ ਕਈ ਵੱਡੇ ਅਫ਼ਸਰ ਵੀ ਅਜਿਹੇ ਠੱਗੀ ਵਾਲੇ ਸੈਮੀਨਾਰਾਂ ਦਾ ਉਦਘਾਟਨ ਕਰਦੇ ਆਮ ਵੇਖੇ ਜਾਂਦੇ ਹਨ। ਅਜਿਹੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਵੀ ਬਣਦੀਆਂ ਰਹਿੰਦੀਆਂ ਹਨ। ਸਾਡੇ ਦੇਸ਼ ਦਾ ਤਾਣਾ-ਬਾਣਾ ਹੀ ਅਜਿਹਾ ਹੈ ਕਿ ਕਿਸੇ ਗ਼ਰੀਬ ਆਦਮੀ ਨੂੰ ਤਾਂ 100-200 ਰੁਪਏ ਦੀ ਚੋਰੀ ਜਾਂ ਠੱਗੀ ਵਾਸਤੇ ਸਾਲਾਂਬੱਧੀ ਜੇਲ੍ਹਾਂ ਵਿਚ ਸੁੱਟ ਦਿੰਦੇ ਹਨ, ਪਰ ਵੱਡੀਆਂ ਠੱਗੀਆਂ ਮਾਰਨ ਵਾਲੇ ਪੈਸੇ ਦੇ ਜ਼ੋਰ 'ਤੇ ਅਦਾਲਤਾਂ ਵਿਚੋਂ ਬਰੀ ਹੋ ਜਾਂਦੇ ਹਨ।

### ਕੁੱਝ ਸਵਾਲ

ਬ੍ਰੇਨ ਪੀਡੀਆ ਨੇ ਆਮ ਵਿਅਕਤੀਆਂ ਦੇ ਮਨਾਂ ਵਿਚ ਕੁੱਝ ਸਵਾਲ ਵੀ ਖੜ੍ਹੇ ਕੀਤੇ ਹਨ। ਮਹਾਂਭਾਰਤ ਦੀ ਕਥਾ ਵਿਚ ਕੌਰਵਾਂ ਦਾ ਪਿਤਾ ਧ੍ਰਿਤਰਾਸ਼ਟਰ ਅੰਨ੍ਹਾਂ ਦਰਸਾਇਆ ਗਿਆ ਹੈ। ਉਸ ਦੀ ਧਰਮ ਪਤਨੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਵੀ ਸੱਭ ਕੁੱਝ ਉਸ ਨੂੰ ਦਸਦੀ ਰਹਿੰਦੀ ਹੈ। ਇਸ ਲਈ ਅੱਜ ਦੇ ਯੁੱਗ ਵਿਚ ਕੀ ਇਹ ਸੰਭਵ ਨਹੀਂ ਹੋ ਸਕਦਾ? ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਬਿੱਲੀ ਹਨੇਰੇ ਵਿਚ ਵੀ ਦੇਖ ਸਕਦੀ ਹੈ ਅਤੇ ਭੁਚਾਲਾਂ ਦਾ ਕੁੱਤਿਆਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ। ਹਾਥੀ ਕਈ-ਕਈ ਮੀਲ ਦੂਰੋਂ ਹੀ ਦੂਸਰੇ ਹਾਥੀਆਂ ਦੀ ਆਵਾਜ਼ ਸੁਣ ਕੇ ਦਹਾੜਨਾ ਸ਼ੁਰੂ ਕਰ ਦਿੰਦੇ ਹਨ। ਅਜਿਹਾ ਕਿਉਂ ਹੁੰਦਾ ਹੈ, ਕਿਉਂਕਿ ਪਸ਼ੂਆਂ ਵਿਚ ਸੁਣਨ, ਵੇਖਣ ਅਤੇ ਸੁੰਘਣ ਦੀਆਂ ਸਮਰੱਥਾਵਾਂ ਮਨੁੱਖ ਨਾਲੋਂ ਵੱਧ ਜਾਂ ਘੱਟ ਹੁੰਦੀਆਂ ਹਨ। ਅੱਖਾਂ ਬੰਦ ਕਰਨ ਤੋਂ ਬਾਅਦ ਜੇ ਤੁਹਾਡੇ ਖੱਬੇ ਹੱਥ ਵਿਚ ਕੇਲਾ ਫੜਾਉਂਦਾ ਅਤੇ ਸੱਜੇ ਹੱਥ ਵਿਚ ਸੇਬ ਫੜਾਉਂਦਾ। ਤੁਸੀਂ ਇਹ ਬਗੈਰ ਵੇਖੇ ਦੱਸ ਸਕਦੇ ਹੋ ਕਿ ਕਿਸ ਹੱਥ ਵਿਚ ਕੇਲਾ ਤੇ ਕਿਸ ਵਿਚ ਸੇਬ ਫੜਾਇਆ ਹੈ। ਅੰਨ੍ਹੇ ਵਿਅਕਤੀ ਨਾ ਵੇਖਦੇ ਹੋਏ ਵੀ ਬਰੇਲ ਲਿੱਪੀ ਵਿਚ ਅੱਖਰਾਂ ਨੂੰ ਛੂਹ ਕੇ ਪੜ੍ਹ ਸਕਦੇ ਹਨ। ਅਸਲ ਵਿਚ ਮਨੁੱਖ ਕੋਲ ਸੁੰਘਣ, ਸੁਣਨ, ਵੇਖਣ, ਸੁਆਦ ਅਤੇ ਸਪਰਸ਼ (ਛੂਹਣ) ਦੀਆਂ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ। ਹਰੇਕ ਦਾ ਕੰਮ ਅਲੱਗ-ਅਲੱਗ ਹੁੰਦਾ ਹੈ। ਅੱਖਾਂ ਵੇਖਣ ਦਾ, ਕੰਨ ਸੁਣਨ ਦਾ, ਨੱਕ ਸੁੰਘਣ ਦਾ, ਜੀਭ ਸੁਆਦ ਦਾ ਅਤੇ ਚਮੜੀ ਸਪਰਸ਼ ਕਰਨ ਦਾ ਕੰਮ ਕਰਦੀਆਂ ਹਨ। ਭਾਵੇਂ ਹਰੇਕ ਮਨੁੱਖ ਵਿਚ ਵੀ ਇਨ੍ਹਾਂ ਗਿਆਨ ਇੰਦਰੀਆਂ ਦੀ ਮਹਿਸੂਸ ਕਰਨ ਦੀ ਸਮਰੱਥਾ ਵੀ ਘੱਟ ਵੱਧ ਹੁੰਦੀ ਹੈ, ਪਰ ਨੱਕ ਰਾਹੀਂ ਸੁੰਘ ਕੇ ਪੜ੍ਹਨ ਵਾਲੀ ਗੱਲ ਅਸੰਭਵ ਹੈ। ਭਾਵੇਂ ਗੇਂਦਾਂ 'ਤੇ ਪਾਈ ਹੋਈ ਸੁਗੰਧ ਰਾਹੀਂ ਰੰਗ ਆਦਿ ਦੱਸਣ ਦੀਆਂ ਮੁਹਾਰਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਇਕ-ਦੋ ਸਫ਼ੇ ਵੇਖਣ ਤੋਂ ਬਗੈਰ ਪੜ੍ਹਨਾ ਅਸੰਭਵ ਹੈ। ਕਈ ਵਿਅਕਤੀ ਕਹਿ ਦਿੰਦੇ ਹਨ ਕਿ ਕਿਸੇ ਵਿਅਕਤੀ ਦੀ ਇਕ ਗਿਆਨ ਇੰਦਰੀ ਘੱਟ ਹੋਣ ਕਾਰਨ ਉਸ ਦੀਆਂ ਦੂਸਰੀਆਂ ਗਿਆਨ ਇੰਦਰੀਆਂ ਵੱਧ ਕਾਰਜਸ਼ੀਲ ਹੋ ਜਾਂਦੀਆਂ ਹਨ। ਇਹ ਸੱਭ ਮੁਹਾਰਤ ਕਰ ਕੇ ਹੁੰਦਾ ਹੈ, ਕਿਉਂਕਿ ਇਕ ਗਿਆਨ ਇੰਦਰੀ ਦੀ ਗ਼ੈਰ-ਹਾਜ਼ਰੀ ਕਾਰਨ ਉਹ ਵਿਅਕਤੀ ਦੂਸਰੀਆਂ ਗਿਆਨ ਇੰਦਰੀਆਂ 'ਤੇ ਆਪਣੇ-ਆਪ ਨੂੰ ਵੱਧ ਕੇਂਦਰਤ ਕਰ ਦਿੰਦਾ ਹੈ। ਮੈਂ ਅਜਿਹੀਆਂ ਸੁਰੰਗਾਂ ਵਿਚੋਂ ਘਿਸੜ ਕੇ ਲੰਘਿਆਂ ਹਾਂ, ਜਿਨ੍ਹਾਂ ਵਿਚ ਘੁੱਪ ਹਨੇਰਾ ਸੀ। ਮੇਰੀਆਂ ਸਪਰਸ਼ ਇੰਦਰੀਆਂ ਉਸ ਸਮੇਂ ਵੱਧ ਕਾਰਜਸ਼ੀਲ ਸਨ। ਉਂਗਲੀਆਂ ਦੇ ਨਿਸ਼ਾਨਾਂ ਨੂੰ ਵੇਖ ਕੇ ਕਿਸੇ ਬੱਚੇ ਦਾ ਭਵਿੱਖ ਪਤਾ ਲਾਉਣਾ ਅਸੰਭਵ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਹਰ ਅਧਿਆਪਕ ਵਧੀਆ ਸਾਧਨਾਂ ਦੀ ਵਰਤੋਂ ਕਰ ਕੇ ਵਿਦਿਆਰਥੀ ਦੀ ਵੱਖ-ਵੱਖ ਵਿਸ਼ਿਆਂ ਵਿਚ ਦਿਲਚਸਪੀ ਪੈਦਾ ਕਰ ਸਕਦੇ ਹਨ, ਪਰ ਗਰਭ ਵਿਚਲੇ ਬੱਚੇ ਨੂੰ ਗਰਭ ਵਿਚ ਹੀ ਮਾਹਰ ਬਣਾ ਦੇਣ ਦਾ ਦਾਅਵਾ ਕਰਨਾ ਨਿਰਾ ਧੋਖਾ ਹੈ।

ਇਹ ਠੀਕ ਹੈ ਕਿ ਮਾਪਿਆਂ ਦੇ ਗੁਣ ਡੀ.ਐਨ.ਏ. ਰਾਹੀਂ ਬੱਚਿਆਂ ਵਿਚ ਪ੍ਰਵੇਸ਼ ਕਰਦੇ ਹਨ। ਪਰ ਬੱਚੇ ਦਾ ਦਿਮਾਗ ਤਾਂ ਜਨਮ ਦੇ ਪਹਿਲੇ ਦਿਨ ਤੋਂ ਲੈ ਕੇ ਤੀਜੇ ਸਾਲ ਤਕ ਗਿਆਨ ਨੂੰ ਗ੍ਰਹਿਣ ਕਰਨ ਦੇ ਕਾਬਲ ਹੁੰਦਾ ਜਾਂਦਾ ਹੈ। ਤੁਸੀਂ ਕਿਸੇ ਵੀ ਬੱਚੇ ਨੂੰ ਜਨਮ ਤੋਂ ਤੁਰੰਤ ਬਾਅਦ ਲਿਖਣ ਜਾਂ ਪੜ੍ਹਨ ਨਹੀਂ ਲਾ ਸਕਦੇ। ਮੈਨੂੰ ਉਮੀਦ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਤਰਕਸ਼ੀਲ ਬ੍ਰੇਨ ਪੀਡੀਆ ਅਤੇ ਅਜਿਹੀਆਂ ਹੋਰ ਸੰਸਥਾਵਾਂ ਦੇ ਸੁੰਘ ਕੇ ਪੜ੍ਹਨ ਵਾਲੇ ਇਸ ਚਲਾਕੀ ਵਾਲੇ ਧੰਦੇ ਦਾ ਸਦਾ ਲਈ ਖ਼ਾਤਮਾ ਕਰ ਦੇਣਗੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਡਾ. ਅੰਬੇਦਕਰ ਦੇ ਜਨਮ ਸਥਾਨ ਮਹੂ ਨੂੰ ਬਚਾਉਣ ਦੀ ਮੁਹਿੰਮ

**ਲਖਨਊ–** ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਭੀਮਰਾਓ ਅੰਬੇਦਕਰ ਦੇ ਜਨਮ ਸਥਾਨ ਦੀ ਹੋਂਦ ਨੂੰ ਬਚਾਉਣ ਦੀ ਮੁਹਿੰਮ ਚੱਲ ਰਹੀ ਹੈ। ਮੱਧ ਪ੍ਰਦੇਸ਼ ਦੀ ਮਹੂ (ਮਿਲਟਰੀ ਹੈਡਕੁਆਰਟਰ ਆਫ ਵਾਰ ਵੈਪਨ) ਛਾਉਣੀ ਵਿਚ ਉਹਨਾਂ ਦੇ ਜਨਮ ਸਥਾਨ ਤੇ ਪਹੁੰਚਣ ਦੇ ਲਈ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਸੈਨਿਕ ਪ੍ਰਸ਼ਾਸਨ ਨੇ ਤਿੰਨ ਵਿਚੋਂ ਦੋ ਰਸਤੇ ਬੰਦ ਕਰ ਦਿੱਤੇ ਹਨ। ਜਨਮ ਸਥਾਨ ਦੇ ਆਸ ਪਾਸ ਦੀ ਜ਼ਮੀਨ ਤੇ ਫੌਜ ਆਪਣੀ ਯੂਨਿਟਾਂ ਦੇ ਲਈ ਨਿਰਮਾਣ ਕਰ ਰਹੀ ਹੈ। ਇਸ ਕਾਰਨ ਅੰਬੇਦਕਰ ਜੈਅੰਤੀ ਵਰਗੇ ਸਲਾਨਾ ਪ੍ਰੋਗਰਾਮਾਂ ਵਿਚ ਵੀ ਦਿੱਕਤਾਂ ਪੇਸ਼ ਆ ਰਹੀਆਂ ਹਨ। ਮੱਧ ਪ੍ਰਦੇਸ਼ ਸਰਕਾਰ ਨੇ ਰੱਖਿਆ ਮੰਤਰਾਲੇ ਤੋਂ ਜਨਮ ਸਥਾਨ ਦੇ ਆਸ ਪਾਸ ਖੇਤਰ ਦੀ ਜ਼ਮੀਨ ਮੰਗੀ ਹੈ। ਇਸ ਦੇ ਬਦਲੇ ਰਾਜ ਸਰਕਾਰ ਫੌਜ ਨੂੰ ਕਿਤੇ ਵੀ ਉਨੀ ਕੀਮਤ ਦੀ ਜ਼ਮੀਨ ਦੇਣ ਲਈ ਤਿਆਰ ਹੈ। ਹਾਲਾਂਕਿ ਇਹ ਮਾਮਲਾ ਹੁਣ ਰੱਖਿਆ ਮੰਤਰਾਲੇ ਵਿਚ ਫਸ ਗਿਆ ਹੈ।

ਮੱਧ ਕਮਾਨ ਰੱਖਿਆ ਸੰਪਤੀ ਹੈਡਕੁਆਰਟਰ ਦੇ ਦੋ ਦਿਨਾ ਪ੍ਰੋਗਰਾਮ ਵਿਚ ਹਿੱਸਾ ਲੈਣ ਲਖਨਊ ਆਏ ਮਹੂ ਛਾਉਣੀ ਉਪ ਪ੍ਰਧਾਨ ਅਤੇ ਪਾਰਸ਼ਦਾਂ ਨੇ ਮਾਮਲੇ ਨੂੰ ਰੱਖਿਆ ਮੰਤਰਾਲੇ ਦੇ ਪ੍ਰਮੁੱਖ ਅਧਿਕਾਰੀਆਂ ਦੇ ਸਾਹਮਣੇ ਉਠਾਇਆ। ਜਨਮ ਸਥਾਨ ਮਹੂ ਛਾਉਣੀ ਦੇ ਵਾਰਡ ਨੰਬਰ ਪੰਜ ਵਿਚ ਆਉਂਦੀ ਹੈ। ਇੱਥੇ ਪਾਰਸ਼ਦ ਮੁਜੀਬ ਕੁਰੈਸ਼ੀ ਦੱਸਦੇ ਹਨ ਕਿ ਅੰਬੇਦਕਰ ਦਾ ਜਨਮ ਮਹੂ ਛਾਉਣੀ ਦੇ ਜਿਸ ਮਕਾਨ ਵਿਚ ਹੋਇਆ ਸੀ, ਉਹ ਫੌਜ ਦਾ ਸੀ।

ਅੰਬੇਦਕਰ ਜਨਮ ਸਥਾਨ ਤੇ ਦੇਸ਼ ਭਰ ਤੋਂ ਹਰ ਸਾਲ ਦੋ ਤੋਂ ਤਿੰਨ ਲੱਖ ਲੋਕ ਦਰਸ਼ਨ ਕਰਨ ਆਉਂਦੇ ਹਨ। ਆਸ ਪਾਸ ਫੌਜ ਨੇ ਆਪਣੀਆਂ ਯੂਨਿਟਾਂ ਦੀ ਲੋੜ ਨੂੰ ਦੇਖਦੇ ਅਤੇ ਸੁਰੱਖਿਆ ਦੇ ਮੱਦੇਨਜ਼ਰ ਕੁਝ ਹਿੱਸਿਆਂ ਦਾ ਨਿਰਮਾਣ ਕਰ ਲਿਆ ਹੈ।

ਅੰਬੇਦਕਰ ਦੇ ਜਨਮ ਦਿਨ 14 ਅਪ੍ਰੈਲ ਲੂੰ ਜਨਮ ਸਥਾਨ ਦੀ ਥਾਂ ਬਹੁਤ ਛੋਟੀ ਪੈ ਜਾਂਦੀ ਹੈ। ਨਾਲ ਹੀ ਕਾਲੀ ਪਲਟਣ ਮੈਦਾਨ ਹੈ ਜੋ ਕਿ ਫੌਜ ਦੇ ਅਧਿਕਾਰ ਖੇਤਰ ਵਿਚ ਹੈ। ਇਸ ਮੈਦਾਨ ਤੇ ਆਯੋਜਨ ਦੇ ਲਈ ਕਈ ਵਾਰ ਮੰਤਰਾਲੇ ਦੀ ਆਗਿਆ ਵਿਚ ਵੀ ਦਿੱਕਤ ਆ ਜਾਂਦੀ ਹੈ।

# ਬੀ. ਐਚ. ਯੂ. ਵਿਚ ਦਲਿਤ ਪ੍ਰੋਫੈਸਰਾਂ ਨੂੰ ਲੈਬ ਵਿਚ ਵੜਨ ਨਹੀਂ ਦਿੰਦੇ ਸੀਨੀਅਰ

**ਵਾਰਾਨਸੀ–** ਬੀ. ਐਚ. ਯੂ. ਦੇ ਦਰਜਨਾਂ ਪ੍ਰੋਫੈਸਰ ਦਲਿਤ ਸ਼ੋਸ਼ਣ ਦੇ ਮਾਮਲੇ ਨੂੰ ਲੈ ਕੇ ਗੁੱਸੇ ਵਿਚ ਹਨ। ਉਹਨਾਂ ਨੇ ਦੋਸ਼ ਲਗਾਇਆ ਕਿ ਯੂਨੀਵਰਸਿਟੀ ਵਿਚ ਦਲਿਤ ਵਰਗ ਦੇ ਪ੍ਰੋਫੈਸਰਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਨਾਲ ਮਤਰੇਆ ਵਿਵਹਾਰ ਕੀਤਾ ਜਾ ਰਿਹਾ ਹੈ। ਕਈ ਵਿਭਾਗਾਂ ਵਿਚ ਸੀਨੀਅਰ ਪ੍ਰੋਫੈਸਰ ਦਲਿਤ ਪ੍ਰੋਫੈਸਰਾਂ ਨੂੰ ਲੈਬ ਵਿਚ ਪ੍ਰਵੇਸ਼ ਕਰਨ ਨਹੀਂ ਦਿੰਦੇ। ਬਾਹਰ ਰਹਿਣ ਲਈ ਕਹਿੰਦੇ ਹਨ, ਇਸ ਦੇ ਵਿਰੋਧ ਵਿਚ ਉਹ ਇਕ ਸਮਾਰੋਹ ਵਿਚ ਕੁਲਪਤੀ ਲਾਲ ਜੀ ਸਿੰਘ ਨੂੰ ਮਿਲ ਕੇ ਆਪਣੀਆਂ ਸਮੱਸਿਆਵਾਂ ਰੱਖਣਗੇ। ਮੀਡੀਆ ਨਾਲ ਗੱਲ ਕਰਦਿਆਂ ਬੀ. ਐਚ. ਯੂ. ਦੇ ਕੁਝ ਪ੍ਰੋਫੈਸਰਾਂ ਨੇ ਕਿਹਾ ਕਿ ਵਿਭਾਗ ਵਿਚ ਉਹਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਤਿਹਾਸ ਵਿਭਾਗ ਦੇ ਐਸੋਸੀਏਟ ਪ੍ਰੋ. ਡਾ. ਮਹੇਸ਼ ਪ੍ਰਸਾਦ ਅਹਿਰਵਾਰ ਨੇ ਕਿਹਾ ਕਿ ਯੂਨੀਵਰਸਿਟੀ ਦੇ ਅੰਦਰ ਸੈਂਕੜੇ ਦਲਿਤ ਵਿਦਿਆਰਥੀਆਂ, ਕਰਮਚਾਰੀਆਂ ਅਤੇ ਪ੍ਰੋਫੈਸਰਾਂ ਦੇ ਨਾਲ ਮਤਰੇਆ ਵਿਵਹਾਰ ਕੀਤਾ ਜਾਂਦਾ ਹੈ। ਜਦੋਂ ਅੱਤਿਆਚਾਰ ਬਰਦਾਸ਼ਤ ਤੋਂ ਬਾਹਰ ਹੋ ਗਿਆ ਹੈ, ਤਾਂ ਹੁਣ ਸ਼ਿਕਾਇਤ ਦੀ ਨੌਬਤ ਆ ਗਈ ਹੈ। ਇੰਨਾ ਹੀ ਨਹੀਂ ਕਈ ਵਿਭਾਗਾਂ ਵਿਚ ਸੀਨੀਅਰ ਪ੍ਰੋਫੈਸਰ ਦਲਿਤ ਪ੍ਰੋਫੈਸਰਾਂ ਨੂੰ ਲੈਬ ਵਿਚ ਪ੍ਰਵੇਸ਼ ਨਹੀਂ ਕਰਨ ਦਿੰਦੇ।

ਸਿੱਖਿਆ ਵਿਭਾਗ ਦੇ ਪ੍ਰੋ. ਸੰਜੇ ਸੋਨਕਰ ਨੇ ਦੱਸਿਆ ਕਿ ਪੱਤਰਕਾਰੀ ਵਿਭਾਗ ਦਾ ਤਾਜ਼ਾ ਮਾਮਲਾ ਸਭ ਦੇ ਸਾਹਮਣੇ ਹੈ। ਇਸ ਵਿਚ ਔਰਤ ਪ੍ਰੋ. ਸ਼ੋਭਨਾ ਜੀ ਦੇ ਨਾਲ ਕਈ ਸਾਲਾਂ ਤੋਂ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਕਈ ਸਾਲਾਂ ਤੋਂ ਸੀਨੀਅਰ ਪ੍ਰੋਫੈਸਰ ਕਲਾਸ ਵੀ ਨਹੀਂ ਲੈਣ ਦਿੰਦੇ ਸਨ। ਉਹਨਾਂ ਨੇ ਇਹ ਵੀ ਦੋਸ਼ ਲਗਾਇਆ ਕਿ ਦਲਿਤ ਵਿਦਿਆਰਥੀਆਂ ਨੂੰ ਇੰਟਰਵਿਊ ਪ੍ਰੀਖਿਆ ਵਿਚ ਘੱਟ ਨੰਬਰ ਦਿੱਤੇ ਜਾਂਦੇ ਹਨ। ਉਹਨਾਂ ਦੀ ਰਿਸਰਚ ਨੂੰ ਦਬਾਅ ਦਿੱਤਾ ਜਾਂਦਾ ਹੈ। ਖੇਤੀ ਵਿਗਿਆਨ ਸੰਸਥਾ ਦੇ ਪ੍ਰੋ. ਲਾਲ ਚੰਦ ਪ੍ਰਸਾਦ ਨੇ ਦੱਸਿਆ ਕਿ ਸਾਡੇ ਨਾਲ ਲਗਾਤਾਰ ਮਾੜਾ ਵਤੀਰਾ ਕੀਤਾ ਜਾਂਦਾ ਹੈ। ਸ਼ਿਕਾਇਤ ਕਰਨ ਤੇ ਵਿਭਾਗ ਉਸਨੂੰ ਅੱਗੇ ਨਹੀਂ ਵਧਾਉਂਦਾ, ਬਲਕਿ ਉਸਨੂੰ ਵਾਪਸ ਲੈਣ ਦੇ ਲਈ ਦਬਾਅ ਬਣਾਇਆ ਜਾਂਦਾ ਹੈ। ਬੀ. ਐਚ. ਯੂ. ਵਿਚ ਅਜਿਹੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ। ਸਾਡੀਆਂ ਕਈ ਖੋਜਾਂ ਨੂੰ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਰੋਕ ਦਿੱਤਾ ਜਾਂਦਾ ਹੈ। ਕਲਾ ਵਿਭਾਗ ਦੇ ਐਸੋਸੀਏਟ ਪ੍ਰੋ. ਰਾਹੁਲ ਰਾਜ ਨੇ ਦੱਸਿਆ ਕਿ ਮਜਬੂਰਨ ਦਲਿਤ ਪ੍ਰੋਫੈਸਰਾਂ ਨੂੰ ਪਿਛਲੇ ਕਈ ਮਹੀਨਿਆਂ ਵਿਚ ਰਾਸ਼ਟਰੀ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਕਮਿਸ਼ਨ, ਮਹਿਲਾ ਕਮਿਸ਼ਨ ਦਾ ਦਰਵਾਜ਼ਾ ਇਨਸਾਫ ਦੇ ਲਈ ਖੜਕਾਉਣਾ ਪਿਆ ਹੈ। ਕੁਲਪਤੀ ਵੀ ਮਾਮਲੇ ਨੂੰ ਨੋਟਿਸ ਵਿਚ ਲੈ ਕੇ ਕੋਈ ਕਾਰਵਾਈ ਨਹੀਂ ਕਰਦੇ ਹਨ। ਵਿਗਿਆਨ ਵਿਭਾਗ ਦੇ ਪ੍ਰੋ. ਆਰ. ਐਨ ਖਰਵਾਰ ਨੇ ਦੱਸਿਆ ਕਿ ਸੈਂਕੜੇ ਸ਼ੋਸ਼ਣ ਦੇ ਮਾਮਲੇ ਯੂਨੀਵਰਸਿਟੀ ਵਿਚ ਦੱਬੇ ਹੋਏ ਹਨ। ਹੁਣ ਸਮਾਂ ਆ ਗਿਆ ਹੈ ਕਿ ਇਕ ਆਵਾਜ਼ ਬੁਲੰਦ ਕਰਕੇ ਕੁਲਪਤੀ ਨੂੰ ਮਿਲ ਕੇ ਆਪਣੀ ਗੱਲ ਰੱਖੀ ਜਾਵੇ।

# ਬੜੇ ਹਰੇਵਾ ਕਾਂਡ ਦੀ ਚਾਰਜਸ਼ੀਟ ਕੋਰਟ ਵਿਚ ਦਾਖਲ

ਜਲਾਲਾਬਾਦ– ਖੇਤਰ ਦੇ ਬੜੇ ਹਰੇਵਾ ਵਿਚ ਦਲਿਤ ਔਰਤਾਂ ਨੂੰ ਨਿਰਵਸਤਰ ਕਰਕੇ ਪਿੰਡ ਘੁਮਾਉਣ ਦੇ ਚਰਚਿਤ ਕਾਂਡ ਦੀ ਜਾਂਚ ਪੂਰੀ ਕਰਕੇ ਚਾਰਜਸ਼ੀਟ ਕੋਰਟ ਵਿਚ ਦਾਖਲ ਕਰ ਦਿੱਤੀ ਹੈ। ਇਸ ਵਿਚ ਦਸ ਲੋਕੀ ਮੁਲਜ਼ਮ ਬਣਾਏ ਗਏ ਹਨ, ਜਦਕਿ ਇਸ ਮਾਮਲੇ ਵਿਚ ਰਿਪੋਰਟ ਦਰਜ ਹੋਣ ਤੋਂ ਬਾਅਦ ਸਰਕਾਰੀ ਪੱਖ ਵੱਲੋਂ ਦਿੱਤੀ ਗਈ ਦੂਜੀ ਬੇਨਤੀ ਵਿਚ ਸ਼ਾਮਲ ਨਾਂ ਜਾਂਚ ਵਿਚ ਗਲਤ ਪਾਏ ਜਾਣ ਕਾਰਨ ਉਹਨਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ।

ਚਾਰਜਸ਼ੀਟ ਵਿਚ ਸਰਵੇਸ਼ ਦੀ ਪਤਨੀ ਕਮਲੇਸ਼, ਰਾਮੌਤਾਰ ਦੀ ਪਤਨੀ ਸ਼੍ਰੀਦੇਵੀ, ਰਾਮਸੇਵਕ ਦੀ ਪਤਨੀ ਵੀਰਾਵਤੀ, ਰਿਸ਼ੀਪਾਲ ਦੀ ਪਤਨੀ ਰੇਸ਼ਮਾ, ਜੈਰਾਮ ਦੀ ਪਤਨੀ ਫੂਲਮਤੀ ਅਤੇ ਰਾਕੇਸ਼ ਦੀ ਪਤਨੀ ਮੀਨਾ ਤੋਂ ਇਲਾਵਾ ਪਿੰਡ ਦੇ ਸ਼੍ਰੀਪਾਲ, ਉਸਦੇ ਪੁੱਤਰ ਰਾਕੇਸ਼, ਰਨਪਾਲ ਅਤੇ ਸਰਵੇਸ਼ ਦੇ ਨਾਂ ਸ਼ਾਮਲ ਹਨ। ਇੰਸਪੈਕਟਰ ਆਦੇਸ਼ ਕੁਮਾਰ ਤਿਆਗੀ ਮੁਤਾਬਕ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰਕੇ ਚਾਰਜਸ਼ੀਟ ਅਦਾਲਤ ਵਿਚ ਦਾਖਲ ਕਰ ਦਿੱਤੀ ਹੈ। ਉਹਨਾਂ ਦੱਸਿਆ ਕਿ ਇਸ ਮਾਮਲੇ ਦੀ ਰਿਪੋਰਟ ਦਰਜ ਹੋਣ ਤੋਂ ਬਾਅਦ ਜੋ 12 ਨਾਂ ਦੱਸੇ ਗਏ ਸਨ, ਜਾਂਚ ਵਿਚ ਉਹਨਾਂ ਦੀ ਕੋਈ ਮੌਜੂਦਗੀ ਨਹੀਂ ਪਾਈ ਗਈ।

ਵਰਣਨਯੋਗ ਹੈ ਕਿ 14 ਮਈ ਨੂੰ ਉਕਤ ਪਿੰਡ ਦੀ ਕਸ਼ਿਅਪ ਜਾਤੀ ਦੀ ਲੜਕੀ ਨੂੰ ਪਿੰਡ ਦਾ ਦਲਿਤ ਬਿਰਾਦਰੀ ਦਾ ਸੰਤੋਸ਼ ਆਪਣੇ ਨਾਲ ਲੈ ਗਿਆ ਸੀ।

ਇਸ ਮਾਮਲੇ ਨੂੰ ਇੱਜ਼ਤ ਨਾਲ ਜੋੜਦੇ ਹੋਏ ਲੜਕੇ ਪੱਖ ਦੇ ਲੋਕਾਂ ਨੇ ਘਰ ਵਿਚ ਇਕੱਲੀ ਮਿਲੀ ਲੜਕੇ ਦੀ ਮਾਂ ਸਮੇਤ ਪਰਿਵਾਰ ਦੀਆਂ ਪੰਜ ਔਰਤਾਂ ਨੂੰ ਨਿਰਵਸਤਰ ਕਰਕੇ ਜਨਤਕ ਤੌਰ ਤੇ ਘੁਮਾਉਣ ਦੀ ਸ਼ਰਮਨਾਕ ਘਟਨਾ ਨੂੰ ਅੰਜਾਮ ਦਿੱਤਾ ਸੀ।

# ਦਲਿਤ ਔਰਤ ਦੇ ਨਾਲ ਸਮੂਹਿਕ ਬਲਾਤਕਾਰ

**ਬਾੜਮੇਰ–** ਬਾੜਮੇਰ ਜ਼ਿਲ੍ਹੇ ਦੇ ਨਾਗਾਣਾ ਥਾਣੇ ਅਧੀਨ ਪਿੰਡ ਮੁਡੋ ਦੀ ਢਾਣੀ ਨਿਵਾਸੀ ਇਕ ਦਲਿਤ ਔਰਤ ਦੇ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਦੋ ਦੋਸ਼ੀਆਂ ਦੇ ਖ਼ਿਲਾਫ਼ ਨਾਗਾਣਾ ਥਾਣੇ ਵਿਚ ਪਰਚਾ ਦਰਜ ਕੀਤਾ ਗਿਆ ਹੈ। ਇੱਧਰ ਦਲਿਤ ਅੱਤਿਆਚਾਰ ਨਿਵਾਰਨ ਕਮੇਟੀ ਨੇ ਦਲਿਤਾਂ ਤੇ ਵੱਧ ਰਹੀਆਂ ਅੱਤਿਆਚਾਰਾਂ ਦੀਆਂ ਘਟਨਾਵਾਂ ਤੇ ਰੋਸ ਪ੍ਰਗਟ ਕਰਦੇ ਹੋਏ ਸਾਰੇ ਮਾਮਲਿਆਂ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੀੜਤ ਪੱਖ ਨੂੰ ਨਿਆਂ ਦਿਵਾਉਣ ਦੀ ਮੰਗ ਕੀਤੀ ਹੈ।

ਦਲਿਤ ਅੱਤਿਆਚਾਰ ਨਿਵਾਰਨ ਕਮੇਟੀ ਦੇ ਸੰਯੋਜਕ ਉਦਾਰਾਮ ਮੇਘਵਾਲ ਨੇ ਦੱਸਿਆ ਕਿ ਮੂੜੋ ਦੀ ਢਾਣੀ ਪਿੰਡ ਪੰਚਾਇਤ ਨਿਵਾਸੀ ਇਕ ਦਲਿਤ ਔਰਤ ਨਾਲ 4 ਜੁਲਾਈ ਨੂੰ ਰਾਤ ਨੂੰ ਦੋ ਵਜੇ ਦੋਸ਼ੀ ਨਿੰਬੂਰਾਮ ਪੁੱਤਰ ਹੇਮਰਾਮ ਜਾਟ ਅਤੇ ਸ਼ੋਭਾਰਾਮ ਪੁੱਤਰ ਅਚਲਾਰਾਮ ਜਾਟ ਨਿਵਾਸੀ ਜਟੀਓ ਕੁਮਾਰੋ ਨੇ ਬਸਤੀ ਵਿਚ ਨਾਜਾਇਜ਼ ਤੌਰ ਤੇ ਘਰ ਵੜ ਕੇ ਸਮੂਹਿਕ ਬਲਾਤਕਾਰ ਕੀਤਾ। ਇਸ ਦੌਰਾਨ ਪੀੜਤਾ ਦਾ ਪਤੀ ਮਜ਼ਦੂਰੀ ਦੇ ਲਈ ਮੋਹਨਗੜ੍ਹ ਗਿਆ ਹੋਇਆ ਸੀ। ਇਸ ਸਬੰਧ ਵਿਚ ਨਾਗਾਣਾ ਪੁਲਿਸ ਸਟੇਸ਼ਨ ਵਿਚ ਮਾਮਲਾ ਦਰਜ ਹੈ।

ਸੰਯੋਜਕ ਮੇਘਵਾਲ ਨੇ ਦੱਸਿਆ ਕਿ ਇਸ ਮਾਮਲੇ ਵਿਚ ਬਾੜਮੇਰ ਪੁਲਿਸ ਉਪ ਮੁਖੀ ਨੇ ਮੌਕੇ ਦਾ ਮੁਆਇਨਾ ਕੀਤਾ। ਨਾਲ ਹੀ ਪੀੜਤਾ ਦਾ ਮੈਡੀਕਲ ਕਰਵਾਇਆ। ਉਹਨਾਂ ਦੱਸਿਆ ਕਿ ਪੀੜਤਾ ਦੇ ਸਰੀਰ ਤੇ ਬਾਹਰੀ ਸੱਟਾਂ ਵੀ ਹਨ। ਮੇਘਵਾਲ ਦੇ ਮੁਤਾਬਕ ਬਾੜਮੇਰ ਜ਼ਿਲ੍ਹੇ ਵਿਚ ਅਨੁਸੂਚਿਤ ਜਾਤੀ ਜਨ ਜਾਤੀ ਦੇ ਲੋਕਾਂ ਤੇ ਅੱਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸਪਸ਼ਟ ਕਰਕੇ ਸਥਾਨਕ ਪੱਧਰ ਤੇ ਸੁਣਵਾਈ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਪੀੜਤ ਪੱਖ ਨੂੰ ਤੁਰੰਤ ਨਿਆਂ ਮਿਲ ਸਕੇ।

# ਦਲਿਤ ਲੜਕੀ ਨਾਲ ਬਲਾਤਕਾਰ

**ਬਸੀ ਪਠਾਣਾਂ (ਫਤਿਹਗੜ੍ਹ ਸਾਹਿਬ)–** ਪੁਲਿਸ ਨੇ ਬਸੀ ਪਠਾਣਾਂ ਵਿਚ ਇਕ ਦਲਿਤ ਲੜਕੀ ਨਾਲ ਬਲਾਤਕਾਰ ਦੀ ਸ਼ਿਕਾਇਤ ਮਿਲਣ ਤੇ ਮਾਮਲਾ ਦਰਜ ਕੀਤਾ ਹੈ। ਇਸ ਬਾਰੇ ਥਾਣਾ ਮੁਖੀ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਪਿਤਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਦੀ 18 ਸਾਲਾ ਲੜਕੀ ਜਦੋਂ ਸਿਲਾਈ ਸੈਂਟਰ ਤੋਂ ਘਰ ਮੁੜ ਰਹੀ ਸੀ, ਤਾਂ ਰਸਤੇ ਵਿਚ ਉਸਨੂੰ ਹਰਜਿੰਦਰ ਸਿੰਘ ਉਰਫ ਘੁੰਗਰੀ ਨਿਵਾਸੀ ਬਸੀ ਪਠਾਣਾਂ ਮਿਲਿਆ। ਉਹ ਉਸਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਆਪਣੇ ਮੋਟਰ ਸਾਈਕਲ ਤੇ ਰਾਜਪੁਰੇ ਵੱਲ ਲੈ ਗਿਆ ਅਤੇ ਇਕ ਪਿੰਡ ਵਿਚ ਜਾ ਕੇ ਬਲਾਤਕਾਰ ਕੀਤਾ। ਇਸ ਤੋਂ ਬਾਅਦ ਜ਼ੁਬਾਨ ਨਾ ਖੋਲ੍ਹਣ ਦੀ ਧਮਕੀ ਦਿੱਤੀ। ਇਸ ਤੇ ਪੁਲਿਸ ਨੇ ਦੋਸ਼ੀ ਹਰਜਿੰਦਰ ਸਿੰਘ ਦੇ ਖ਼ਿਲਾਫ਼ ਬਲਾਤਕਾਰ ਦਾ ਦਾ ਮਾਮਲਾ ਦਰਜ ਕਰਕੇ ਜਾਂਚ ਆਰੰਭ ਕਰ ਦਿੱਤੀ ਹੈ। (ਪੰਜਾਬੀ ਟ੍ਰਿਬਿਊਨ)

# ਰੰਜਿਸ਼ ਕਾਰਨ ਨੌਜਵਾਨ ਨੂੰ ਕੁੱਟਿਆ, ਕਾਂਗਰਸ ਦੀ ਔਰਤ ਲੀਡਰ ਅਤੇ ਸਾਬਕਾ ਪਾਰਸ਼ਦ ਤੇ ਦੋਸ਼

**ਸ਼ਯੋਪੁਰ–** ਰੰਜਿਸ਼ ਦੇ ਕਾਰਨ ਇਕ ਦਲਿਤ ਲੜਕੇ ਦੀ ਕੁੱਟਮਾਰ ਕੀਤੀ ਗਈ। ਦੋਸ਼ ਕਾਂਗਰਸ ਦੀ ਔਰਤ ਨੇਤਾ ਲਕਸ਼ਮੀ ਸ਼ਿਵਹਰੇ ਅਤੇ ਸਾਬਕਾ ਪਾਰਸ਼ਦ ਅਨਬਰ ਬਾਲਾਪੁਰੀ 'ਤੇ ਹੈ। ਇਸ ਸਿਲਸਿਲੇ ਵਿਚ ਲੜਕੇ ਨੇ ਅਜਾਕ ਡੀ. ਐਸ. ਪੀ. ਨੂੰ ਸ਼ਿਕਾਇਤ ਕਰਕੇ ਕਾਰਵਾਈ ਦੀ ਬੇਨਤੀ ਕੀਤੀ ਹੈ। ਲੜਕੇ ਰਮੇਸ਼ ਪੁੱਤਰ ਪਾਤੀਰਾਮ ਜਾਟਵ ਨਿਵਾਸੀ ਵਾਰਡ 5 ਨੇ ਅਜਾਕ ਡੀ. ਐਸ. ਪੀ. ਨੂੰ ਸੌਂਪੀ ਬੇਨਤੀ ਵਿਚ ਦੱਸਿਆ ਕਿ ਸ਼ੁੱਕਰਵਾਰ ਨੂੰ ਬੱਸ ਸਟੈਂਡ ਤੋਂ ਉਹ ਆਪਣੀ ਪਤਨੀ ਮਿਥਲੇਸ਼ ਦੇ ਨਾਲ ਲੰਘ ਰਿਹਾ ਸੀ। ਉਦੋਂ ਉਸਨੂੰ ਮਹਿਲਾ ਕਾਂਗਰਸ ਦੀ ਪ੍ਰਦੇਸ਼ ਜਨਰਲ ਸਕੱਤਰ ਲਕਸ਼ਮੀ ਸ਼ਿਵਹਰੇ ਅਤੇ ਸਾਬਕਾ ਪਾਰਸ਼ਦ ਅਨਬਰ ਬਾਲਾਪੁਰੀ ਨੇ ਰੋਕ ਲਿਆ। ਲਕਸ਼ਮੀ ਅਤੇ ਅਨਬਰ ਨੇ ਪੁਰਾਣੀ ਰੰਜਿਸ਼ ਦੇ ਕਾਰਨ ਗਾਲੀ ਗਲੋਚ ਕਰਦੇ ਹੋਏ ਉਸ ਨਾਲ ਕੁੱਟਮਾਰ ਕੀਤੀ। ਮਿਥਲੇਸ਼ ਅਤੇ ਮੌਕੇ ਤੇ ਮੌਜੂਦ ਬਾਬੂਲਾਲ ਨੇ ਬਚਾਅ ਕੀਤਾ। ਲੜਕੇ ਦਾ ਦੋਸ਼ ਹੈ ਕਿ ਔਰਤ ਕਾਂਗਰਸ ਨੇਤਾ ਨੇ ਉਸਨੂੰ ਬਲਾਤਕਾਰ ਦੇ ਝੂਠੇ ਕੇਸ ਵਿਚ ਫਸਾਉਣ ਦੇ ਲਈ ਧਮਕਾਇਆ ਸੀ। ਡੀ. ਐਸ. ਪੀ. ਤੋਂ ਪੀੜਤ ਨੇ ਕਾਰਵਾਈ ਦੀ ਮੰਗ ਕੀਤੀ।

# ਘਰੇ ਵੜ ਕੇ ਗੋਲੀਆਂ ਮਾਰਨ ਦੇ ਦੋਸ਼ ਲਗਾਏ

**ਅਟਾਰੀ–** ਦਲਿਤ ਪਰਿਵਾਰ ਨਾਲ ਸਬੰਧਤ ਹਰਪਾਲ ਸਿੰਘ ਨਿਵਾਸੀ ਪਿੰਡ ਹਰਦੋ ਰਤਨ ਨੇ ਪੁਲਿਸ ਚੌਂਕੀ ਕਾਹਨਗੜ੍ਹ ਵਿਚ ਸ਼ਿਕਾਇਤ ਦਰਜ ਕਰਵਾਈ ਕਿ ਦੇਰ ਸ਼ਾਮ ਉਹ ਖਾਣਾ ਖਾ ਰਹੇ ਸਨ, ਉਹਨਾਂ ਦੇ ਪਿੰਡ ਦੇ ਹੀ ਰਣਜੋਧ ਸਿੰਘ ਜੋਧਾ ਉਹਨਾਂ ਦੇ ਘਰ ਆ ਕੇ ਹਵਾਈ ਫਾਇਰ ਕਰਨ ਲੱਗੇ। ਵਿਰੋਧ ਕਰਨ ਤੇ ਉਸਨੇ ਉਸਦੇ ਪਿਸਟਲ ਨਾਲ ਗੋਲੀ ਚਲਾ ਦਿੱਤੀ। ਉਸਦੀ ਪਤਨੀ ਤੇ ਵੀ ਫਾਇਰ ਕੀਤੇ। ਇਸ ਵਿਚ ਦੋਵੇਂ ਜ਼ਖਮੀ ਹੋ ਗਏ। ਪੁਲਿਸ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਘਟਨਾ ਸਥਾਨ ਤੇ ਪਹੁੰਚ ਕੇ ਜਾਇਜ਼ਾ ਲਿਆ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ।

ਹਰਪਾਲ ਸਿੰਘ ਨੇ ਕਿਹਾ ਕਿ ਜੋਧੇ ਨੇ ਪੁਰਾਣੀ ਰੰਜਿਸ਼ ਦੇ ਬਦਲਾ ਲੈਣ ਦੇ ਕਾਰਨ ਘਟਨਾ ਨੂੰ ਅੰਜਾਮ ਦਿੱਤਾ ਹੈ। ਇਸ ਸਬੰਧੀ ਪੁਲਿਸ ਥਾਣਾ ਘਰੋਂਡਾ ਦੇ ਐਸ. ਐਚ. ਓ. ਰਵਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ।

# ਦਲਿਤ ਵਿਕਾਸ ਸਕੂਲ ਤੋਂ ਫੈਲੇਗੀ ਸਿੱਖਿਆ ਦੀ ਰੌਸ਼ਨੀ

**ਮੋਤੀਹਾਰੀ–** ਬਿਜਲਪੁਰ ਪੰਚਾਇਤ ਦੇ ਖਗਨੀ ਪਿੰਡ ਵਿਚ ਦਲਿਤ ਬੱਚਿਆਂ ਨੂੰ ਗੁਣਾਤਮਕ ਸਿੱਖਿਆ ਦਿਵਾਉਣ ਦੇ ਲਈ ਬੁੱਧਵਾਰ ਨੂੰ ਦਲਿਤ ਵਿਕਾਸ ਸਕੂਲ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਦਲਿਤ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਮਦਨ ਪਾਸਵਾਨ, ਲੋਜਪਾ ਨੇਤਾ ਮਹਿੰਦਰ ਯਾਦਵ ਅਤੇ ਸੰਤੋਸ਼ ਪਾਸਵਾਨ ਨੇ ਕੀਤਾ। ਜ਼ਿਲ੍ਹਾ ਪ੍ਰਧਾਨ ਸ੍ਰੀ ਪਾਸਵਾਨ ਨੇ ਕਿਹਾ ਕਿ ਖੇਤਰ ਦਾ ਦਲਿਤ ਵਿਕਾਸ ਸਕੂਲ ਮੀਲ ਦਾ ਪੱਥਰ ਸਾਬਤ ਹੋਵੇਗਾ। ਦਲਿਤ ਸਮਾਜ ਦੇ ਬੱਚੇ ਜਦੋਂ ਤੱਕ ਸਿੱਖਿਅਤ ਨਹੀਂ ਹੋਣਗੇ, ਉਦੋਂ ਤੱਕ ਦਲਿਤਾਂ ਦਾ ਕਲਿਆਣ ਸੰਭਵ ਨਹੀਂ ਹੈ। ਮਾਪਿਆਂ ਨੂੰ ਇਕ ਕਦਮ ਅੱਗੇ ਵੱਧ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੇ ਲਈ ਉਸਨੂੰ ਗੁਣਾਤਮਕ ਸਿੱਖਿਆ ਦੇਣ ਪ੍ਰਤੀ ਜਾਗਰੂਕ ਹੋਣਾ ਹੋਵੇਗਾ। ਇਸ ਦੌਰਾਨ ਕਾਲਜ ਵਿਚ ਕਰੀਬ ਸੌ ਵਿਦਿਆਰਥੀਆਂ ਨੂੰ ਕਾਪੀਆਂ-ਕਲਮਾਂ ਅਤੇ ਪੁਸਤਕਾਂ ਵੰਡੀਆਂ ਗਈਆਂ। ਵਰਗ ਇਕ ਤੋਂ ਸੱਤ ਤੱਕ ਉਕਤ ਸਕੂਲ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਵੇਗਾ।

# ਪੁਸ਼ਕਰਮ ਮੇਲੇ ਵਿੱਚ ਭਗਦੜ; 35 ਮੌਤਾਂ

**ਰਾਜਾਮੁੰਦਰੀ–** ਆਂਧਰਾ ਪ੍ਰਦੇਸ਼ ਵਿੱਚ ਗੋਦਾਵਰੀ ਨਦੀ ਦੇ ਕੰਢੇ ਪੁਸ਼ਕਰਮ ਮੇਲੇ ਦੇ ਪਹਿਲੇ ਹੀ ਦਿਨ ਅੱਜ ਭਗਦੜ ਮੱਚ ਜਾਣ ਕਾਰਨ 35 ਸ਼ਰਧਾਲੂਆਂ ਦੀ ਮੌਤ ਹੋ ਗਈ ਜਿਨ੍ਹਾਂ ਵਿੱਚ 32 ਔਰਤਾਂ ਸ਼ਾਮਲ ਹਨ । ਇਸ ਘਟਨਾ ਵਿੱਚ 20 ਵਿਅਕਤੀ ਜ਼ਖਮੀ ਵੀ ਹੋਏ ਹਨ। ਇਹ ਧਾਰਮਿਕ ਮੇਲਾ ਹਰ 12 ਸਾਲ ਬਾਅਦ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਰਾਜ ਦੇ ਹਰ ਹਿੱਸੇ ਤੋਂ ਲੋਕ ਇਸ਼ਨਾਨ ਕਰਨ ਲਈ ਨਦੀ ਕਿਨਾਰੇ ਇਕੱਠ ਹੁੰਦੇ ਹਨ। ਇਹ ਘਟਨਾ ਸਵੇਰੇ 7.30 ਵਜੇ ਤੇ 8 ਵਜੇ ਵਿਚਾਲੇ ਹੋਈ। ਮਰਨ ਵਾਲੇ ਬਹੁਤੇ ਬਜ਼ੁਰਗ ਹਨ।

# ਸ਼ਰਾਬ ਦੀ ਦੁਕਾਨ ਤੇ ਦਲਿਤ ਦੀ ਹੱਤਿਆ

**ਗੌਰਾਬਾਦਸ਼ਾਹਪੁਰ (ਜੌਨਪੁਰ)–** ਦੇਸੀ ਸ਼ਰਾਬ ਦੀ ਦੁਕਾਨ ਤੇ ਸ਼ਰਾਬ ਪੀਣ ਦੌਰਾਨ ਹੋਏ ਵਿਵਾਦ ਵਿਚ 45 ਸਾਲਾ ਦਲਿਤ ਅੱਛੇ ਲਾਲ ਦੀ ਇੱਟ ਨਾਲ ਹਮਲਾ ਕਰਕੇ ਹੱਤਿਆ ਕਰ ਦਿੱਤੀ। ਇਹ ਵਾਰਦਾਤ ਗੌਰਾਬਾਦਸ਼ਾਹਪੁਰ ਕਸਬੇ ਵਿਚ ਸ਼ਨੀਵਾਰ ਦੀ ਸਵੇਰ ਹੋਈ। ਘਟਨਾ ਤੋਂ ਪ੍ਰੇਸ਼ਾਨ ਔਰਤਾਂ ਨੇ ਆਜਮਗੜ੍ਹ-ਜੌਨਪੁਰ ਮਾਰਗ ਤੇ ਜਾਮ ਲਗਾ ਦਿੱਤਾ। ਐਸ. ਪੀ. ਭਾਰਤ ਸਿੰਘ ਨੇ ਮੌਕੇ ਤੇ ਪਹੁੰਚ ਕੇ ਘਟਨਾ ਸਥਾਨ ਦਾ ਨਿਰੀਖਣ ਕੀਤਾ ਅਤੇ ਸ਼ਰਾਬ ਦੀ ਦੁਕਾਨ ਸੀਜ਼ ਕਰਨ ਦੇ ਆਦੇਸ਼ ਦਿੱਤੇ। ਦੋਸ਼ੀ ਵਿਕਾਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

ਬੰਜਾਰੇਪੁਰ ਪਿੰਡ ਨਿਵਾਸੀ ਅੱਛੇਲਾਲ ਸ਼ਰਾਬ ਦੀ ਦੁਕਾਨ ਤੇ ਪਹੁੰਚਿਆ। ਕਰੀਬ 8 ਵਜੇ ਸਵੇਰੇ ਗੌਰਾ ਡਿਹਵਾ ਨਿਵਾਸੀ ਵਿਕਾਸ ਸਿੰਘ ਵੀ ਉਥੇ ਪਹੁੰਚ ਗਿਆ। ਦੋਵਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਵਿਵਾਦ ਹੋ ਗਿਆ। ਹੱਥੋਪਾਈ ਦੇ ਦੌਰਾਨ ਵਿਕਾਸ ਨੇ ਅੱਛੇਲਾਲ ਤੇ ਇੱਟਾਂ ਨਾਲ ਹਮਲਾ ਕਰ ਦਿੱਤਾ। ਸਿਰ ਤੇ ਗੰਭੀਰ ਸੱਟਾਂ ਦੇ ਕਾਰਨ ਅੱਛੇ ਲਾਲ ਬੇਹੋਸ਼ ਹੋ ਕੇ ਡਿੱਗ ਪਿਆ। ਸੂਚਨਾ ਤੇ ਪਹੁੰਚੀ ਪੁਲਿਸ ਨੇ ਉਸਨੂੰ ਇਲਾਜ ਲਈ ਜ਼ਿਲ੍ਹਾ ਹਸਪਤਾਲ ਲਿਆਂਦਾ, ਜਿੱਥੇ ਉਸ ਨੇ ਦਮ ਤੋੜ ਦਿੱਤਾ।

ਘਟਨਾ ਤੋਂ ਬਾਅਦ ਵਿਕਾਸ ਭੱਜਦਾ ਹੋਇਆ ਪੁਲਿਸ ਚੌਂਕੀ ਪਹੁੰਚਿਆ ਅਤੇ ਦੱਸਿਆ ਕਿ ਅੱਤੇ ਲਾਲ ਦੇ ਕੋਲ ਉਸਦੇ 16 ਹਜ਼ਾਰ ਰੁਪਏ ਬਾਕੀ ਸਨ, ਇਸ ਨੂੰ ਲੈ ਕੇ ਹੰਗਾਮਾ ਹੋਇਆ ਅਤੇ ਅੱਛੇ ਲਾਲ ਜ਼ਖਮੀ ਹੋ ਗਿਆ। ਪੁਲਿਸ ਨੇ ਉਸਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਘਟਨਾ ਤੋਂ ਬਾਅਦ ਤਣਾਅ ਅਤੇ ਹਾਈਵੇ ਤੇ ਔਰਤਾਂ ਨੇ ਚੱਕਾ ਜਾਮ ਕੀਤਾ।

ਤਣਾਅ ਨੂੰ ਦੇਖਦੇ ਹੋਏ ਹੋਰ ਫੋਰਸ ਬੁਲਾ ਲਈ ਗਈ। ਦੁਪਹਿਰ 12 ਵਜੇ ਐਸ. ਪੀ. ਭਾਰਤ ਸਿੰਘ ਗੌਰਾਬਾਦਸ਼ਾਹਪੁਰ ਪਹੁੰਚੇ। ਸ਼ਰਾਬ ਦੀ ਦੁਕਾਨ ਦੇ ਨੇੜੇ ਲੱਗੇ ਤਖਤ ਨੂੰ ਦੇਖ ਕੇ ਭੜਕੇ। ਉਹਨਾਂ ਨੇ ਸੇਲਜ਼ਮੈਨ ਹਰੀ ਪ੍ਰਸਾਦ ਨੂੰ ਹਿਰਾਸਤ ਵਿਚ ਲੈ ਕੇ ਦੁਕਾਨ ਨੂੰ ਸੀਜ਼ ਕਰਨ ਦਾ ਨਿਰਦੇਸ਼ ਦਿੱਤਾ।

# ਦਲਿਤ ਲੜਕੀ ਨਾਲ ਦੁਰਵਿਵਹਾਰ ਦਾ ਮਾਮਲਾ ਐਸਸੀ ਕਮਿਸ਼ਨ ਕੋਲ ਪੁੱਜਾ

**ਸ੍ਰੀ ਮੁਕਤਸਰ ਸਾਹਿਬ–** ਬੀਤੇ ਦਿਨੀ ਪਿੰਡ ਮਾਨ ਸਿੰਘ ਵਾਲਾ ਵਿਖੇ ਦਲਿਤ ਤੇ ਜਨਰਲ ਵਰਗ 'ਚ ਦੇ ਹੋਏ ਝਗੜੇ ਪਿੱਛੋਂ ਪੀੜਤ ਧਿਰ ਵੱਲੋਂ ਥਾਣਾ ਸਦਰ ਮੂਹਰੇ ਸਖਤ ਰੋਸ ਮੁਜ਼ਾਹਰਾ ਕਰਕੇ ਮੁਲਜ਼ਮਾਂ ਖਿਲਾਫ ਕੇਸ ਤਾਂ ਦਰਜ ਕਰਵਾ ਲਿਆ ਪਰ ਇਸ ਪਿੱਛੋਂ ਇਥੇ ਸਿਵਲ ਹਸਪਤਾਲ 'ਚ ਦਲਿਤ ਲੜਕੀ ਨੂੰ ਮੁਲਜ਼ਮਾਂ ਵੱਲੋਂ ਮੁੜ ਕਥਿਤ ਤੌਰ 'ਤੇ ਜਾਤੀ ਸੂਚਕ ਗਾਲ੍ਹਾਂ ਕੱਢਣ ਅਤੇ ਕੁੱਟਮਾਰ ਕਰਨ ਕਾਰਨ ਮਾਮਲਾ ਫਿਰ ਗੰਭੀਰ ਬਣ ਗਿਆ ਹੈ। ਪੀੜਤ ਧਿਰ ਮੁਲਜ਼ਮਾਂ ਖਿਲਾਫ ਐਸਸੀ ਐਕਟ ਤਹਿਤ ਕੇਸ ਦਰਜ ਕਰਨ ਤੇ ਗ੍ਰਿਫਤਾਰੀ ਦੀ ਮੰਗ ਕਰ ਰਹੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਪੁਲੀਸ ਪੜਤਾਲ ਕਰਨ ਦੇ ਨਾਂ 'ਤੇ ਟਾਲਾ ਮਾਰ ਰਹੀ ਹੈ। ਇਸ ਦੌਰਾਨ ਮਾਮਲੇ ਨੂੰ ਲੈ ਕੇ ਇੱਕ ਵਫ਼ਦ ਨਗਰ ਕੌਂਸਲਰ ਪਰਮਿੰਦਰ ਸਿੰਘ ਪਾਸ਼ਾ ਦੀ ਅਗਵਾਈ ਹੇਠ ਐਸਸੀ ਕਮਿਸ਼ਨ ਪੰਜਾਬ ਦੇ ਮੈਂਬਰ ਕਰਨਵੀਰ ਇੰਦੌਰਾ ਨੂੰ ਇਥੇ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਿਆ। ਵਫ਼ਦ ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਅਤੇ ਦਰਜ ਕੇਸ ਦੀ ਧਾਰਾਵਾ ਵਿੱਚ ਵਾਧੇ ਦੀ ਮੰਗ ਕਰਦਿਆਂ ਦੱਸਿਆ ਕਿ ਪੀੜਤ ਲੜਕੀ ਨੇ ਬੀਏ ਬੀਐਡ ਤੱਕ ਪੜ੍ਹਾਈ ਕੀਤੀ ਹੈ। ਬੀਤੀ 6 ਜੁਲਾਈ ਨੂੰ ਪਿੰਡ ਦੇ ਜਨਰਲ ਵਰਗ ਨਾਲ ਸਬੰਧਤ ਕੁਝ ਆਦਮੀ ਉਸਦੇ ਪਿਤਾ ਮੰਦਰ ਸਿੰਘ ਸਾਬਕਾ ਸਰਪੰਚ ਪਿੰਡ ਮਾਨ ਸਿੰਘ ਵਾਲਾ ਤੇ ਭਰਾ ਕਸ਼ਮੀਰ ਸਿੰਘ ਦੇ ਗਲ ਪੈ ਗਏ ਅਤੇ ਸੱਟਾਂ ਮਾਰੀਆਂ। ਬਾਅਦ 'ਚ ਜਦੋਂ ਉਹ ਆਪਣੇ ਪਿਤਾ ਅਤੇ ਭਰਾ ਨੂੰ ਇਲਾਜ ਵਾਸਤੇ ਸਿਵਲ ਹਸਪਤਾਲ ਦਾਖਲ ਕਰਵਾਉਣ ਆਈ ਤਾਂ ਮੁਲਜ਼ਮਾਂ ਨੇ ਉਸ ਨਾਲ ਦੁਰਵਿਹਾਰ ਕੀਤਾ। ਉਨ੍ਹਾਂ ਨਿਰਮਲ ਸਿੰਘ, ਮਾੜੂ ਸਿੰਘ, ਨੀਲਾ ਸਿੰਘ ਆਦਿ ਦਰਜਨ ਭਰ ਮੁਲਜ਼ਮਾਂ ਖਿਲਾਫ ਗਾਲੀ-ਗਲੋਚ ਕਰਨ, ਕੱਪੜੇ ਪਾੜਣ ਵਰਗੇ ਦੋਸ਼ਾਂ ਅਧੀਨ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਸ੍ਰੀ ਪਾਸ਼ਾ ਸਣੇ ਹੋਰ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਮੁਲਜ਼ਮਾਂ ਖਿਲਾਫ ਮੁਕੰਮਲ ਧਾਰਾਵਾਂ ਲਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਵਿਢਣ ਲਈ ਮਜਬੂਰ ਹੋਣਗੇ।




ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਮੈਂਬਰ ਪਾਰਲੀਮੈਂਟ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਅੱਜ ਸੈਨਹੋਜੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਆਏ ,, ਗੁਰਦੁਆਰਾ ਸਾਹਿਬ ਆਉਣ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਚੰਦੂਮਾਜਰਾ ਮਾਜਰਾ ਨੇ ਅੱਜ ਭਾਰਤੀ ਸਫਾਰਤਖਾਨਾ ਸਾਨਫਰਾਸਸਕੋ ਦੇ ਅਧਿਕਾਰੀਆਂ ਨਾਲ, ਪਾਸਪੋਰਟ, ਵੀਜ਼ਾ, ਮੁਖਤਿਆਰਨਾਮੇ ਲੈਣ ਲਈ ਆ ਰਹੀਆਂ ਸਮੱਸਿਆਵਾਂ ਬਾਰੇ ਵਿਸ਼ੇਸ਼ ਮੀਟਿੰਗ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਸੀਨੀਅਰ ਅਕਾਲੀ ਆਗੂ ਕੁਲਵੰਤ ਸਿੰਘ ਖੈਰਾ ਦੇ ਘਰ ਦੁਪਹਿਰ ਦੇ ਖਾਣੇ ਤੇ ਅਕਾਲੀ ਅਤੇ ਯੂਥ ਅਕਾਲੀ ਆਗੂਆਂ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ। ਇਸ ਸਮੇਂ ਸੰਸਦੀ ਸਕੱਤਰ ਅਤੇ ਐਮ ਐਲ ਏ ਬੀਬੀ ਮਹਿੰਦਰ ਕੌਰ ਜੋਸ਼ ਵੀ ਹਾਜ਼ਰ ਸਨ।

# ਪੀਸੀਏ ਬੇ-ਏਰੀਆ ਅਤੇ ਫਰਿਜ਼ਨੋ ਵੱਲੋਂ ਗਿੱਪੇ-ਭੰਗੜੇ ਦੇ ਮੁਕਾਬਲੇ 18 ਜੁਲਾਈ ਨੂੰ ਕਰਵਾਏ ਜਾਣਗੇ !

**ਯੂਨੀਅਨ ਸਿਟੀ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਜਿਹਦੇ ਅਣਥੱਕ ਮੈਂਬਰਾ ਨੇ ਪੰਜਾਬੀ ਮਾਂ ਬੋਲੀ ਨੂੰ ਵਿਦੇਸ਼ਾਂ ਦੀ ਧਰਤੀ ਤੇ ਪ੍ਰਫੁੱਲਿਤ ਕਰਨ ਲਈ ਫਰਿਜ਼ਨੋ ਤੋਂ ਕਾਰਜ਼ ਅਰੰਭੇ ਸਨ, ਅਤੇ ਇਸ ਸੰਸਥਾ ਦੇ ਸਮੂਹ ਮੈਬਰਾਂ ਦੀ ਸਿਰ–ਤੋੜ ਮਿਹਨਤ ਸਦਕਾ ਇਹਨਾਂ ਵੱਲੋਂ ਸੱਤਵਾਂ ਗਿੱਧੇ–ਭੰਗੜੇ ਦਾ ਅੰਤਰ–ਰਾਸ਼ਟਰੀ ਮੁਕਾਬਲਾ ਬੇ–ਏਰੀਏ ਵਿੱਚ ਜਿਹੜਾ ਕਿ 18 ਮਈ ਦਿਨ ਸ਼ਨੀਵਾਰ ਨੂੰ ਸੈਂਟਰ ਆਫ ਪ੍ਰਫੌਰਮਿੰਗ ਆਰਟਸ ਜ਼ੇਮਜ਼ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ। ਇਹਨਾਂ ਮੁਕਾਬਲਿਆਂ ਸਬੰਧੀ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਕੰਪੀਟੀਸ਼ਨ ਸਬੰਧੀ ਸਾਰੀਆ ਤਿਆਰੀਆਂ ਮੁਕੰਮਲ ਕਰ ਲਈਆ ਗਈਆ ਹਨ ਅਤੇ ਪਰਿਵਾਰਾ ਨੂੰ ਸੁਰੱਖਿਆ ਦੇ ਮੱਦੇ ਨਜਰ ਸਕਿਉਰਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਮਿੱਕੀ ਸਰਾਂ ਨੂੰ (408) 966–7019 ਜਾ ਪ੍ਰਮਜੀਤ ਸਿੱਧੂ ਨੂੰ (510) 709–8000 ਤੇ ਸੰਪਰਕ ਕਰ ਕੀਤਾ ਜਾ ਸਕਦਾ ਹੈ। ਇਸ ਮੌਕੇ ਖਾਸ ਤੌਰ ਤੇ ਉਘੇ ਗਾਇਕ ਭਿੰਦਾ ਜੱਟ ਵੀ ਆਪਣੀ ਹਾਜ਼ਰੀ ਲਵਾਉਣ ਲਈ ਪਹੁੰਚ ਰਹੇ ਹਨ। ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪੀਸੀਏ ਦੇ ਮੈਂਬਰ ਬੇ–ਏਰੀਏ ਦੇ ਨਾਲ ਨਾਲ ਫਰਿਜ਼ਨੋ ਵਿਖੇ ਵੀ ਅੱਠ ਸਫਲ ਸੱਭਿਆਚਾਰਿਕ ਮੇਲੇ ਕਰਵਾ ਚੁਕੇ ਹਨ।



# ਮਜਦੂਰ ਵਰਗ ਜਥੇਬੰਦਕ ਹੋ ਕੇ ਹੀ ਆਪਣੇ ਹੱਥਾਂ ਦੀਆਂ ਲਕੀਰਾਂ ਬਦਲ ਸਕਦਾ ਹੈ-ਗੁਰਨਾਮ ਸਿੰਘ ਦਾਊਦ

## ਪਿੰਡ ਬਖ਼ਲੌਰ ਵਿਖੇ ਦਿਹਾਤੀ ਮਜਦੂਰਾਂ ਨੇ ਕੀਤਾ ਵਿਸ਼ਾਲ ਇੱਕਠ

**ਉੜਾਪੜ, (ਬੱਗਾ ਸੇਲਕੀਆਣਾ)–** ਪੇਂਡੂ ਗਰੀਬ ਤੇ ਦਿਹਾੜੀਦਾਰ ਕਾਮਿਆਂ ਦਾ ਵੱਡਾ ਇੱਕਠ ਪਿੰਡ ਬਖ਼ਲੌਰ ਵਿਖੇ ਕੀਤਾ ਗਿਆ। ਦਿਹਾਤੀ ਮਜਦੂਰਾਂ ਦੇ ਹੱਕਾਂ ਲਈ ਲੜਨ ਵਾਲੀ ਝੰਡਾ ਬਰਦਾਰ ਦਿਹਾਤੀ ਮਜਦੂਰ ਸਭਾ ਪੰਜਾਬ ਦੇ ਝੰਡੇ ਹੇਠ ਹੋਏ ਇੱਕਠ ਦੀ ਪ੍ਰਧਾਨਗੀ ਬਿਮਲ ਕਿਸ਼ੋਰ ਬਖਲੌਰ, ਸੋਹਣ ਲਾਲ ਸੈਂਪਲੇ ਰਾਹੋਂ ਅਤੇ ਦੇਵ ਰਾਜ ਸਲੋਹ ਨੇ ਕੀਤੀ। ਇਸ ਮੌਕੇ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਆਖਿਆ ਕਿ ਵੱਖ ਵੱਖ ਸਮੇਂ ਦੀਆਂ ਸਰਕਾਰਾਂ ਨੇ ਗਰੀਬ ਮਾਰੂ ਨੀਤੀਆਂ ਕਾਰਨ ਮਜਦੂਰ ਵਰਗ ਭੁੱਖ ਨਾ਼ਲ ਮਰਨ ਲਈ ਮਜ਼ਬੂਰ ਹੈ, ਗਰੀਬਾਂ ਦੇ ਬੱਚਿਆਂ ਤੋਂ ਵਿੱਦਿਆ ਖੋਹੀ ਜਾ ਰਹੀ ਹੈ, ਸਿਹਤ ਸਹੂਲਤਾਂ ਤੋਂ ਸਰਕਾਰ ਭੱਜ ਰਹੀ ਹੈ ਅਤੇ ਮਿਹਨਤਕਸ਼ਾਂ ਨੂੰ ਨਿੱਜੀ ਹਸਪਤਾਲਾਂ ਦੇ ਰਹਿਮੋ ਕਰਮ ਤੇ ਛੱਡ ਰਹੀ ਹੈ। ਪੜ੍ਹੇ ਲਿਖੇ ਨੌਜਵਾਨ ਬੁਰੀ ਸੰਗਤ 'ਚ ਪੈ ਕੇ ਨਸ਼ੇ ਵਰਗੀ ਘਾਤਕ ਆਦਤ ਵਿਚ ਧੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪਣੇ ਹੱਕਾਂ ਲਈ ਜਥੇਬੰਦ ਹੋ ਕੇ ਸੰਘਰਸ਼ ਕਰਕੇ ਆਪਣੇ ਹੱਥਾਂ ਦੀਆਂ ਲਕੀਰਾਂ ਬਦਲ ਸਕਦਾ ਹੈ। ਉਨ੍ਹਾਂ ਮਜਦੂਰਾਂ ਨੂੰ ਪਿੰਡ ਪਿੰਡ ਜਥੇਬੰਦੀ ਦੇ ਯੂਨਿਟ ਉਸਾਰਨ ਦਾ ਸੱਦਾ ਦਿੱਤਾ। ਇਸ ਮੌਕੇ ਸੱਤ ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਜਿਸ ਵਿੱਚ ਬਿਮਲ ਕਿਸ਼ੋਰ ਬਖਲੌਰ, ਜਸਪਾਲ ਕੁਲਾਮ, ਹਰਨੇਕ ਬੀਕਾ, ਗਰੀਬ ਦਾਸ ਰਾਹੋਂ, ਜੋਗਿੰਦਰ ਬਘੌਰਾ, ਮਨੋਹਰ ਲਾਲ, ਬਖ਼ਸ਼ੀਸ਼ ਸਿੰਘ ਝੰਡੇਵਾਲ, ਪਾਲ ਚੰਦ ਭਾਨ ਮਜਾਰਾ, ਮਨੋਹਰ ਲਾਲ ਮੁਕੰਦਪੁਰ ਆਦਿ ਚੁਣੇ ਗਏ। ਐਡਹਾਕ ਕਮੇਟੀ ਨੇ ਸਰਬਸੰਮਤੀ ਨਾ਼ਲ ਬਿਮਲ ਕਿਸ਼ੌਰ ਬਖਲੌਰ ਨੂੰ ਜ਼ਿਲ੍ਹਾ ਕਨਵੀਨਰ ਚੁਣਿਆਂ ਗਿਆ। ਇਸ ਮੌਕੇ ਸਭਾ ਦੇ ਆਗੂ ਸੋਹਣ ਸਿੰਘ ਸਲੇਮਪੁਰ, ਹਰਪਾਲ ਸਿੰਘ ਜਗਤਪੁਰ, ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਸਰੂਪ ਸਿੰਘ ਰਾਹੋਂ, ਜਮਹੂਰੀ ਕਿਸਾਨ ਸਭਾ ਦੇ ਆਗੂ ਜਰਨੈਲ ਸਿੰਘ ਜਾਫ਼ਰਪੁਰੀ ਆਦਿ ਨੇ ਭਰਾਤਰੀ ਸੰਦੇਸ਼ ਦਿੱਤਾ। ਅੰਤ ਵਿੱਚ ਮਜਦੂਰ ਏਕਤਾ ਜਿੰਦਾਬਾਦ ਦੇ ਅਕਾਸ਼ ਗੁੰਜਾਊ ਨਾਅਰਿਆਂ ਨਾਲ ਮੀਟਿੰਗ ਦੀ ਸਮਾ–ਪਤੀ ਕੀਤੀ ਗਈ। ਨਵੇਂ ਚੁਣੇ ਜ਼ਿਲ੍ਹਾ ਕਨਵੀਨਰ ਬਿਮਲ ਕਿਸ਼ੋਰ ਬਖਲੌਰ ਨੇ ਸਭਾ ਦਾ ਧੰਨਵਾਦ ਕੀਤਾ।



# ਨਿਊਯਾਰਕ ਵਿਖੇ ਹੋਇਆ ਦਲ ਖਾਲਸਾ ਦੇ ਪ੍ਰਧਾਨ ਦਾ ਸਨਮਾਨ!

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਹਫਤਾ ਕੁ ਪਹਿਲਾਂ ਹੀ ਨਿਊਯਾਰਕ ਦੇ ਜਿਸ ਗੁਰਦੁਆਰਾ ਰਿਚਮੰਡ ਹਿੱਲ ਵਿਖੇ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੰਗਤਾਂ ਨੇ ਸੰਬੋਧਨ ਨਹੀਂ ਸੀ ਕਰਨ ਦਿੱਤਾ, ਉਸੇ ਗੁਰੂ ਘਰ ਦੇ ਹਫਤਾਵਾਰੀ ਦੀਵਾਨ ਦੇ ਭਰਵੇਂ ਇਕੱਠ ਵਿਚ ਦਲ ਖਾਲਸਾ ਜਥੇਬੰਦੀ ਦੇ ਪ੍ਰਧਾਨ ਸ. ਹਰਚਰਨਜੀਤ ਸਿੰਘ ਧਾਮੀ ਨੇ ਪ੍ਰਭਾਵਸ਼ਾਲੀ ਲੈਕਚਰ ਦਿੱਤਾ। ਦਹਾਕਿਆਂ ਤੋਂ ਸਿੱਖ ਕਾਜ਼ ਲਈ ਸੰਘਰਸ਼ਸ਼ੀਲ ਜਥੇਬੰਦੀ ਦੇ ਪੰਥਕ ਨਿਸ਼ਾਨਿਆਂ ਬਾਰੇ ਭਾਈ ਧਾਮੀ ਨੇ ਦੱਸਿਆ ਕਿ ਅਸੀਂ ਸਿੱਖ ਪੰਥ ਦੇ ਖੁਸੇ ਹੋਏ ਵੱਕਾਰ ਲਈ ਬੌਧਿਕ ਪੱਧਰ ਦੇ ਨਾਲ ਨਾਲ ਜਨਤਕ ਜਾਗਰੂਕਤਾ ਮੁਹਿੰਮ ਵੀ ਚਲਾਈ ਹੋਈ ਹੈ। ਵਾਰ ਵਾਰ ਜੈਕਾਰੇ ਗਜਾ ਕੇ ਸੰਗਤਾਂ ਨੇ ਭਾਈ ਧਾਮੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ।

ਇਸ ਮੌਕੇ ਦਲ ਖਾਲਸਾ ਵੱਲੋਂ ਪ੍ਰਸਿੱਧ ਪੁਸਤਕ 'ਸੁਪਨੇ ਤੋਂ ਸੰਘਰਸ਼ ਵੱਲ' ਸ: ਧਾਮੀ ਨੇ ਰਿਚਮੰਡ ਹਿਲ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਗੁਰਦੇਵ ਸਿੰਘ ਕੰਗ ਨੂੰ ਭੇਂਟ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਭਾਈ ਧਾਮੀ ਨੂੰ ਇਸ ਮੌਕੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।



# ਬਾਪੂ ਖਾਲਸਾ ਦੀਆਂ ਮੰਗਾਂ ਮੰਨ ਕੇ ਸਰਕਾਰ ਸਥਿਤੀ ਨੂੰ ਖਰਾਬ ਹੋਣ ਤੋਂ ਬਚਾਵੇ-ਧੂਤ

**ਮਿਲਪੀਟਸ (ਕੈਲੀਫੋਰਨੀਆ)** ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ ਨੇ ਇੱਕ ਪ੍ਰੈੱਸ ਰਿਲੀਜ਼ ਰਾਹੀਂ ਕਿਹਾ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਲਈ ਪਿਛਲੇ 6 ਮਹੀਨਿਆਂ ਤੋਂ ਭੁੱਖ ਹੜਤਾਲ 'ਤੇ ਬੈਠੇ ਪ੍ਰਵਾਸੀ ਪੰਜਾਬੀ ਬਾਪੂ ਸੂਰਤ ਸਿੰਘ ਪ੍ਰਤੀ ਸਰਕਾਰ ਦੀ ਰਵੱਈਆ ਸੰਜੀਦਾ ਨਹੀਂ ਹੈ। ਉਨ੍ਹਾਂ ਦੀਆਂ ਮੰਗਾਂ ਜਾਇਜ਼ ਹਨ ਜਿਹੜੀਆਂ ਸਰਕਾਰ ਨੂੰ ਬਿਨਾਂ ਦੇਰੀ ਕੀਤੇ ਮੰਨ ਲੈਣੀਆਂ ਚਾਹੀਦੀਆਂ ਹਨ ਪਰ ਇਹ ਬਹੁਤ ਨਿੰਦਣਯੋਗ ਗੱਲ ਹੈ ਕਿ ਸਰਕਾਰ ਸ਼ੁਰੂ ਤੋਂ ਹੀ ਇਹ ਸੰਘਰਸ਼ ਖ਼ਤਮ ਕਰਨ ਬਾਪੂ ਸੂਰਤ ਸਿੰਘ 'ਤੇ ਲਈ ਮਾਨਸਿਕ ਤਸ਼ੱਦਦ ਕਰਦੀ ਆ ਰਹੀ ਹੈ। ਹੁਣ ਸਥਿਤੀ ਹੋਰ ਵੀ ਨਾਜ਼ੁਕ ਦੌਰ ਵਿੱਚ ਪਹੁੰਚ ਗਈ ਹੈ ਜਦੋਂ ਬਾਪੂ ਸੂਰਤ ਸਿੰਘ ਨੇ ਸਿੱਧਾ ਐਲਾਨ ਕਰ ਦਿੱਤਾ ਹੈ ਕਿ ਜੇ ਹੁਣ ਪੁਲਿਸ ਉਨ੍ਹਾਂ ਨੂੰ ਚੁੱਕ ਕੇ ਲਿਜਾਂਦੀ ਹੈ ਤਾਂ ਉਹ ਪਾਣੀ ਦਾ ਵੀ ਤਿਆਗ ਕਰ ਦੇਣਗੇ। ਸ. ਧੂਤ ਨੇ ਕਿਹਾ ਕਿ ਬਾਪੂ ਦੀ ਸਿਹਤ ਦਿਨੋਂ–ਦਿਨ ਖ਼ਰਾਬ ਹੁੰਦੀ ਜਾ ਰਹੀ ਹੈ।



ਜੇ ਉਨ੍ਹਾਂ ਨਾਲ ਕੁੱਝ ਵਾਪਰ ਜਾਂਦਾ ਹੈ ਤਾਂ ਬਾਦਲ ਸਰਕਾਰ 'ਤੇ ਸਿੱਧੀ ਜ਼ਿੰਮੇਵਾਰੀ ਹੋਵੇਗੀ। ਬਾਪੂ ਸੂਰਤ ਸਿੰਘ ਵੀ ਕਹਿ ਚੁੱਕੇ ਹਨ ਕਿ ਜੇ ਉਨ੍ਹਾਂ ਨੂੰ ਕੁੱਝ ਹੁੰਦਾ ਹਾਂ ਤਾਂ ਮੁੱਖ ਮੰਤਰੀ ਸ. ਬਾਦਲ ਨੂੰ 'ਉਨ੍ਹਾਂ ਦਾ ਕਾਤਲ' ਮੰਨਿਆ ਜਾਵੇ। ਇਸ ਲਈ ਸ. ਬਾਦਲ ਨੂੰ ਮਸਲੇ ਦੀ ਸੰਜੀਦਗੀ ਸਮਝ ਕੇ ਬਾਪੂ ਸੂਰਤ ਸਿੰਘ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ।

ਹੁਣ ਸ. ਬਾਦਲ ਦੀਆਂ ਇਨ੍ਹਾਂ ਦਲੀਲਾਂ ਦਾ ਵੀ ਕੋਈ ਆਧਾਰ ਨਹੀਂ ਰਹਿ ਗਿਆ ਕਿ ਬਾਪੂ ਦੀਆਂ ਮੰਗਾਂ ਮੰਨਣੀਆਂ ਜਾਂ ਨਾ ਮੰਨਣੀਆਂ ਕੇਂਦਰ ਸਰਕਾਰ ਦੇ ਹੱਥ ਵਿੱਚ ਹਨ ਕਿਉਂਕਿ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਪਾਰਲੀਮੈਂਟ ਵਿੱਚ ਇਸ ਮਾਮਲੇ ਬਾਰੇ ਪੁੱਛੇ ਗਏ ਇੱਕ ਸਵਾਲ ਦਾ ਕੇਂਦਰ ਨੇ ਲਿਖਤੀ ਜਵਾਬ ਇਹ ਦਿੱਤਾ ਹੈ ਕਿ ਇਨ੍ਹਾਂ ਕੈਦੀਆਂ ਬਾਰੇ ਸ. ਬਾਦਲ ਆਪਣੇ ਤੌਰ 'ਤੇ ਫ਼ੈਸਲਾ ਲੈ ਸਕਦੇ ਹਨ। ਇਸ ਤਰ੍ਹਾਂ ਹੁਣ ਸਾਰੇ ਮਾਮਲੇ ਦੀ ਸਚਾਈ ਵੀ ਸੰਗਤਾਂ ਤੱਕ ਪਹੁੰਚ ਚੁੱਕੀ ਹੈ. ਸ. ਬਾਦਲ ਹੁਣ ਇਸ ਮਾਮਲੇ ਵਿੱਚ ਆਪਣੇ–ਆਪ ਨੂੰ ਬੇਵਸ ਸਾਬਤ ਨਹੀਂ ਕਰ ਸਕਦੇ।

ਸ. ਧੂਤ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦੇ ਮਾਮਲੇ ਵਿੱਚ ਪੂਰੀ ਕੌਮ ਇੱਕ–ਮੁੱਠ ਹੈ। ਉਹ ਸਿੱਖ ਭਾਵੇਂ ਅਕਾਲੀ ਦਲ ਬਾਦਲ ਨਾਲ ਜੁੜੇ ਹੋਏ ਹਨ ਜਾਂ ਦੂਜੇ ਪੰਥਕ ਸੰਗਠਨਾਂ ਨਾਲ ਉਹ ਇਸ ਮਾਮਲੇ 'ਤੇ ਇੱਕ ਰਾਏ ਰੱਖਦੇ ਹਨ ਕਿ ਇਨ੍ਹਾਂ ਸਿੱਖ ਕੈਦੀਆਂ ਨੂੰ ਜੇਲ੍ਹਾਂ ਵਿੱਚ ਰੱਖ ਕੇ ਉਨ੍ਹਾਂ ਨਾਲ ਰਾਜਸੀ ਵਧੀਕੀ ਕੀਤੀ ਜਾ ਰਹੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

- * ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
- * ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
- * ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
- * 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838

# ਡਾ. ਅੰਬੇਦਕਰ ਅਤੇ ਸਿਆਸੀ ਪਾਰਟੀਆਂ ਦਾ ਉਹਨਾਂ ਪ੍ਰਤੀ ਹੇਜ

ਭਾਰਤੀ ਸਮਾਜ ਸਦੀਆਂ ਤੋਂ ਵਰਣ/ਜਾਤੀ ਆਧਾਰਿਤ ਬਣਤਰ ਵਿਚ ਅਨੇਕਾਂ ਧਰਮਾਂ ਦੇ ਵਖਰੇਵਿਆਂ ਅਤੇ ਵਿਸੰਗਤੀਆਂ ਵਿਚ ਵਿਚਰਦਾ ਆ ਰਿਹਾ ਹੈ। ਜਾਤਪਾਤੀ ਵੰਡ ਜਿਸਨੂੰ ਧਰਮ ਦੇ ਡੰਡੇ ਅਤੇ ਰੱਬ ਦੇ ਭੈਅ ਨਾਲ ਚਲਾਇਆ ਅਤੇ ਕਾਇਮ ਰੱਖਿਆ ਜਾਂਦਾ ਰਿਹਾ ਹੈ, ਨੇ ਨਾ ਕਦੇ ਸਮਾਜ ਵਿਚ ਭਾਈਚਾਰਾ ਬਣਨ ਦਿੱਤਾ ਨਾ ਬਰਾਬਰਤਾ ਆਉਣ ਦਿੱਤੀ। ਇਸਦੇ ਫਲਸਰੂਪ ਭਾਰਤ ਦੁਨੀਆਂ ਦੇ ਨਕਸ਼ੇ 'ਤੇ ਇਕ ਸ਼ਕਤੀਸ਼ਾਲੀ ਦੇਸ਼ ਵਜੋਂ ਨਹੀਂ ਉਭਰ ਸਕਿਆ। ਭਾਵੇਂ ਕਿ ਇਹ ਕੁਦਰਤੀ ਸਾਧਨਾਂ ਨਾਲ ਭਰਪੂਰ ਇਕ ਸਮਰੱਥ ਦੇਸ਼ ਹੈ। ਇਹ ਅੱਜ ਵੀ ਆਪਣੀ ਸਵਾ ਅਰਬ ਆਬਾਦੀ ਨੂੰ ਸਰਬ ਸੰਪੰਨ ਬਣਾ ਕੇ ਸੰਸਾਰ ਪੱਧਰ ਤੇ ਮੋਹਰਲੀ ਕਤਾਰ ਵਿਚ ਖਲੋ ਸਕਣ ਦੇ ਕਾਬਲ ਹੈ। ਪਰ ਅਫਸੋਸ ਇਸ ਗਲਤ ਸਮਾਜਿਕ ਢਾਂਚੇ ਸਦਕਾ ਇਸਨੂੰ ਉਪਰਲੇ ਡੇਢ ਸੌ ਦੇਸ਼ਾਂ ਵਿਚੋਂ ਹੇਠਲੇ ਵੀਹਾਂ ਵਿਚ ਥਾਂ ਮਿਲ ਰਹੀ ਹੈ। ਜੇ ਮੂਹਰਲੀਆਂ ਕਤਾਰਾਂ ਵਿਚ ਥਾਂ ਮਿਲ ਰਹੀ ਹੈ ਤਾਂ ਉਹ ਹੈ ਗਰੀਬੀ, ਭ੍ਰਿਸ਼ਟਾਚਾਰ, ਬਿਮਾਰੀਆਂ, ਡਾਕਟਰੀ ਸਹੂਲਤਾਂ ਦੀ ਘਾਟ, ਅਨਪੜ੍ਹਤਾ, ਭੁੱਖਮਰੀ ਆਦਿ ਵਿਚ।

ਇਤਿਹਾਸ ਗਵਾਹ ਹੈ ਕਿ ਇਸ ਜਾਤਪਾਤੀ/ ਵਰਣ ਵੰਡ ਮੂਲਕ ਦੇਸ਼ ਨੂੰ ਆਪਣੇ ਇਸੇ ਖਾਸੇ ਕਾਰਨ ਅਤੀਤ ਵਿਚ ਵੀ ਬੁਰੀ ਤਰ੍ਹਾਂ ਮਾਰ ਖਾਣੀ ਪਈ ਹੈ। ਜਰਵਾਣੇ ਕੁਝ ਕੁ ਸੈਂਕੜਿਆਂ ਦੀ ਤਾਦਾਦ ਵਿਚ ਆਉਂਦੇ ਸਨ ਅਤੇ ਲੁੱਟਮਾਰ ਕਰਕੇ ਸਾਡੀਆਂ ਧੀਆਂ ਭੈਣਾਂ ਨੂੰ ਚੁੱਕ ਕੇ ਬੜੇ ਆਰਾਮ ਨਾਲ ਚਲੇ ਜਾਂਦੇ ਸਨ। ਧਾਰਮਿਕ ਵਹਿਮਾਂ ਵਿਚ ਗ੍ਰਸੇ ਸਾਡੇ ਦੇਸ਼ ਵਾਸੀ ਆਪਣੇ ਧਰਮ ਅਸਥਾਨਾਂ ਵਿਚ ਪੂਜਾ ਦੇ ਬਲ ਹੀ ਜਰਵਾਣਿਆਂ ਨੂੰ ਭਜਾਉਣ ਦੀ ਅਸਫਲ ਕੋਸ਼ਿਸ਼ ਕਰਦੇ ਰਹੇ। ਲੁੱਟਮਾਰ ਕਰਨ ਲਈ ਆਉਂਦੇ ਜਾਂਦੇ ਹਮਲਾਵਰਾਂ ਨੂੰ ਆਮ ਲੋਕੀ ਖੇਤਾਂ-ਖਲਿਆਰਾਂ ਵਿਚ ਖਲੋਅ ਬੇਵਸੀ ਨਾਲ ਤੱਕਦੇ ਰਹਿੰਦੇ ਕਿਉਂਕਿ ਪ੍ਰਚੱਲਿਤ ਧਰਮ ਅਨੁਸਾਰ ਬਿਨਾਂ ਕਸ਼ੱਤਰੀ ਤੋਂ ਹੋਰ ਕਿਸੇ ਨੂੰ ਹਥਿਆਰ ਚੁੱਕਣ ਦੀ ਆਗਿਆ ਨਹੀਂ ਸੀ। ਨਹੀਂ ਤਾਂ ਹਮਲਾਵਰ ਇੰਨੀ ਘੱਟ ਗਿਣਤੀ ਵਿਚ ਹੁੰਦੇ ਸਨ ਕਿ ਇਤਿਹਾਸਕਾਰ ਮੰਨਦੇ ਹਨ ਕਿ ਜੇ ਆਮ ਜਨਤਾ ਨੂੰ ਲੜਨ ਅਤੇ ਹਥਿਆਰ ਵਰਤਣ ਦੀ ਆਗਿਆ ਹੁੰਦੀ ਤਾਂ ਉਹ ਡੰਡੇ-ਸੋਟਿਆਂ ਅਤੇ ਪੱਥਰ-ਵੱਟਿਆਂ ਨਾਲ ਹੀ ਦੁਸ਼ਮਣਾਂ ਨੂੰ ਮਾਰ ਮਾਰ ਭਜਾ ਸਕਦੇ ਸਨ ਅਤੇ ਅਜਿਹਾ ਭਜਾਉਂਦੇ ਕਿ ਹਮਲਾਵਰ ਦੁਬਾਰਾ ਇੱਧਰ ਨੂੰ ਆਉਣ ਦੀ ਜੁਰਅਤ ਨਾ ਕਰਦੇ। ਫਿਰ ਸੋਮਨਾਥ ਮੰਦਰ ਤੇ ਸਤਾਰਾਂ ਸਤਾਰਾਂ ਲੁੱਟਮਾਰ ਹਮਲਿਆਂ ਵਿਚ ਹਜ਼ਾਰਾਂ ਮਣ ਸੋਨਾ ਕਿਵੇਂ ਬਾਹਰ ਚਲਿਆ ਜਾਂਦਾ? ਧੀਆਂ ਭੈਣਾਂ ਕਿਵੇਂ ਲੁੱਟੀਆਂ ਜਾਂਦੀਆਂ?

ਸਮੇਂ ਸਮੇਂ 'ਤੇ ਬੁੱਧ ਵਿਚਾਰਧਾਰਾ ਅਤੇ ਸਿੱਖ ਲਹਿਰ ਨੇ ਸਮਾਜ ਨੂੰ ਮਾਨਵਵਾਦੀ ਸੇਧ ਹੀ ਨਾ ਦਿੱਤੀ, ਸਗੋਂ ਇਸ ਗੈਰ ਮਾਨਵਵਾਦੀ ਅਤੇ ਗੈਰ ਵਿਗਿਆਨਕ ਜਾਤਪਾਤੀ ਤੇ ਊਚ ਨੀਚ ਪ੍ਰਣਾਲੀ ਦਾ ਵਿਰੋਧ ਕੀਤਾ ਅਤੇ ਇਸਨੂੰ ਜੜ੍ਹੋਂ ਹੀ ਨਕਾਰ ਦਿੱਤਾ। ਫਿਰ ਅੰਗਰੇਜ਼ਾਂ ਦੇ ਆਗਮਨ ਨਾਲ ਜਾਂ ਕਹਿ ਲਓ ਉਹਨਾਂ ਨੇ ਆਪਣੇ ਧਰਮ ਦੇ ਵਿਸਥਾਰ ਲਈ ਜਦੋਂ ਬਿਨਾਂ ਧਰਮ ਜਾਂ ਜਾਤੀ ਦੇ ਪਰਖਿਆਂ ਹਰ ਇਕ ਲਈ ਵਿੱਦਿਆ ਪ੍ਰਾਪਤੀ ਲਈ ਸਕੂਲਾਂ ਦੇ ਦਰਵਾਜ਼ੇ ਖੋਲ੍ਹੇ ਤਾਂ ਇਸਦਾ ਲਾਭ ਸਮਾਜ ਦੇ ਉਸ ਸ਼ੂਦਰ ਵਰਣ/ਵਰਗ ਨੂੰ ਹੀ ਹੋਇਆ, ਜਿਸਨੂੰ ਸਦੀਆਂ ਤੋਂ ਵਿੱਦਿਆ ਪ੍ਰਾਪਤੀ ਦੇ ਹੱਕ ਤੋਂ ਮਰਹੂਮ ਕੀਤਾ ਹੋਇਆ ਸੀ। ਇਸੇ ਦੌਰ ਵਿਚ ਜਾਤਪਾਤੀ ਵਿਰੋਧੀ ਮਾਨਵਵਾਦੀ ਲਹਿਰਾਂ ਦੇਸ਼ ਦੇ ਕੋਨੇ ਕੋਨੇ ਤੋਂ ਉੱਠੀਆਂ। ਜਿਹਨਾਂ ਦੀ ਪੈਰਵੀ ਮਹਾਤਮਾ ਫੂਲੇ, ਪੈਰੀਆਰ, ਰਾਮਾਸੁਆਮੀ, ਨਰਾਇਣਾ ਗੁਰੂ ਵਰਗੇ ਸਮਾਜ ਸੁਧਾਰਕਾਂ ਨੇ ਕੀਤੀ। ਇਸੇ ਲੜੀ ਵਿਚ ਡਾ. ਅੰਬੇਦਕਰ ਦਾ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦਾ ਸਮਾਜ ਸਿਰਜਣ ਲਈ ਕੀਤਾ ਸੰਘਰਸ਼ ਸ਼ਾਮਲ ਹੁੰਦਾ ਹੈ। ਇਹਨਾਂ ਦੀ ਮੁੱਖ ਪ੍ਰਾਪਤੀ ਇਹ ਸੀ ਕਿ ਸਾਰਿਆਂ ਲਈ ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਾ ਪੈਦਾ ਕਰਨ ਵਾਲੇ ਅਧਿਕਾਰ ਇਹਨਾਂ ਨੇ ਸੰਵਿਧਾਨ ਵਿਚ ਸ਼ਾਮਲ ਕਰਕੇ ਸੰਵਿਧਾਨਕ ਬਣਾ ਦਿੱਤੇ। ਜਿਸਨੂੰ ਇਕ ਲੰਮੇ ਸਮੇਂ ਤੋਂ ਇਹਨਾਂ ਅਧਿਕਾਰਾਂ ਤੋਂ ਮਰਹੂਮ ਰੱਖਿਆ ਗਿਆ ਸੀ। ਬੇਸ਼ੱਕ ਡਾ. ਅੰਬੇਦਕਰ ਨੇ ਇਸ ਵਰਗ ਲਈ ਇਕ ਨਿਸ਼ਚਿਤ ਸਮੇਂ ਲਈ ਕੁਝ ਵਿਸ਼ੇਸ਼ ਰਿਆਇਤਾਂ ਦਾ ਵੀ ਪ੍ਰਬੰਧ ਕਰਵਾਇਆ ਤਾਂ ਜੋ ਦੂਜਿਆਂ ਦੇ ਬਰਾਬਰ ਆ ਸਕਣ। ਉਹਨਾਂ ਦਾ ਵਿਚਾਰ ਸੀ ਕਿ ਇਸ ਨਿਸ਼ਚਿਤ ਸਮੇਂ ਵਿਚ ਜੇ ਸਰਕਾਰਾਂ ਨੇ ਇਮਾਨਦਾਰੀ ਨਾਲ ਕੰਮ ਕੀਤਾ ਤਾਂ ਇਹ ਵਰਗ ਦੂਜਿਆਂ ਦੀ ਬਰਾਬਰਤਾ ਦੇ ਨੇੜ ਆ ਸਕਦਾ ਹੈ।

ਪਰ ਨਾ ਸਰਕਾਰਾਂ ਨੇ ਇਮਾਨਦਾਰੀ ਨਾਲ ਕੰਮ ਕੀਤਾ ਨਾ ਇਹ ਵਰਗ ਬਰਾਬਰ ਆ ਸਕਿਆ। ਸਿਰਫ ਦਸ ਕੁ ਪ੍ਰਤੀਸ਼ਤ ਆਰਥਿਕ ਪੱਖੋਂ ਚੰਗੀ ਰੋਟੀ ਖਾਣ ਅਤੇ ਚੰਗਾ ਪਹਿਨਣ ਜੋਗੇ ਤਾਂ ਹੋ ਗਏ ਪਰ ਸਮਾਜਿਕ ਪੱਖੋਂ ਉਹ ਵੀ ਹਾਲੇ ਬਰਾਬਰ ਨਹੀਂ ਮੰਨੇ ਜਾਂਦੇ। ਬਾਕੀ ਦੇ ਤਾਂ ਅੱਜ ਵੀ 65 ਸਾਲਾਂ ਬਾਅਦ ਭੁੱਖ-ਨੰਗ ਨਾਲ ਘੁਲ ਰਹੇ ਹਨ। ਸਮਾਜਿਕ ਬਰਾਬਰੀ ਤਾਂ ਦੂਰ ਦੀ ਗੱਲ ਹੈ। ਹਾਂ, ਇਸ ਵਰਗ ਨੂੰ ਵੋਟ ਬੈਂਕ ਸਮਝ ਕੇ ਹਰ ਪਾਰਟੀ ਤੋਂ ਫਾਇਦਾ ਜ਼ਰੂਰ ਉਠਾਉਂਦੀ ਰਹੀ ਹੈ। ਫਿਰ ਜਦੋਂ ਕਾਂਸ਼ੀ ਰਾਮ ਨੇ ਡਾ. ਅੰਬੇਦਕਰ ਦੀ ਸੋਚ ਅਨੁਸਾਰ ਦੇਸ਼ ਦੇ ਜਾਤੀ ਪ੍ਰਬੰਧ ਦੇ ਮਾਰੇ 85-90 ਫੀਸਦੀ ਲੋਕਾਂ ਦੇ ਉਥਾਨ ਲਈ ਇਕ ਲਹਿਰ ਚਲਾਈ ਤਾਂ ਲੋਕਾਂ ਨੇ ਜ਼ਬਰਦਸਤ ਹੁੰਗਾਰਾ ਦਿੱਤਾ। ਉਦੋਂ ਤੋਂ ਹਰ ਰਾਜਨੀਤਿਕ ਪਾਰਟੀ ਡਾ. ਅੰਬੇਦਕਰ ਦਾ ਨਾਂ ਲੈ ਕੇ- ਦਲਿਤਾਂ ਨੂੰ ਖਾਸ ਕਰਕੇ ਲੁਭਾਉਣ ਦੀਆਂ ਕੋਸ਼ਿਸ਼ਾਂ ਕਰਦੀ ਨਜ਼ਰ ਆ ਰਹੀ ਹੈ। ਕਾਂਗਰਸ ਤਾਂ ਇਸ ਦੌੜ ਵਿਚ ਪਹਿਲਾਂ ਹੀ ਅੱਗੇ ਸੀ। ਹੁਣ ਹੋਰ ਪਾਰਟੀਆਂ ਵੀ ਸ਼ਾਮਲ ਹੋ ਰਹੀਆਂ ਹਨ।

ਸੱਤਾਧਾਰੀ ਭਾਜਪਾ ਨੇ ਪਹਿਲਾਂ ਮਹਾਤਮਾ ਗਾਂਧੀ ਅਤੇ ਪਟੇਲ ਨੂੰ ਕਾਂਗਰਸ ਤੋਂ ਖੋਹਣ ਦੇ ਯਤਨ ਕੀਤੇ। ਹੁਣ ਬਸਪਾ/ਦਲਿਤਾਂ ਤੋਂ ਡਾ. ਅੰਬੇਦਕਰ ਨੂੰ ਖੋਹਣ ਦੇ ਜ਼ੋਰ-ਸ਼ੋਰ ਨਾਲ ਯਤਨ ਹੋ ਰਹੇ ਹਨ। ਹਾਲ ਹੀ ਵਿਚ ਭਾਜਪਾ ਨੇ ਡਾ. ਅੰਬੇਦਕਰ ਦੀ ਯਾਦਗਾਰ/ ਜਨਮ ਦਿਨ 'ਤੇ 197 ਕਰੋੜ ਖ਼ਰਚਣ ਦਾ ਐਲਾਨ ਕਰਕੇ ਦਲਿਤਾਂ ਦੀ ਸਭ ਤੋਂ ਵੱਡੀ ਖ਼ੈਰ-ਖੁਆਹ ਬਣਨ ਦੀ ਕੋਸ਼ਿਸ਼ ਕੀਤੀ ਹੈ। ਠੀਕ ਹੈ, ਮਹਾਂਪੁਰਖ ਸਰਬ ਸਾਂਝੇ ਹੁੰਦੇ ਹਨ। ਭਾਜਪਾ ਨੂੰ ਵੀ ਪੂਰਾ ਹੱਕ ਹੈ ਕਿ ਉਹਨਾਂ ਦੀ ਯਾਦਗਾਰ ਬਣਾਉਣ ਦਾ, ਜਨਮ ਦਿਨ ਮਨਾਉਣ ਦਾ। ਪਰ ਨਿਰੋਲ ਯਾਦਗਾਰਾਂ ਬਣਾਉਣੀਆਂ ਜਾਂ ਜਨਮ ਦਿਨ ਮਨਾਉਣੇ ਕਾਫੀ ਨਹੀਂ, ਉਸ ਮਹਾਂਪੁਰਖ ਦੀ ਵਿਚਾਰਧਾਰਾ ਬਾਰੇ ਵੀ ਕੁਝ ਸੋਚ ਲੈਣਾ ਚਾਹੀਦਾ ਹੈ। ਹਾਥੀ ਦੇ ਦੰਦਾਂ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਕਿ ਜੋ ਦੰਦ ਦਿੱਸਦੇ ਹਨ ਉਹ ਬਹੁਤ ਵੱਡੇ, ਲਿਸ਼ਕਵੇਂ ਅਤੇ ਸੋਹਣੇ ਹਨ ਪਰ ਉਹਨਾਂ ਤੋਂ ਉਹ ਖਾਣ ਦਾ ਕੰਮ ਨਹੀਂ ਲੈਂਦਾ। ਖਾਣ ਲਈ ਹੋਰ ਲੁਕਵੇਂ ਹਨ ਜੋ ਦਿੱਸਦੇ ਨਹੀਂ ਪਰ ਬਹੁਤ ਮਜ਼ਬੂਤ ਹਨ ਤੇ ਸਖ਼ਤ ਤੋਂ ਸਖ਼ਤ ਚੀਜ਼ ਵੀ ਚਬਾ ਸਕਣ ਦੀ ਸਮਰੱਥਾ ਰੱਖਦੇ ਹਨ।

ਸਾਜ਼ਿਸ਼ਾਂ, ਧੋਖੇ, ਫਰੇਬ, ਗੁਪਤ ਏਜੰਡੇ ਹੁਣ ਬਹੁਤਾ ਚਿਰ ਚੱਲਣ ਵਾਲੇ ਨਹੀਂ। ਇਕ ਪਾਸੇ ਉਹ ਡਾ. ਅੰਬੇਦਕਰ ਨੂੰ ਮਾਨਤਾ ਦੇ ਰਹੀ ਹੈ, ਦੂਜੇ ਪਾਸੇ ਉਸਦੇ ਮਿਹਨਤ ਨਾਲ ਤਿਆਰ ਕੀਤੇ ਸੰਵਿਧਾਨ ਦੇ ਪਰਖੱਚੇ ਵੀ ਉਡਾ ਰਹੀ ਹੈ। ਧਰਮ, ਰਾਜਨੀਤੀ, ਵਿੱਦਿਆ, ਫਿਲਮਾਂ, ਸਭਿਆਚਾਰ, ਸਰਕਾਰੀ ਬਜਟ ਸਭ ਦਾ ਭਗਵਾਂਕਰਨ ਕਰਕੇ ਹਿੰਦੂ ਰਾਸ਼ਟਰਵਾਦ ਉਭਾਰਿਆ ਜਾ ਰਿਹਾ ਹੈ। ਕਿੱਥੇ ਹੈ ਡਾ. ਅੰਬੇਦਕਰ ਦੇ ਧਰਮ ਨਿਰਪੱਖ ਸੰਵਿਧਾਨ ਦੀ ਮੂਲ ਭਾਵਨਾ? ਅਜਿਹਾ ਕਰਨ ਨਾਲ ਹਰ ਮਨੁੱਖਵਾਦੀ ਅਤੇ ਧਰਮ ਨਿਰਪੱਖ ਭਾਰਤੀ ਸਮੇਤ ਘੱਟ ਗਿਣਤੀ ਧਰਮਾਂ ਵਿਚ ਅਸੁਰੱਖਿਆ ਦੀ ਭਾਵਨਾ ਵਧਦੀ ਜਾ ਰਹੀ ਹੈ ਤੇ ਨਿੱਤ ਨਵੇਂ ਬਿਆਨ ਉਹਨਾਂ ਲਈ ਨਿੱਤ ਨਵੇਂ ਚੈਲੇਂਜ ਲੈ ਕੇ ਸਾਹਮਣੇ ਆ ਰਹੇ ਹਨ। 'ਘਰ ਵਾਪਸੀ' ਦੇ ਨਾਂ ਤੇ ਧਰਮ ਤਬਦੀਲੀ ਦੀ ਗਹਿਰੀ ਚਾਲ ਨੂੰ ਉਸ ਵੇਲੇ ਠੱਲ੍ਹ ਪਈ ਜਦ ਅਮਰੀਕਾ ਦਾ ਰਾਸ਼ਟਰਪਤੀ ਸਾਡੇ ਘਰ ਆ ਕੇ 'ਸਮਝਾ' ਗਿਆ ਕਿ ਦੇਸ਼ ਨੂੰ ਮਹਾਨ ਬਣਾਉਣ ਵਿਚ ਹੋਰ ਧਰਮਾਂ (ਘੱਟ ਗਿਣਤੀਆਂ) ਦੇ ਲੋਕਾਂ ਨੇ ਵੀ ਚੋਖਾ ਯੋਗਦਾਨ ਪਾਇਆ ਹੈ। ਇਸ ਸਬੰਧ ਵਿਚ ਉਹਨਾਂ ਨੇ ਮਿਲਖਾ ਸਿੰਘ, ਸ਼ਾਹਰੁਖ ਖਜਾਨ, ਮੈਰੀ ਕਾਮ ਅਤੇ ਡਾ. ਅੰਬੇਦਕਰ ਦਾ ਨਾਂ ਐਵੇਂ ਨਹੀਂ ਲਿਆ। 'ਸੈਨਤਾਂ' ਨਾਲ ਸਭ ਕੁਝ ਸਮਝਾ ਦਿੱਤਾ ਗਿਆ। ਡਾ. ਅੰਬੇਦਕਰ ਦਾ ਕਥਨ ਸੀ ਕਿ ਉਹ ਬਾਕੀ ਕੁਝ ਨਾਲੋਂ ਪਹਿਲਾਂ ਭਾਰਤੀ ਹਨ ਅਤੇ ਅਖੀਰ ਵਿਚ ਵੀ ਭਾਰਤੀ ਹਨ, ਬਾਅਦ ਵਿਚ ਫਿਰ ਕੁਝ ਹੋਰ। ਇਹੀ ਰਾਸ਼ਟਰਵਾਦੀ (ਹਿੰਦੂ ਰਾਸ਼ਟਰਵਾਦੀ ਨਹੀਂ) ਭਾਵਨਾ ਉਹ ਹਰ ਨਾਗਰਿਕ ਵਿਚ ਚਾਹੁੰਦੇ ਸਨ। ਇਹ ਭਾਵਨਾ ਹੁਣ ਕੁਚਲੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਬਾਹਰਲੇ ਦੇਸ਼ਾਂ ਵਿਚ ਜਾ ਕੇ ਬਾਹਰਲੀਆਂ ਕੰਪਨੀਆਂ ਨੂੰ ਭਾਰਤ ਵਿਚ ਆ ਕੇ ਨਿਵੇਸ਼ ਕਰਨ ਦਾ ਸੱਦਾ ਦੇ-ਦੇ ਕੇ 'ਮੇਕ ਇਨ ਇੰਡੀਆ' ਦਾ ਨਾਅਰਾ ਦਿੰਦਿਆਂ ਕਿਤੇ ਈਸਟ ਇੰਡੀਆ ਕੰਪਨੀ ਵਾਂਗ ਦੇਸ਼ ਨੂੰ ਮੱਕੜ ਜਾਲ ਵਿਚ ਹੀ ਨਾ ਫਸਾ ਦੇਣ। ਡਾ. ਅੰਬੇਦਕਰ ਦੀ ਯਾਦ 'ਤੇ ਦੋ ਸੌ ਕਰੋੜ ਖ਼ਰਚਣ ਵਾਲਿਓ, ਡਾ. ਅੰਬੇਦਕਰ ਦੀ ਸਮਾਜਵਾਦ ਅਤੇ ਰਾਸ਼ਟਰਵਾਦ ਦੀ ਭਾਵਨਾ ਦਾ ਵੀ ਖਿਆਲ ਰੱਖੋਗੇ ਜਾਂ ਦੁਨੀਆਂ ਭਰ ਦੇ ਅਮੀਰਾਂ ਨੂੰ ਆਵਾਜ਼ਾਂ ਮਾਰ ਮਾਰ ਉਹਨਾਂ ਤੋਂ ਭਾਰਤ ਨੂੰ ਲੁਟਵਾ ਦਿੱਤਾ ਜਾਵੇਗਾ? ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਉਹਨਾਂ 'ਤੇ ਉਦਯੋਗ ਲਾਏ ਜਾਣਗੇ ਜਾਂ ਉਂਝ ਹੀ ਅਮੀਰਾਂ ਦੇ ਹਵਾਲੇ ਕਰਨ ਲੱਗੇ ਹੋ? ਉਦਯੋਗ ਲੱਗ ਗਏ ਤਾਂ ਵੀ ਲਾਭ ਅਮੀਰਾਂ ਨੂੰ ਜੇ ਨਾ ਲਾਏ ਤਾਂ ਵੀ ਅਰਬਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਖਰੀਦੀ ਫਿਰ ਅਮੀਰਾਂ ਕੋਲ। ਕਿਸਾਨ ਵੱਟੇ ਹੋਏ ਪੈਸਿਆਂ ਦੇ ਕਰਦੇ ਰਹਿਣ ਨਸ਼ੇ। ਅੰਨ ਪੈਦਾ ਕਿੱਥੋਂ ਹੋਵੇਗਾ? ਅਮੀਰ ਬਾਹਰੋਂ ਮੰਗਵਾ ਦੇਣਗੇ- ਫਿਰ ਮੁਨਾਫ਼ਾ ਅਮੀਰਾਂ ਕੋਲ। ਇਹ ਅਮੀਰ ਵਪਾਰੀਆਂ ਦੀ ਸਰਕਾਰ ਅਮੀਰਾਂ ਲਈ ਹੀ ਹੈ। ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਲਈ ਨਹੀਂ।

ਦੂਜੇ ਪਾਸੇ ਮਾਰਕਸੀਆਂ ਨੂੰ ਵੀ ਡਾ. ਅੰਬੇਦਕਰ ਦਾ ਹੇਜ ਜਾਗਿਆ ਹੈ। ਡਾ. ਅੰਬੇਦਕਰ ਪਹਿਲਾਂ ਇਹਨਾਂ ਲਈ ਅਛੂਤ ਹੀ ਬਣੇ ਰਹੇ। ਇਹਨਾਂ ਨੇ ਕਦੇ ਡਾ. ਅੰਬੇਦਕਰ ਦਾ ਨਾਂ ਤੱਕ ਨਹੀਂ ਲਿਆ ਸੀ। ਉਸਦੀ ਵਿਚਾਰਧਾਰਾ ਬਾਰੇ ਤਾਂ ਕੀ ਜਾਨਣਾ ਸੀ। ਜੇ ਕਦੇ ਡਾ. ਅੰਬੇਦਕਰ ਨੇ ਜਾਤੀ ਤੋੜ ਕੇ ਬੁੱਧ-ਨਾਨਕ ਵਾਲਾ ਜਾਤੀ ਰਹਿਤ ਸਮਾਜ ਸਿਰਜਣ ਦੀ ਗੱਲ ਕੀਤੀ ਤਾਂ ਇਹ ਉਹਨਾਂ 'ਤੇ ਜਾਤੀਵਾਦੀ ਹੋਣ ਦਾ ਇਲਜ਼ਾਮ ਲਾ ਦਿੰਦੇ। ਡਾ. ਅੰਬੇਦਕਰ ਦਾ ਕਥਨ ਸੀ ਕਿ ਮਾਰਕਸਵਾਦ ਲਾਗੂ ਕਰਨ ਤੋਂ ਪਹਿਲਾਂ ਜਾਤੀਵਾਦ ਦੀ ਚੰਬਲ ਘਾਟੀ ਪਾਰ ਕਰਨੀ ਪਵੇਗੀ। ਪਰ ਮਾਰਕਸੀ ਇੱਥੇ ਧੱਕੇ ਨਾਲ ਹੀ ਜਾਤੀਵਾਦ ਨੂੰ ਓਹਲੇ ਕਰਕੇ ਜਮਾਤੀ ਲੜਾਈ ਬਣਾਉਂਦੇ ਰਹੇ ਜਿਸ ਵਿਚ ਅਖੀਰ ਉਹ ਕਾਮਯਾਬ ਨਾ ਹੋ ਸਕੇ।

ਇਸੇ ਜਾਤੀ-ਵੰਡ ਕਾਰਨ ਹੀ ਉਹਨਾਂ ਦਾ ਇਨਕਲਾਬ ਨਾ ਆ ਸਕਿਆ। ਹੁਣ ਕੁਝ ਸਮੇਂ ਤੋਂ ਮਾਰਕਸੀਆਂ ਦਾ ਵੱਡਾ ਧੜਾ ਮਾਰਕਸ-ਅੰਬੇਦਕਰ ਸਾਂਝਾ ਫਰੰਟ ਬਣਾਉਣ ਦੀਆਂ ਗੱਲਾਂ ਵੀ ਕਰਨ ਲੱਗ ਪਿਆ ਹੈ। ਸੀ. ਪੀ. ਆਈ (ਐਮ.) ਦੇ ਸਰਬ ਭਾਰਤੀ ਜਨਰਲ ਸਕੱਤਰ ਨੇ ਆਪਣੇ ਇਕ ਤਾਜ਼ਾ ਲੇਖ (ਹਿੰਦੁਸਤਾਨ ਟਾਈਮਜ਼- 2 ਜੂਨ 2015) ਵਿਚ ਖੁਲਾਸਾ ਕੀਤਾ ਹੈ ਕਿ ਦਲਿਤਾਂ ਦੀ ਹਾਲਤ ਬਹੁਤ ਚਿੰਤਾਜਨਕ ਹੈ। ਦਹਾਕਿਆਂ ਤੋਂ ਜਾਤੀ ਦਬਾਅ ਵਿਰੁੱਧ ਨਾਅਰੇ ਮਾਰਨ ਉਪਰੰਤ ਹਾਲੇ ਵੀ ਸਕੂਲਾਂ, ਉੱਚ ਵਿਦਿਅਕ ਸੰਸਥਾਨਾਂ ਅਤੇ ਸਰਕਾਰੀ ਨੌਕਰੀਆਂ ਵਿਚ ਇਹਨਾਂ ਦੀ ਗਿਣਤੀ ਬਹੁਤ ਘੱਟ ਹੈ।



- ਫਤਿਹਜੰਗ ਸਿੰਘ
9872670278

ਦੂਜੇ ਪਾਸੇ ਹਾਲਾਤ ਹੋਰ ਵੀ ਚਿੰਤਾਜਨਕ ਹੈ। ਹਫਤੇ ਵਿਚ ਔਸਤਨ 13 ਦਲਿਤਾਂ ਦਾ ਕਤਲ ਹੁੰਦਾ ਹੈ, 6 ਉਧਾਲੇ ਜਾਂਦੇ ਹਨ, 21 ਦਲਿਤ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਹੁਣ ਮਾਰਕਸੀਆਂ ਨੂੰ ਇਹ ਵੀ ਚੇਤੇ ਆ ਗਿਆ ਹੈ ਕਿ ਇਹ ਜਾਤਪਾਤ ਉਪਜੀ ਕਿਵੇਂ ਹੈ। ਉਹ ਅੱਗੇ ਲਿਖਦੇ ਹਨ ਕਿ ਆਰ. ਐਸ. ਐਸ. ਦੇ ਗੁਰੂ ਜੀ. ਗੋਲਵਾਲਕਰ ਨੇ ਆਪਣੀ ਪੁਸਤਕ 'ਬੰਚ ਆਫ ਥਾਟਸ' ਵਿਚ ਲਿਖਿਆ ਹੈ ਕਿ ਬ੍ਰਾਹਮਣ ਸਿਰ, ਕਸ਼ੱਤਰੀ ਹੱਥ, ਵੈਸ਼ ਪੱਟ ਅਤੇ ਸ਼ੂਦਰ ਪੈਰ ਹਨ। ਉਹਨਾਂ ਨੇ ਅੱਗੇ ਦੱਸਿਆ ਕਿ ਐਫ. ਏ. ਓ. ਦੀ 2015 ਦੀ ਤਾਜ਼ਾ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚੋਂ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਭਾਰਤ ਵਿਚ ਹੈ ਜੋ 19.40 ਕਰੋੜ ਪਹੁੰਚ ਗਈ ਹੈ। ਇਸੇ ਤਰ੍ਹਾਂ 2000 ਤੋਂ 2014 ਤੱਕ ਉਪਰਲੇ 1 ਫੀਸਦੀ ਅਮੀਰਾਂ ਦੀ ਜਾਇਦਾਦ 36.8 ਫੀਸਦੀ ਤੋਂ ਵੱਧ ਕੇ 49 ਫੀਸਦੀ ਹੋ ਗਈ ਹੈ। ਇਸ ਭਿਆਨਕ ਸਥਿਤੀ 'ਤੇ ਉਹ ਡਾ. ਅੰਬੇਦਕਰ ਦੇ ਕਥਨ ਦੀ ਸਚਾਈ ਦੀ ਮੋਹਰ ਲਾਉਣਾ ਚਾਹੁੰਦੇ ਹਨ। ਉਹਨਾਂ ਨੇ ਡਾ. ਅੰਬੇਦਕਰ ਦੇ ਭਵਿੱਖ ਲਈ ਕਹੇ ਉਹਨਾਂ ਸ਼ਬਦਾਂ ਦਾ ਹਵਾਲਾ ਦਿੱਤਾ ਹੈ ਜੋ ਡਾ. ਅੰਬੇਦਕਰ ਨੇ ਸੰਵਿਧਾਨ ਲਾਗੂ ਹੋਣ ਵੇਲੇ ਕਹੇ ਸਨ। ਡਾ. ਅੰਬੇਦਕਰ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ, ''26 ਜਨਵਰੀ 1950 ਨੂੰ ਅਸੀਂ ਆਪਾ ਵਿਰੋਧੀ ਜੀਵਨ ਧਾਰਾਵਾਂ ਵਿਚ ਦਾਖਲ ਹੋ ਰਹੇ ਹਾਂ। ਰਾਜਨੀਤਿਕ ਤੌਰ ਤੇ ਅਸੀਂ ਬਰਾਬਰ ਹੋਵਾਂਗੇ ਪਰ ਸਮਾਜਿਕ ਅਤੇ ਆਰਥਿਕ ਤੌਰ 'ਤੇ ਗੈਰ-ਬਰਾਬਰੀ ਜਾਰੀ ਰਹੇਗੀ। ਰਾਜਨੀਤਿਕ ਖੇਤਰ ਵਿਚ ਇਕ ਮਨੁੱਖ, ਇਕ ਵੋਟ- ਇਕ ਵੋਟ ਇਕ ਕੀਮਤ ਦਾ ਸਿਧਾਂਤ ਲਾਗੂ ਹੋ ਜਾਵੇਗਾ ਪਰ ਸਮਾਜਿਕ ਅਤੇ ਆਰਥਿਕ ਖੇਤਰ ਵਿਚ ਇਹ ਸਿਧਾਂਤ ਲਾਗੂ ਨਹੀਂ ਹੋਵੇਗਾ। ਅਸੀਂ ਕਦੋਂ ਤੱਕ ਇਹ ਵਿਰੋਧਾਭਾਸ ਵਾਲੀ ਜ਼ਿੰਦਗੀ ਜਿਊਣਾ ਜਾਰੀ ਰੱਖਾਂਗੇ? ਅਸੀਂ ਕਦੋਂ ਤੱਕ ਇਸ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਬਰਾਬਰੀ ਤੋਂ ਇਨਕਾਰ ਕਰਦੇ ਰਹਾਂਗੇ? ਜੇ ਅਸੀਂ ਲੰਮੇ ਸਮੇਂ ਤੱਕ ਇਸ ਤੋਂ ਇਨਕਾਰੀ ਰਹੇ ਤਾਂ ਇੰਝ ਕਰਕੇ ਅਸੀਂ ਆਪਣਾ ਰਾਜਨੀਤਿਕ ਲੋਕ ਰਾਜ ਖ਼ਤਰੇ ਵਿਚ ਪਾ ਰਹੇ ਹੋਵਾਂਗੇ।''

ਡਾ. ਅੰਬੇਦਕਰ ਦੀ ਭਵਿੱਖਬਾਣੀ ਸਹੀ ਸਾਬਤ ਹੋ ਰਹੀ ਹੈ। ਲੋਕਰਾਜ ਖ਼ਤਰੇ ਵਿਚ ਕੀ ਹੁਣ ਤਾਂ ਲੋਕਰਾਜ ਦਾ ਸਿਰਫ ਨਾਂ ਹੀ ਰਹਿ ਗਿਆ ਹੈ। ਲੋਕਾਂ ਦੀ ਝੂਠੀ ਸਰਕਾਰ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਲੋਕਾਂ ਵੱਲੋਂ ਚੁਣੀ ਤਾਂ ਗਈ ਪਰ ਲੋਕਾਂ ਲਈ ਕੰਮ ਨਹੀਂ ਕਰ ਰਹੀ ਜੋਕਾਂ ਲਈ ਕਰ ਰਹੀ ਹੈ। ਹਰ ਇਕ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

## ਟੈਲੀਵਿਜ਼ਨ ਮੀਡੀਆ ਮਾਹਿਰ ਅਤੇ ਲੇਖਕ ਡਾ. ਰੱਤੂ ਡੀ. ਏ. ਵੀ. ਯੂਨੀਵਰਸਿਟੀ ਦੇ ਨਵੇਂ ਮੀਡੀਆ ਨਿਰਦੇਸ਼ਕ ਅਤੇ ਪ੍ਰੋਫੈਸਰ ਪੱਤਰਕਾਰੀ ਵਿਭਾਗ ਬਣੇ

**ਜਲੰਧਰ-** ਭਾਰਤ ਦੇ ਪ੍ਰਸਿੱਧ ਟੈਲੀਵਿਜ਼ਨ ਮੀਡੀਆ ਮਾਹਿਰ ਅਤੇ ਹਿੰਦੀ ਪੰਜਾਬੀ ਦੇ ਸ਼੍ਰੋਮਣੀ ਲੇਖਕ, ਚਿੰਤਕ ਅਤੇ ਭਾਰਤੀ ਪ੍ਰਸਾਰ ਸੇਵਾ ਦੇ ਪ੍ਰਮੁੱਖ ਅਧਿਕਾਰੀ ਦੂਰ-ਦਰਸ਼ਨ ਦੇ ਸਾਬਕਾ ਡਾਇਰੈਕਟਰ ਡਾ. ਕੇ. ਕੇ. ਰੱਤੂ ਨੂੰ ਡੀ. ਏ. ਵੀ. ਯੂਨੀਵਰਸਿਟੀ ਵਿਚ ਨਵਾਂ ਮੀਡੀਆ ਨਿਰਦੇਸ਼ਕ ਅਤੇ ਪ੍ਰਧਾਨ, ਪ੍ਰੋਫੈਸਰ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਬਣਾਇਆ ਗਿਆ ਹੈ। ਉਹਨਾਂ ਨੇ ਡੀ. ਏ. ਵੀ. ਯੂਨੀਵਰਸਿਟੀ ਜਲੰਧਰ ਵਿਚ ਆਪਣਾ ਅਹੁਦਾ ਗ੍ਰਹਿਣ ਕਰ ਲਿਆ ਹੈ। ਦੇਸ਼ ਦੇ ਮੰਨੇ ਪ੍ਰਮੰਨੇ ਲੇਖਕ ਅਤੇ ਚਰਚਿਤ ਲੇਖਕ ਡਾ. ਰੱਤੂ ਨੇ ਹਿੰਦੀ ਭਾਸ਼ਾ ਅਤੇ ਟੈਲੀਵਿਜ਼ਨ ਦੇ ਸਬੰਧਾਂ ਤੇ ਪਹਿਲਾ ਖੋਜ ਲੇਖ ਲਿਖਿਆ ਸੀ।



ਡਾ. ਰੱਤੂ 31 ਸਾਲ ਭਾਰਤੀ ਪ੍ਰਸਾਰਣ ਸੇਵਾ ਵਿਚ ਪ੍ਰਸਾਰਣ ਮਾਹਿਰ ਅਤੇ ਦੂਰਦਰਸ਼ਨ ਦੇ ਕਈ ਕੇਂਦਰਾਂ ਦੇ ਨਿਰਦੇਸ਼ਕ ਰਹੇ ਹਨ। ਅੱਤਵਾਦ ਅਤੇ ਜੇਹਾਦ ਵਰਗੇ ਵਿਸ਼ਿਆਂ ਤੇ ਡੀ. ਲਿਟ ਕਰਨ ਵਾਲੇ ਡਾ. ਰੱਤੂ ਟੀ. ਵੀ. ਦਾ ਦੇਸ਼ ਵਿਦੇਸ਼ ਵਿਚ ਇਕ ਜਾਣਿਆ ਪਹਿਚਾਣਿਆ ਚਿਹਰਾ ਹੈ। ਕਈ ਡਾਕੂਮੈਂਟਰੀਆਂ ਦੇ ਨਿਰਮਾਤਾ ਨਿਰਦੇਸ਼ਕ ਡਾ. ਰੱਤੂ ਨੇ ਹੁਣ ਤੱਕ 70 ਤੋਂ ਜ਼ਿਆਦਾ ਪੁਸਤਕਾਂ ਦਾ ਲੇਖਨ ਕੀਤਾ ਹੈ, ਜਿਹਨਾਂ ਨੂੰ ਕਈ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਜਾ ਰਿਹਾ ਹੈ। ਡਾ. ਰੱਤੂ ਨੂੰ ਹੁਣ ਤੱਕ ਅੰਤਰ ਰਾਸ਼ਟਰੀ ਪੁਸਤਕਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਨੇ ਉਹਨਾਂ ਨੂੰ ਆਪਣਾ ਉੱਚ ਸਾਹਿਤਕ ਪੁਰਸਕਾਰ, ਸਾਹਿਤਕ ਸ਼੍ਰੋਮਣੀ ਵੀ ਪ੍ਰਦਾਨ ਕੀਤਾ। ਸੂਚਨਾ ਪ੍ਰਸਾਰਣ ਮੰਤਰਾਲਾ ਭਾਰਤ ਸਰਕਾਰ ਦੇ ਭਾਰ ਤੇਂਦੂ ਸਨਮਾਨ ਨਾਲ ਸਨਮਾਨਿਤ ਡਾ. ਰੱਤੂ ਹਰਿਆਣਾ ਰਾਜਸਥਾਨ ਸਮੇਤ ਕਈ ਅਕਾਦਮੀਆਂ ਦੁਆਰਾ ਸਨਮਾਨਿਤ ਕੀਤੇ ਜਾ ਚੁੱਕੇ ਹਨ।

ਡੀ. ਏ. ਵੀ. ਯੂਨੀਵਰਸਿਟੀ ਦੇ ਸਲਾਹਕਾਰ ਡਾ. ਐਚ. ਆਰ. ਗਾਂਧਾਰ ਨੇ ਡਾ. ਰੱਤੂ ਦਾ ਯੂਨੀਵਰਸਿਟੀ ਵਿਚ ਪਹੁੰਚਣ ਤੇ ਸਵਾਗਤ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਉਹਨਾਂ ਦੀ ਯੂਨੀਵਰਸਿਟੀ ਵਿਚ ਆਉਣ ਨਾਲ ਇੱਥੋਂ ਦੇ ਮੀਡੀਆ ਵਿਭਾਗ ਨੂੰ ਇਕ ਨਵੀਂ ਉਚਾਈ ਪ੍ਰਾਪਤ ਹੋਵੇਗੀ।

## ਸਿੱਖ ਭਾਈਚਾਰੇ ਨੇ ਗਤਕੇ ਦੇ ਜੌਹਰਾਂ ਨਾਲ ਅਮਰੀਕੀ ਅਜ਼ਾਦੀ ਸਮਾਗਮਾਂ ਵਿਚ ਹਿੱਸਾ ਲਿਆ

**ਮਨਟੀਕਾ (ਬਲਵਿੰਦਰਪਾਲ ਸਿੰਘ ਖ਼ਾਲਸਾ)-** ਅਮਰੀਕੀ ਅਜ਼ਾਦੀ ਦਿਵਸ ਭਾਵ 4 ਜੁਲਾਈ ਵਾਲੇ ਦਿਨ ਅਜ਼ਾਦੀ ਸਮਾਗਮਾਂ ਨਾਲ ਸੰਬਧਿਤ ਸਜਣ ਵਾਲੀਆਂ ਪਰੇਡਾਂ ਵਿਚ ਸਿੱਖ ਭਾਈਚਾਰੇ ਨੇ ਜੋਸ਼ੋ ਖਰੋਸ਼ ਨਾਲ ਹਿੱਸਾ ਲਿਆ ਤੇ ਬਹੁਤ ਸਾਰੇ ਸ਼ਹਿਰਾਂ ਵਿਚ ਗਤਕੇ ਦੇ ਪ੍ਰਬੰਧ ਕੀਤੇ। ਮਨਟੀਕਾ, ਮੋਡੈਸਟੋ, ਫਰੀਮਾਂਟ, ਟਰਲਕ ਤੇ ਯੂਬਾ ਸਿਟੀ ਸ਼ਹਿਰਾਂ ਵਿਚ ਸਿੱਖ ਭਾਈਚਾਰੇ, ਸਿੱਖ ਸੰਗਤਾਂ ਤੇ ਕੈਲੇਫੋਰਨੀਆ ਗਤਕਾ ਦਲ ਨੇ ਸ਼ਹਿਰੀ ਸਰਕਾਰਾਂ ਨਾਲ ਮਿਲਕੇ ਵਿਸ਼ਾਲ ਗਤਕੇ ਦੇ ਪ੍ਰਬੰਧ ਕੀਤੇ। ਪਰੇਡ ਦੇ ਪੂਰੇ ਰਸਤੇ ਵਿਚ ਰੁਕ ਰੁਕ ਕੇ ਗਤਕੇ ਦੇ ਕਮਾਲ ਦੂਜੇ ਭਾਈਚਾਰਿਆਂ ਨੂੰ ਵਿਖਾ ਕੇ ਵਾਹਵਾ ਵਾਹਵਾ ਖੱਟੀ। ਪੂਰੇ ਹਥਿਆਰਾਂ ਨਾਲ ਨੌਜਵਾਨਾਂ ਤੇ ਬੱਚੇ ਬਚੀਆਂ ਨੇ ਗਤਕੇ ਵਿਚ ਹਿੱਸਾ ਲਿਆ। ਇਸਤੋਂ ਇਲਾਵਾ ਪਰੇਡ ਵਿਚ ਸ਼ਾਮਲ ਸਭ ਭਾਈਚਾਰਿਆਂ ਨੂੰ ਜਲ ਪਾਣੀ ਦੀ ਸੇਵਾ ਨਾਲ ਠੰਢਕ ਪਹੁੰਚਾਈ। ਇਸ ਵਾਰ ਭਾਰੀ ਗਰਮੀ ਹੋਣ ਕਰਕੇ ਪਾਣੀ ਦੀ ਮੰਗ ਵੀ ਬਹੁਤ ਸੀ। ਪਿਛਲੇ ਬਹੁਤ ਸਾਲਾਂ ਤੋਂ ਕੈਲੇ-ਫੋਰਨੀਆ ਗਤਕਾ ਦਲ ਨੇ ਮੋਹਰੀ ਹੋ ਕੇ ਅਮ-ਰੀਕੀ ਅਜ਼ਾਦੀ ਸਮਾਗਮਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ ਤੇ ਹੁਣ ਲਗਪਗ ਹਰ ਸ਼ਹਿਰੀ ਸਰਕਾਰ ਵੱਲੋਂ ਗਤਕੇ ਦੇ ਜੌਹਰਾਂ ਦੀ ਮੰਗ ਕੀਤੀ ਜਾਣ ਲੱਗੀ ਹੈ। ਰਵ-ਾਇਤੀ ਸਿੱਖੀ ਲਿਬਾਸ ਵਿਚ ਹਥਿਆਰਾਂ ਨਾਲ ਗਤਕੇ ਦੌਰਾਨ ਤੇਜ਼ੀ ਨਾਲ ਖਤਰਨਾਕ ਕਲੋਲਾਂ ਕਰਦੇ ਸਿੱਖ ਬਹੁਤ ਮਾਣ ਹਾਸਲ ਕਰਦੇ ਹਨ ਤੇ ਹੁਣ ਤੱਕ ਕਈ ਵਾਰ ਪਹਿਲਾ ਇਨਾਮ ਹਾਸਲ ਕਰ ਚੁੱਕੇ ਹਨ।



# ਚਮਚਿਆਂ ਦੀਆਂ ਚਮਚਾਗਿਰੀਆਂ ਦੀ ਚਰਚਾ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਡਾਈਨਿੰਗ ਟੇਬਲ 'ਤੇ ਚਮਕਦੇ ਪਏ ਬੇ-ਜਾਨ ਚਮਚੇ ਉਹ ਕੰਮ ਨਹੀਂ ਕਰ ਸਕਦੇ, ਜਿਹੜਾ ਕੰਮ ਜਿਊਂਦੇ ਜਾਗਦੇ ਮਨੁੱਖੀ ਜਾਮਾ-ਧਾਰੀ ਚਮਚੇ ਕਰ ਸਕਦੇ ਹਨ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਕੁਝ ਖਾਣ ਪੀਣ ਵੇਲੇ ਚਮਚਿਆਂ ਬਗੈਰ ਔਖੇ ਸੌਖੇ ਸਾਰਿਆ ਜਾ ਸਕਦਾ ਹੈ, ਪਰ ਜਿੱਥੇ ਮਨੁੱਖੀ ਚਮਚਿਆਂ ਦੀ ਲੋੜ ਹੋਵੇ, ਉਥੇ ਉਹਨਾਂ ਦੀ ਹਾਜ਼ਰੀ ਬਿਨਾਂ ਸਾਰਾ ਕੁਝ ਅਧੂਰਾ ਅਧੂਰਾ ਜਿਹਾ ਹੀ ਲੱਗਦਾ ਰਹਿੰਦਾ ਹੈ। ਇਸੇ ਕਰਕੇ ਆਮ ਘਰਾਂ ਤੋਂ ਲੈ ਕੇ ਛੋਟੇ ਵੱਡੇ ਸਰਕਾਰੀ, ਗੈਰ ਸਰਕਾਰੀ ਦਫਤਰਾਂ ਜਾਂ ਕਾਰੋਬਾਰੀ ਧੰਦਿਆਂ ਦੇ ਪ੍ਰਬੰਧਕੀ ਸਿਸਟਮ ਵਿਚ ਚਮਚਿਆਂਦੇ ਝੰਡੇ ਝੂਲਦੇ ਦੇਖੇ ਜਾ ਸਕਦੇਹਨ। ਘਰਾਂ ਵਿਚ ਝਾਤੀ ਮਾਰ ਲਓ ਜੇ ਕਿਤੇ ਕੋਈ ਪਤੀ ਆਪਣੀ ਸ੍ਰੀਮਤੀ ਦੀ ਲੋੜੋਂ ਵੱਧ ਤਾਰੀਫ ਕਰ ਰਿਹਾ ਹੋਵੇ ਤਾਂ ਸਮਝੋਉਹ ਨੇੜੇ ਭਵਿੱਖ ਵਿਚ ਪਤਨੀ ਵੱਲੋਂ ਕੀਤੀ ਜਾਣ ਵਾਲੀ ਕਿਸੇ ਖਰਚੀਲੀ ਮੰਗ ਤੋਂ ਖਹਿੜਾ ਛੁਡਾਉਣ ਲਈ ਉਸਦੀ ਚਾਪਲੂਸੀ ਕਰ ਰਿਹਾ ਹੈ।

ਇਸੇ ਤਰ੍ਹਾਂ ਜੇ ਕੋਈ ਸ੍ਰੀਮਤੀ ਆਪਣੇ ਪਤੀ ਦੇਵ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਰਹੀ ਹੋਵੇ ਤਾਂ ਸਮਝੋ ਕਿ ਕੋਈ 'ਵੱਡਾ ਸਵਾਲ' ਪਤੀ ਦੇ ਗ਼ਲ ਪੈਣ ਹੀ ਵਾਲਾ ਹੈ। ਤਦੇ ਹੀ ਚਾਪਲੂਸੀ ਦੀ ਬੂੰਦਾ-ਬਾਂਦੀ ਹੋ ਰਹੀ ਹੈ।

ਸਿਆਸਤ ਦਾ ਪਿੜ ਤਾਂ ਚਲਦਾ ਹੀ ਚਮਚਿਆਂ ਦੇ ਸਿਰ 'ਤੇ ਹੀ ਹੈ। ਇਹ ਗੱਲ ਵੱਖਰੀ ਹੈ ਕਿ ਇਸ ਖੇਤਰ ਦੇ ਚਮਚੇ ਕੁਝ ਜ਼ਿਆਦਾ ਹੀ ਢੀਠ ਅਤੇ ਵਾਟਰ-ਪਰੂਫ ਘੜੀਆਂ ਵਾਂਗ 'ਸ਼ਰਮ-ਪਰੂਫ' ਹੋਣੇ ਚਾਹੀਦੇ ਹਨ। ਤਾਂ ਹੀ ਉਹ ਸਿਆਸਤਦਾਨਾਂ ਦੇ ਲਾਮ-ਲਸ਼ਕਰ ਵਿਚ ਫਿੱਟ ਬਹਿ ਸਕਦੇ ਹਨ। ਵਰਤਮਾਨ ਸਮੇਂ ਸਾਰਾ ਵਿਸ਼ਵ 'ਗਲੋਬਲ ਪਿੰਡ' ਬਣ ਜਾਣ ਕਾਰਨ ਹੁਣ ਦੂਰ-ਦਰਾਜ ਦੇ ਇਲਾਕਿਆਂ ਵਿਚ ਵੱਸਦੇ ਚਮਚਿਆਂ ਨੇ ਆਪੋ ਆਪਣੇ 'ਮਹਿਬੂਬ ਸਿਆਸਤਦਾਨਾਂ' ਦੀ ਚਮਚਾਗਿਰੀ ਕਰਨ ਲਈ ਦੇਸ਼ ਵਿਦੇਸ਼ ਵਿਚ ਮੋਰਚੇ ਸੰਭਾਲੇ ਹੋਏ ਹੁੰਦੇ ਹਨ।

ਚਾਪਲੂਸੀ ਰਾਹੀਂ 'ਚੌਧਰਾਂ' ਚਮਕਾਉਣ ਦਾ ਭੁੱਸ ਰੱਖਣ ਵਾਲੇ 'ਅੰਤਰ ਰਾਸ਼ਟਰੀ ਚਮਚੇ' ਗਾਹੇ-ਬਗਾਹੇ ਚਮਚਾਗਿਰੀ ਦੇ ਬਾਣ ਚਲਾਉਂਦੇ ਹੀ ਰਹਿੰਦੇ ਹਨ। ਆਗੂ ਭਾਵੇਂ ਦੇਸ ਕੌਮ ਦੀਆਂ ਬੇੜੀਆਂ ਵਿਚ ਦੋਹੀਂ ਹੱਥੀਂ ਵੱਟੇ ਪਾ ਰਿਹਾ ਹੋਵੇ, ਪਰ ਚਮਚੇ ਉਸ ਨੂੰ 'ਕੌਮ ਦਾ ਮਸੀਹਾ' ਦੱਸ ਰਹੇ ਹੁੰਦੇ ਹਨ। ਅਗਲਾ ਆਪਣੀ ਕੁਰਸੀ ਦੀ ਸਦਾ-ਸਲਾਮਤੀ ਹਿਤ ਨੌਜਵਾਨ ਵਰਗ ਨੂੰ ਨਸ਼ਿਆਂ ਵਿਚ ਗਰਕ ਕਰ ਰਿਹਾ ਹੋਵੇ, ਪਰ ਚਮਚੇ, ਵੱਡੇ ਵੱਡੇ ਇਸ਼ਤਿਹਾਰਾਂ ਵਿਚ ਉਸਨੂੰ 'ਨੌਜਵਾਨਾਂ ਦੇ ਦਿਲਾਂ ਦੀ ਧੜਕਣ' ਲਿਖ ਰਹੇ ਹੁੰਦੇ ਹਨ। ਜਿਹੜਾ ਕੋਈ ਨੇਤਾ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਪਹੁੰਚਿਆ ਹੋਇਆ 'ਸੁੱਚੇ ਮੂੰਹ' ਹੀ ਪੰਜ ਸਾਲ ਪੂਰੇ ਕਰ ਆਵੇ, ਚਮਚੇ ਉਸਨੂੰ 'ਨਿਧੜਕ ਬੁਲਾਰਾ' ਦੱਸ ਰਹੇ ਹੁੰਦੇ ਹਨ। ਜਿਹੜਾ ਲੀਡਰ ਗੱਪ ਗੋਲੇ ਦਾਗਦਾ ਹੋਇਆ ਨਿੱਤ 'ਅੰਬਰ ਟਾਕੀਆਂ' ਲਾ ਰਿਹਾ ਹੋਵੇ, ਚਮਚੇ ਸ੍ਰੀਮਾਨ ਉਸਨੂੰ 'ਵਿਕਾਸ ਦਾ ਅਲੰਬਰਦਾਰ' ਕਹਿ ਕੇ ਚਮਚਾਗਿਰੀ ਹੁਨਰ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਰਹੇ ਹੁੰਦੇ ਹਨ।

ਵਿਧਾਨ ਸਭਾ ਚੋਣਾਂ ਦੇ ਮੌਕੇ ਸਿਆਸਤ ਵਿਚ ਨਵਾਂ ਨਵਾਂ ਕੁੱਦਿਆ ਇਕ ਉਮੀਦਵਾਰ ਧੜਾਧੜ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਿਹਾ ਸੀ। ਸ਼ਹਿਰ ਦੇ ਬਾਹਰਵਾਰ ਇਕ ਮੁਸਲਿਮ ਮਜਾਰ ਉਤੇ ਇਕੱਠ ਜੁੜਿਆ ਹੋਇਆ ਸੀ। ਸਾਰਾ ਦਿਨ ਬੋਲ ਬੋਲ ਕੇ ਬੌਂਦਲੇ ਪਏ ਉਮੀਦਵਾਰ ਨੇ ਉਥੇ ਮਾਈਕ 'ਤੇ ਬੋਲਦਿਆਂ ਕਹਿ ਦਿੱਤਾ-

"ਭਗਤ ਜਨੋ, ਮੈਂ ਮਾਤਾ ਦੇ ਇਸ ਪਾਵਨ ਦਰਬਾਰ ਦੀ ਸਹੁੰ ਚੁੱਕ ਕੇ ਆਖਦਾ ਹਾਂ ਕਿ ਮੈਂ ਤੁਹਾਡੇ ਹਰ ਦੁੱਖ ਸੁੱਖ ਵਿਚ ਭਾਈਵਾਲ ਬਣਿਆ ਰਹਾਂਗਾ। ਬੱਸ, ਇਕ ਵਾਰ ਮੈਨੂੰ ਵੋਟਾਂ ਪਾ ਕੇ ਜਿਤਾ ਦਿਓ।"

ਮੁਸਲਮਾਨ ਪੀਰ ਦੀ ਕਬਰ ਉਤੇ ਕਿਸੇ ਅੰਨ੍ਹੇ ਸ਼ਰਧਾਲੂ ਵੱਲੋਂ ਚੜ੍ਹਾਈ ਹੋਈ ਲਾਲ ਚੁੰਨੀ ਵੱਲ ਦੇਖਕੇ ਉਮੀਦਵਾਰ ਨੇ ਉਸ 'ਅਸਥਾਨ' ਨੂੰ 'ਦੇਵੀ ਦਰਬਾਰ' ਹੀ ਸਮਝ ਲਿਆ ਸੀ। ਪਰ 'ਕੱਠ ਵਿਚ ਸਿਰ 'ਤੇ ਹਰੇ ਰੰਗ ਦੇ ਪਰਨੇ ਦਾ ਮੋਘੜ ਜਿਹਾ ਮਾਰੀ ਬੈਠੇ ਇੱਥੋਂ ਦੇ ਮਜੌਰ ਨੂੰ ਫਿਕਰ ਪੈ ਗਿਆ ਕਿ ਕਿਤੇ ਇੱਥੇ ਵੀ ਬਾਬਰੀ ਮਸਜਿਦ-ਮੰਦਰ ਦਾ ਪੰਗਾ ਨਾ ਉਠ ਖੜ੍ਹੇ! ਹੋਰ ਨਾ ਕਿਤੇ ਮੇਰਾ ਹੀ ਤੋਰੀ-ਫੁਲਕਾ ਬੰਦ ਹੋ ਜਾਏ। ਉਹ ਸਟੇਜ ਦੇ ਮੋਹਰੇ ਬੈਠਾ ਬੈਠਾ ਹੀ ਆਪਣੀ ਕੜ੍ਹ-ਬਰੂੜੀ ਜਿਹੜੀ ਦਾਹੜੀ ਖੁਰਕਦਾ ਹੋਇਆ ਉਮੀਦਵਾਰ ਨੂੰ ਟੋਕਣ ਦੀ ਕੋਸ਼ਿਸ਼ ਕਰਨ ਲੱਗਾ-

"ਏ.. ਸ਼ਦਾਰ ਜੀ, ਇਹ ਮਾਤਾ ਦਾ ਨੀ, ਇਹ ਤਾਂ ਰੋਜ਼ਾ ਬਾਬਾ ਗੁਲਾਮੇ ਸ਼ਾਹ।"

ਲਾਗਿਉਂ ਹੀ ਹੰਭਲਾ ਮਾਰ ਕੇ ਉਠੇ ਇਕ ਚਮਚੇ ਨੇ ਮਜੌਰ ਦੇ ਮੋਢੇ ਘੁੱਟਦਿਆਂ, ਉਸਨੂੰ ਚੁੱਪ ਕਰਾ ਦਿੱਤਾ। ਉਮੀਦਵਾਰ ਵੱਲੋਂ ਲੈਕਚਰ ਮੁਕਾਉਣ ਦੀ ਦੇਰ ਸੀ ਕਿ ਸਟੇਜ ਸੈਕਟਰੀ ਦੇ ਪੈਰ ਮਿੱਧਦਾ ਹੋਇਆ ਉਹ ਚਮਚਾ ਮਾਈਕ ਨੂੰ ਜਾ ਝਪਟਿਆ-

ਇਸ 'ਮਹਾਨ ਅਸਥਾਨ' ਦੀਆਂ ਹਾਜ਼ਰੀਆਂ ਭਰ ਰਹੇ ਇਲਾਕਾ ਨਿਵਾਸੀਓ, ਅਸਲ 'ਚ ਸਾਡੇ ਉਮੀਦਵਾਰ ਸ੍ਰੀ ਸਿੰਘ ਜੀ ਸਾਰੇ ਧਰਮਾਂ, ਰਿਸ਼ੀਆਂ, ਮੁਨੀਆਂ, ਪੀਰ ਪੈਗੰਬਰਾਂ ਨੂੰ ਇਕ ਬਰਾਬਰ ਮੰਨਦੇ ਹਨ। ਇਹ ਚਾਹੁੰਦੇ ਨੇ ਕਿ ਮਜ਼ਹਬਾਂ ਦੇ ਵੰਡ-ਵਖਰੇਵੇਂ ਬੰਦ ਹੋ ਜਾਣ। ਕਿਉਂਕਿ ਗੁਰੂ ਪੀਰ ਔਲੀਹ ਇਕੋ ਜੋਤ ਦਾ ਨੂਰ ਹੁੰਦੇ ਹਨ। ਵਿਤਕਰਿਆਂ ਨੂੰ ਮਿਟਾਉਣ ਦੀ ਮਨਸ਼ਾ ਨਾਲ ਇਹ ਸਰਦਾਰ ਜੀ (ਬਿਟਰ ਬਿਟਰ ਝਾਕ ਰਹੇ ਉਮੀਦਵਾਰ ਵੱਲ ਇਸ਼ਾਰਾ ਕਰਕੇ) ਮੰਦਰ ਵਿਚ ਜਾ ਕੇ ਅੱਲ੍ਹਾ-ਤਾਅਲਾ ਨੂੰ ਯਾਦ ਕਰ ਲੈਂਦੇ ਹਨ ਅਤੇ ਮਸਜਿਦ-ਮਜੌਰਾਂ ਵਿਚ ਜਾ ਕੇ ਇਹਨਾਂ ਨੂੰ ਲਾਟਾਂ ਵਾਲੀ ਜਾਂ ਸ਼ੇਰਾਂ ਵਾਲੀ ਦੇ ਦੀਦਾਰੇ ਹੋਣ ਲੱਗ ਪੈਂਦੇ ਹਨ।

ਮਗਰੋਂ ਇਸ ਚਮਚੇ ਨੇ ਗੱਡੀ ਵਿਚ ਬਹਿ ਕੇ ਨੌ-ਸਿਖੀਏ ਉਮੀਦਵਾਰ ਨੂੰ ਹਰੇ, ਭਗਵੇਂ ਅਤੇ ਪੀਲੇ ਰੰਗਾਂ ਦੇ 'ਧਾਰਮਿਕ ਅਰਥ' ਸਮਝਾਏ ਅਤੇ ਆਪਣੀ ਚਮਚਾਗਿਰੀ ਦਾ ਲੋਹਾ ਮਨਵਾਇਆ।

ਕੋਈ ਸੇਠ ਆਪਣੇ ਮੁਨੀਮ ਨੂੰ ਪੁੱਛਣ ਲੱਗਾ ਕਿ ਆਲੂਆਂ ਦੀ ਤਾਸੀਰ ਤਾਂ ਵਾਇ-ਬਾਦੀ ਹੁੰਦੀ ਹੋਵੇਗੀ? 'ਹਾਂ ਜਨਾਬ' ਕਹਿ ਕੇ ਮੁਨੀਮ ਨੇ ਝੱਟ ਜਵਾਬ ਦਿੱਤਾ-

ਇਹ ਠੰਢੇ ਮੌਸਮ ਵਿਚ ਬੀਜਿਆ ਜਾਂਦਾ ਹੈ। ਇਸ ਦੀ ਫਸਲ ਪਾਲਣ ਲਈ ਪਾਣੀ ਬਹੁਤ ਲਾਉਣਾ ਪੈਂਦਾ ਹੈ। ਆਲੂ ਤਾਂ ਅੱਗੇ ਹੀ ਪਾਣੀ ਦਾ ਘਰ ਹੁੰਦਾ ਹੈ। ਉਤੋਂ ਹੋਰ ਪਾਣੀ ਦੇਣ ਨਾਲ ਇਹ ਬਾਦ਼ਲਾ ਤਾਸੀਰ ਹੋ ਜਾਂਦਾ ਹੈ।

ਹਫਤੇ ਦਸਾਂ ਦਿਨਾਂ ਬਾਅਦ ਸੇਠ ਜੀ ਦਾ ਆਲੂਆਂ ਦੀ ਮਸਾਲੇਦਾਰ ਤਰੀ ਖਾਣ ਨੂੰ ਜੀਅ ਕੀਤਾ। ਸਿਆਲ ਦਾ ਮੌਸਮ ਸੀ, ਮੁਨੀਮ ਨੂੰ ਕਹਿਣ ਲੱਗੇ ਕਿ ਮੇਰਾ ਖਿਆਲ ਐ ਆਲੂ ਤਰ-ਗਰਮ ਹੁੰਦੇ ਹੋਣਗੇ?

ਚਮਚਾ ਰੂਪ ਮੁਨੀਮ ਨੇ ਫੁਰਮਾਇਆ, ਹਜ਼ੂਰ ਤੁਸੀਂ ਬਿਲਕੁਲ ਸਹੀ ਕਿਹਾ ਹੈ। ਆਲੂਆਂ ਨੂੰ ਵੱਟਾਂ ਵਿਚ ਦੱਬ ਕੇ ਬੀਜਿਆ ਜਾਂਦਾ ਹੈ। ਇਸ ਨੂੰ ਬਾਹਰਲੀ ਹਵਾ ਤਾਂ ਲੱਗਦੀ ਕੋਈ ਨਹੀਂ। ਵੱਟਾਂ 'ਤੇ ਫਿਰ ਮਿੱਟੀ ਚੜ੍ਹਾਈ ਜਾਂਦੀ ਹੈ। ਮਿੱਟੀ 'ਚ ਹੀ ਦੱਬਿਆ ਰਹਿਣ ਕਾਰਨ ਇਹ ਸਾਰੀ ਗਰਮੀ ਸੋਸ ਲੈਂਦਾ ਹੈ। ਇਸੇ ਕਾਰਨ ਇਸਦੀ ਤਾਸੀਰ ਗਰਮ ਹੀ ਹੁੰਦੀ ਹੈ।

ਆਲੂਆਂ ਦੀ ਤਰੀ ਬਣਾਉਣ ਦੀ ਤਿਆਰੀ ਕਰਦਾ ਰਸੋਈਆ ਹੱਸਦਿਆਂ ਹੋਇਆਂ ਮੁਨੀਮ ਨੂੰ ਕਹਿੰਦਾ ਕਿ ਥੋੜ੍ਹੇ ਦਿਨ ਪਹਿਲਾਂ ਆਲੂ ਵਾਇ-ਬਾਦੀ, ਪਰ ਅੱਜ ਗਰਮ ਕਿਵੇਂ ਹੋ ਗਏ? ਨਿੰਮ੍ਹਾ ਨਿੰਮ੍ਹਾ ਮੁਸਕਰਾਉਂਦਿਆਂ ਚਮਚਾ ਮੁਨੀਮ ਬੋਲਿਆ- ਭਰਾਵਾ, ਤਨਖਾਹ ਅਸੀਂ ਸੇਠ ਜੀ ਤੋਂ ਲੈਣੀ ਹੈ ਆਲੂਆਂ ਤੋਂ ਨਹੀਂ।

ਹਿੰਦੀ ਦੇ ਇਕ ਕਵੀ ਨੇ ਮਾਲਕ ਤੇ ਉਸਦੇ ਨੌਕਰ ਦੀ ਚਮਚਾਗਿਰੀ ਨੂੰ ਬੜੇ ਵਿਅੰਗਮਈ ਢੰਗ ਨਾਲ ਬਿਆਨ ਕੀਤਾ ਹੈ। ਮਾਲਕ ਆਪਣੇ ਨੌਕਰ ਨੂੰ ਕਹਿੰਦਾ ਹੈ ਕਿ ਬੈਂਗਣ ਦੀ ਸਬਜ਼ੀ ਬਿਲਕੁਲ ਨਾ ਬਣਾਇਆ ਕਰ। ਇਹ ਬੇਕਾਰ ਚੀਜ਼ ਹੈ। ਨੌਕਰ ਕਹਿੰਦਾ- ਮਾਲਕ, ਵਜ੍ਹਾ ਫੁਰਮਾਇਆ ਆਪ ਨੇ, ਯੇਹ ਬੈਂਗਨ ਨਹੀਂ, ਇਸ ਸਸੁਰੇ ਕੋ ਤੋ 'ਬੇ-ਗੁਨ' ਕਹਿਨਾ ਚਾਹੀਏ।

ਥੋੜ੍ਹੇ ਹੀ ਦਿਨ ਗੁਜਰੇ ਸਨ ਕਿ ਮਾਲਕ ਨੂੰ ਬੈਂਗਣਾਂ ਦਾ ਭੜਥਾ ਚੇਤੇ ਆ ਗਿਆ। ਮਾਲਕ ਕਹਿਣ ਲੱਗਾ ਕਿ ਤਾਜ਼ੇ ਬੈਂਗਣਾਂ ਦੇ ਜ਼ਾਇਕੇਦਾਰ ਭੜਥੇ ਮੋਹਰੇ ਦੂਜੀਆਂ ਸਬਜ਼ੀਆਂ ਦੀ ਕਿਆ ਵਟੀਂਦੀ ਐ! ਅੱਜ ਆਪਣੇ ਮਾਲਕ ਮੂੰਹੋਂ ਬੈਂਗਣ ਦੀਆਂ ਸਿਫਤਾਂ ਸੁਣ ਕੇ ਨੌਕਰ ਨੇ ਝੱਟ ਚਮਚੀ ਮਾਰੀ-

"ਮਾਲਿਕ, ਇਸੀ ਲੀਏ ਕੁਦਰਤ ਨੇ ਬੈਂਗਨ ਕੇ ਸਿਰ ਪੇ ਹਰਾ 'ਮੁਕਟ' ਧਾਰਾ ਹੈ, ਯਿਹ ਤੋ 'ਸ਼ਾਹੀ ਸਬਜ਼ੀ' ਕਹਿਲਾਤੀ ਹੈ।"

ਕੋਈ ਬੁੱਢਾ ਸਿਆਸੀ ਆਗੂ ਕਿਸੇ ਇਕੱਠ ਵਿਚ ਆਪਣੀ ਜਵਾਨੀ ਵੇਲੇ ਦੇ ਕਿੱਸੇ ਸੁਣਾਉਂਦਿਆਂ ਗੱਪ ਮਾਰ ਬੈਠਾ! ਅਖੇ, ਇਕ ਵਾਰ ਮੈਂ ਜੰਗਲ ਵਿਚ ਸ਼ਿਕਾਰ ਖੇਡਣ ਗਿਆ। ਝਾੜਆਂ ਓਹਲੇ ਖੜ੍ਹਾ ਇਕ ਹਿਰਨ ਮੇਰੀ ਨਜ਼ਰ ਪੈ ਗਿਆ।

ਮੈਂ ਐਸਾ ਨਿਸ਼ਾਨਾ ਬੰਨ੍ਹ ਕੇ ਤੀਰ ਛੱਡਿਆ ਕਿ ਹਿਰਨ ਦੀ ਖੁਰੀ ਨੂੰ ਚੀਰਦਾ ਹੋਇਆ ਕੰਨ ਵਿੱਚੀਂ ਲੰਘ ਕੇ ਉਸਦੇ ਸਿੰਗ 'ਤੇ ਵੱਜਿਆ। ਸਰੋਤਿਆਂ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਕਈ ਮੁਸਕੜੀਏਂ ਹੱਸਣ ਲੱਗ ਪਏ। ਲੋਕੀ ਸੋਚਣਕਿ ਕਿੱਕੇ ਹਿਰਨ ਦਾ ਖੁਰ, ਕਿੱਥੇ ਕੰਨ ਤੇ ਕਿੱਥੇ ਸਿਰ ਉਤੇ ਸਿੰਗ! ਜਦ ਆਪਣੇ ਲੀਡਰ ਦੀ ਹਾਸੋ-ਹੀਣੀ ਹੋ ਰਹੀ ਸੀ, ਉਸਦੇ ਚਮਚੇ ਨੇ ਭਾਂਪੀ, ਤਦ ਉਹ ਛਾਲ ਮਾਰ ਕੇ ਸਟੇਜ 'ਤੇ ਜਾ ਖੜ੍ਹਾ ਹੋਇਆ-

ਭਾਈਓ ਅਤੇ ਭੈਣੋ, ਹੁਣੇ ਹੁਣੇ ਮੇਰੇ ਮਹਿਬੂਬ ਆਗੂ ਜੀ ਵੱਲੋਂ ਸੁਣਾਈ ਹੱਡ-ਬੀਤੀ ਸੁਣ ਕੇ, ਮੈਨੂੰ ਜਾਪਦਾ ਐ ਕਿ ਕਈਆਂ ਨੂੰ ਸ਼ੰਕਾ ਹੋ ਗਿਆ ਹੈ। ਦਰਅਸਲ ਮੈਂ ਆਗੂ ਜੀ ਦਾ ਬੜਾ ਪੁਰਾਣਾ ਦੋਸਤ ਹਾਂ। ਹਿਰਨ ਦੇ ਸ਼ਿਕਾਰ ਵੇਲੇ ਵੀ ਮੈਂ ਸਰਦਾਰ ਜੀ ਦੇ ਨਾਲ ਹੀ ਸਾਂ। ਇਕ ਨਿਪੁੰਨ ਤੀਰ-ਅੰਦਾਜ਼ ਵਾਂਗ ਜਦੋਂ ਇਹਨਾਂ ਨੇ ਹਿਰਨ 'ਤੇ ਤੀਰ ਛੱਡਿਆ, ਤਦ ਉਸ ਵੇਲੇ ਹਿਰਨ ਆਪਣੇ ਖੁਰ ਨਾਲ ਸਿੰਗ 'ਤੇ ਖੁਰਕ ਰਿਹਾ ਸੀ। ਇਸੇ ਕਾਰਨ ਖੁਰ, ਕੰਨ ਅਤੇ ਸਿੰਗ ਇਕੋ ਨਿਸ਼ਾਨੇ ਵਿੰਨ੍ਹੇ ਗਏ।

ਚਮਚਿਆਂ ਨੂੰ ਚਮਚਾਗਿਰੀਆਂ ਤੇ ਚਾਪਲੂਸੀਆਂ ਸਦਕਾ ਦੇਖੋ 'ਕਿੰਨਾ ਕੁਝ' ਮਿਲ ਜਾਂਦਾ ਹੈ-

**ਕੈਸ਼ ਭੀ, ਕਾਰ ਭੀ, ਕੋਠੀ ਭੀ ਫਨ ਭੀ**
**ਲੀਡਰ ਕੀ ਖਿਦਮਤ ਕਾ ਯੇ ਅੱਛਾ 'ਰੇਟ' ਹੈ।**

**ਹਰ ਸਖਸ਼ ਮੁਬਤਲਾ ਹੈ ਖ਼ੁਸ਼ਾਮਦ ਦੇ ਰੋਗ ਕਾ**
**'ਚਮਚਾ' ਕੋਈ ਬਨਾ ਹੈ ਤੋ ਕੋਈ 'ਪਲੇਟ' ਹੈ।**

-------------

# ਮੋਦੀ ਸਰਕਾਰ ਦੇ 365 ਦਿਨਾਂ ਦਾ ਲੇਖਾ ਜੋਖਾ

# 90 ਫੀ ਸਦੀ ਮੋਦੀ ਸਰਕਾਰ ਦੀਆਂ ਸਫਲਤਾਵਾਂ, ਤੇਲ ਦੀਆਂ ਕੀਮਤਾਂ ਚ ਗਿਰਾਵਟ ਸਦਕਾ

**ਮਹਿੰਦਰ ਚੌਧਰੀ**
**ਫੇਅਰਫੀਲਡ (ਕੈਲੇਫੋਰਨੀਆ)**
mohinderchaudhry@gmail.com

2014 ਦੀਆਂ ਚੋਣਾਂ ਦੌਰਾਨ ਨਰਿੰਦਰ ਮੋਦੀ ਦੁਆਰਾ ਲਿਸ਼ਕਦੇ ਭਾਰਤ ਦੇ ਵਾਅਦੇ, ਜਿਸ ਵਿੱਚ ਅਮੀਰ ਅਤੇ ਗਰੀਬ ਨੂੰ ਸੁਧਾਰਾਂ ਦਾ ਲਾਭ ਮਿਲੇਗਾ। 365 ਦਿਨਾਂ ਦੀ ਕਾਰਗੁਜਾਰੀ ਦਾ ਮੂਲਅੰਕਣ ਕਰਨ ਤੇ ਪਤਾ ਚਲਦਾ ਹੈ ਕਿ ਹਕੀਕਤ ਵਾਦਿਆਂ ਦੇ ਅਨੁਕੂਲ ਨਹੀਂ ਹੈ ।

**ਵਧੇਰੇ ਗੱਲਾਂ ਕਾਰਵਾਈ ਘੱਟ**

ਜਦੋਂ ਨਰਿੰਦਰ ਮੋਦੀ ਦੀ ਸਰਕਾਰ ਨੇ ਅਹੁਦਾ ਸੰਭਾਲਿਆ, ਲੋਕਾਂ ਦੀਆਂ ਉਮੀਦਾਂ ਏਨੀਆਂ ਵਧ ਗਈਆਂ ਕਿ ਮੋਦੀ ਭਾਰਤ ਨੂੰ ਦੁਨੀਆਂ ਦਾ ਸਰਵ ਸ਼ਕਤੀਮਾਨ ਦੇਸ਼ ਬਣਾ ਦੇਵੇਗਾ। ਕਿ ਏਨੀਆਂ ਆਸਾਂ ਬਣਨੀਆਂ ਜਾਂ ਬਨਾਉਣੀਆਂ ਵਾਜਿਬ ਸਨ? ਇੰਨੀਆਂ ਜਿਆਦਾ ਉਮੀਦਾਂ ਲਗਾਉਣੀਆਂ ਲੋਕਾਂ ਦੀ ਗਲਤੀ ਸੀ ਨਾ ਕਿ ਮੋਦੀ ਦੀ। ਚੋਣਾਂ ਵਿੱਚ ਹਰ ਇੱਕ ਪਾਰਟੀ ਲੋਕਾਂ ਨੂੰ ਸਬਜ ਬਾਗ ਦਿਖਾਉਂਦੀ ਹੈ। ਇਸ ਦੇ ਬਾਵਜੂਦ ਕਿਉ ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਮੋਦੀ ਭਾਰਤ ਨੂੰ ਸਰਵ ਸ਼ਕਤੀਮਾਨ ਦੇਸ਼ ਬਣਾ ਦੇਵੇਗਾ? ਮੋਦੀ ਨੇ ਅਜਿਹਾ ਕੀ ਕੀਤਾ ਕਿ ਇਸ ਤੋਂ ਲੋਕ, ਅਧਭੁਤ ਭਾਰਤ ਦੀ ਉਮੀਦ ਲਗਾ ਬੈਠੇ?



**ਗੁਜਰਾਤ ਦੀ ਸਫਲਤਾ ਦੀ ਕਹਾਣੀ ਨੂੰ ਖੂਬ ਭੁੰਨਿਆ**

ਮੋਦੀ ਨੇ ਗੁਜਰਾਤ ਤੇ ਇੱਕ ਦਹਾਕੇ ਤੋਂ ਜਿਆਦਾ ਰਾਜ ਕੀਤਾ । ਕਿ ਇਸਨੇ, ਆਪਣੇ ਕਾਰਜਕਾਲ ਦੌਰਾਨ ਗੁਜਰਾਤ ਵਿੱਚ ਗਰੀਬੀ ਖਤਮ ਕਰ ਦਿੱਤੀ? ਕਿ ਇਸਨੇ ਲਿੰਗ ਅਨੁਪਾਤ ਨੂੰ ਠੀਕ ਕੀਤਾ? ਕਿ ਗੁਜਰਾਤ ਵਿੱਚ ਮਾਨਵ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਈ? ਹਾਂ। ਉਦਯੋਗਪਤੀਆਂ ਨੇ ਗੁਜਰਾਤ ਵਿੱਚ ਖੂਬ ਪੂੰਜੀ ਨਿਵੇਸ਼ ਕੀਤੀ। ਮੈਂ ਇਸ ਹਾਲ ਨਾਲ ਸਹਿਮਤ ਹਾਂ ਕਿ ਪੂੰਜੀ ਨਿਵੇਸ਼ ਸਦਕਾ, ਪ੍ਰਾਂਤ ਦੀ ਜੀ.ਡੀ.ਪੀ. ਚ ਵਾਧਾ ਹੋਇਆ। ਇਸ ਤੋਂ ਇਲਾਵਾ ਹੋਰ ਵੱਡਾ ਵਿਕਾਸ ਦਾ ਕੰਮ ਕੀ ਕੀਤਾ? ਉਦਯੋਗੀਕਰਣ ਰਾਹੀਂ ਰੋਜਗਾਰ ਦਾ ਲਾਭ ਵੀ ਕੱਝ ਸੀਮਿਤ ਇਲਾਕੇ ਵਿੱਚ ਹੀ ਹੋਇਆ ਨਾ ਕਿ ਸਮੁੱਚੇ ਗੁਜਰਾਤ ਵਿੱਚ। ਕਿ ਮੋਦੀ ਗੁਜਰਾਤ ਵਿੱਚ ਖੇਤੀਬਾੜੀ ਖੇਤਰ ਚ ਰੋਜਗਾਰ ਪੈਦਾ ਕਰਨ ਵਿੱਚ ਸਫਲ ਰਿਹਾ? ਇਸਤੇ ਵੀ ਪ੍ਰਸ਼ਨ ਚਿੰਨ ਹੈ।

ਲੋਕਾਂ ਨੇ ਗੁਜਰਾਤ ਦੇ ਵਿਕਾਸ ਦੀ ਕਹਾਣੀ ਤੇ ਵਿਸ਼ਵਾਸ ਕੀਤਾ। ਹਾਂਲਾਕਿ ਮਹਾਂਰਾਸ਼ਟਰ ਦੇ ਵਿਕਾਸ ਦੀ ਵੀ ਕਹਾਣੀ ਹੈ। ਨਿਤਿਸ਼ ਕੁਮਾਰ ਨੇ ਬਿਹਾਰ ਵਿੱਚ ਬੇਮਿਸਾਲ ਵਿਕਾਸ ਕੀਤਾ ਤਾਮਿਲਨਾਡੂ ਵਿੱਚ ਵੀ ਵਿਕਾਮ ਹੋ ਰਿਹਾ ਉੜੀਸਾ ਅਤੇ ਕਰਨਾਟਕਾ ਵੀ ਵਿਕਾਸ ਪੱਖੋਂ ਪਿੱਛੇ ਨਹੀਂ ਹਨ । ਵਿਕਾਸ ਦੀ ਕਹਾਣੀ ਜੀ.ਡੀ.ਪੀ. ਦਾ ਵਿਕਾਸ ਹੈ। ਇਸਦੇ ਬਾਵਜੂਦ ਗੁ-ਜਰਾਤ ਸਮੇਤ ਇਹਨਾਂ ਸੂਬਿਆਂ ਦੇ ਆਮ ਆਦਮੀ ਦੁਖੀ ਹਨ।

**ਕੀ ਮੋਦੀ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰ ਸਕੇਗਾ?**

ਸਾਰਿਆਂ ਉਮੀਦਾਂ ਤੇ ਨਹੀਂ। ਹਾਂ ਜਰੂਰ ਕੁੱਝ ਇੱਕ ਉਮੀਦਾਂ ਤੇ । ਜਦੋਂ ਮੋਦੀ ਨੇ ਰਾਜ -ਭਾਗ ਸੰਭਾਲਿਆ 2013-14 'ਚ ਦੇਸ਼ ਦੀ ਜੀ.ਡੀ.ਪੀ. 6.9 ਫੀ ਸਦੀ ਸੀ ਅੱਜ ਇਹ 7.4 ਫੀ ਸਦੀ ਹੈ।



**ਮਹਿੰਦਰ ਚੌਧਰੀ**
ਫੇਅਰਫੀਲਡ (ਕੈਲੇਫੋਰਨੀਆ)
mohinderchaudhry@gmail.com

ਵਿਦੇਸ਼ੀ ਮੁਦਰਾ ਭੰਡਾਰ ਵੀ ਪਹਿਲਾਂ ਨਾਲੋਂ ਕਾਫੀ ਜਿਆਦਾ ਵਧੀਆ ਹੈ । ਇਸਦੇ ਕਾਰਨ ਵਿੱਤੀ ਘਾਟਾ ਵੀ 4.1 ਫੀ ਸਦੀ ਤੋਂ ਘਟ ਕੇ 3.9 ਫੀ ਸਦੀ ਤੇ ਆ ਗਿਆ ਹੈ। ਮਹਿੰਗਾਈ ਦਰ ਵੀ 8.8 ਫੀ ਸਦੀ ਤੋਂ ਘਟ ਕੇ 5.5 ਫੀ ਸਦੀ ਤੇ ਆ ਗਈ ਹੈ।

ਪਰੰਤੂ ਇੱਥੇ ਇਹ ਯਾਦ ਰੱਖਣ ਯੋਗ ਹੈ ਕਿ 2014 ਦਾ ਸਾਲ ਭਾਰਤ ਲਈ ਬਹੁਤ ਚੰਗਾ ਰਿਹਾ ਹੈ। ਮਾਨਸੂਨ ਵਧੀਆ ਰਹੀ ਹੈ। ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ, ਪਿਛਲੇ ਚਾਰ ਦਹਾਕਿਆਂ ਦੇ ਮੁਕਾਬਲੇ ਸਭ ਤੋਂ ਘੱਟ ਰਹੀਆਂ।

ਉਪਰੋਕਤ ਦਲੀਲਾਂ ਇਸ ਗੱਲ ਦਾ ਸਬੂਤ ਹਨ ਕਿ ਵਿੱਤੀ ਘਾਟਾ, ਘੱਟ ਮਹਿੰਗਾਈ ਦਰ ਅਤੇ ਵਿਦੇਸ਼ੀ ਮੁਦਰਾ ਭੰਡਾਰ ਦੇ ਵਧਣ ਦਾ ਇੱਕੋ ਇੱਕ ਕਾਰਣ ਅੰਤਰਰਾਸ਼ਟਰੀ ਤੇਲ ਦੀਆਂ ਕੀਮਤਾਂ ਦਾ ਘਟਨਾ ਹੈ।

ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮੋਦੀ ਸਰਕਾਰ ਦੀਆਂ ਸਫਲਜਾਵਾਂ ਵਿੱਚੋਂ 90 ਫੀ ਸਦੀ ਸਫਲਤਾਵਾਂ ਲਈ ਤੇਲ ਦੀਆਂ ਘੱਟ ਕੀਮਤਾਂ ਜਿੰਮੇਵਾਰ ਹਨ। ਹਾਂ, ਮੋਦੀ ਸਰਕਾਰ ਦੀਆਂ ਸਫਲਤਾਵਾਂ ਵਿੱਚ ਸਵੱਛ ਭਾਰਤ ਯੋਜਨਾ, ਜਨ ਧਨ ਯੋਜਨਾ, ਜੀਵਨ ਬੀਮਾ ਅਤੇ ਦੁਰਘਟਨਾ ਬੀਮਾ ਯੋਜਨਾਵਾਂ ਗਿਣੀਆਂ ਜਾ ਸਕਦੀਆਂ ਹਨ।

ਸਮਾਜਿਕ ਸੁਰੱਖਿਆ ਯੋਜਨਾ ਇੱਕ ਸਮਾਜਿਕ ਭਲਾਈ ਰਾਜ ਦਾ ਇੱਕ ਜਰੂਰੀ ਤੱਤ ਹੁੰਦਾ ਹੈ ਪਰ ਅਜੇ ਇਹ ਦੇਖਣਾ ਬਾਕੀ ਹੈ ਕਿ ਇੱਕ ਸਾਲ ਵਿੱਚ ਜਨ ਧਨ ਯੋਜਨਾ ਤਹਿਤ ਕਿੰਨੇ ਖਾਤੇ ਚਾਲੂ ਰਹੇ ਹਨ? ਸਾਨੂੰ ਅਜੇ ਕੁੱਝ ਸਮੇਂ ਦੀ ਉਡੀਕ ਕਰਨੀ ਪਵੇਗੀ । ਇਹ ਵੇਖਣ ਲਈ ਕਿ ਉਪਰੋਕਤ ਯੋਜਨਾਵਾਂ ਆਪਣਾ ਉਦੇਸ਼ ਹਾਸਿਲ ਕਰ ਸਕਦੀਆਂ ਹਨ ਕਿ ਨਹੀਂ?

ਪ੍ਰਸਿੱਧ ਪੱਤਰਕਾਰ ਅਤੇ ਆਰ. ਐਸ. ਐਸ. ਪ੍ਰਸ਼ੰਸਕ ਅਰੁਣ ਸ਼ੋਰੀ ਨੇ ਵੀ ਇਹਨਾਂ ਯੋਜਨਾਵਾਂ ਨੂੰ ਦਿਸ਼ਾਹੀਣ ਕਿਹਾ ਹੈ। ਇਹ ਯੋਜਨਾਵਾਂ ਕੁੱਝ ਰਾਜਾਂ ਵਿੱਚ ਪਹਿਲਾਂ ਤੋਂ ਹੀ ਲਾਗੂ ਹਨ।

ਅਰਥ ਵਿਵਸਥਾ ਇੱਕ ਨਿਸ਼ਚਿਤ ਦਿਸ਼ਾ ਵੱਲ ਜਾ ਰਹੀ ਹੈ। ਮੋਦੀ ਸਰਕਾਰ ਆਰਥਿਕਤਾ ਵਿੱਚ ਸੁਧਾਰਾਂ ਪ੍ਰਤੀ ਦ੍ਰਿੜ ਹੈ। ਪਿਛਲੇ ਇੱਕ ਸਾਲ ਦੇ ਦੌਰਾਨ ਮੋਦੀ ਨੇ ਵਿਸ਼ਵ ਨੂੰ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ। ਪ੍ਰਵਾਸੀ ਭਾਰਤੀਆਂ ਨੂੰ ਮਿਲੇ। ਸਵਾਲ ਇਹ ਪੈਦਾ ਹੁੰਦਾ ਹੈ ਕਿ ਵਿਦੇਸ਼ਾਂ ਵਿੱਚ ਜਮੀਨ, ਬਿਜਲੀ ਅਤੇ ਇੰਨਫ੍ਰਾਸਟਰਕਚਰ ਸੰਬੰਧੀ ਕੀਤੇ ਗਏ ਵਾਅਦੇ ਮੋਦੀ ਪੂਰੇ ਕਰ ਸਕੇਗਾ? ਬਗੈਰ ਇੰਨਫ੍ਰਾਸਟਰਕਚਰ ਸੁਧਾਰਾਂ ਅਤੇ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਨਿਸ਼ਚਿਤ ਕੀਤੇ ਬਗੈਰ ਕਿ ਵਿਦੇਸ਼ੀ ਭਾਰਤ ਵਿੱਸ ਸਰਮਾਇਆ ਲਗਾਉਣ ਲਈ ਤਿਆਰ ਹੋ ਜਾਣਗੇ? ਪ੍ਰਧਾਨ ਮੰਤਰੀ ਮੋਦੀ ਆਪਣੇ ਮੰਤਰੀਆਂ ਅਤੇ ਪਾਰਟੀ ਦੇ ਆਗੂਆਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਆਪੱਤੀਜਨਕ ਭਾਸ਼ਾ ਬੋਲਣ ਅਤੇ ਲਗਾਮ ਲਗਾਉਣ ਚ ਵੀ ਨਾਕਾਮ ਰਹੇ ਹਨ।

ਸਭ ਤੋਂ ਪਹਿਲਾਂ ਨਰਸਿਮਹਾ ਰਾਓ ਨੇ ਬਜਾਰੂ ਅਰਥ ਵਿਵਸਥਾ ਚ ਵਿਸ਼ਵਾਸ ਕੀਤਾ ਸੀ । ਉਪਰੰਤ ਡਾ. ਮਨਮੋਹਨ ਸਿੰਘ ਨੇ ਇਸ ਨਿਤੀ ਨੂੰ ਅੱਗੇ ਤੋਰਿਆ। ਪੀ. ਚਿਦੰਬਰਮ ਨੇ ਵੀ ਇਸਨੂੰ ਜਾਰੀ ਰੱਖਿਆ।

ਹੁਣ ਨਰਿੰਦਰ ਮੋਦੀ ਵੀ ਇਹੀ ਹੌਕਾ ਭਰ ਰਿਹਾ ਹੈ। ਚੀਨ ਦੀ ਕਹਣੀ ਵੱਖਰੀ ਹੈ। ਇੱਥੇ ਬੰਦ ਅਰਥ ਵਿਵਸਥਾ ਹੈ। ਇਸ ਦੇਸ਼ ਨੇ ਸਭ ਤੋਂ ਪਹਿਲਾਂ ਇੰਨਫ੍ਰਾਸਟਰਕਚਰ ਢਾਂਚੇ ਅਤੇ ਬਿਜਲੀ ਉਤਪਾਦਨ ਦੇ ਵਿਕਾਸ ਲਈ ਬਹੁਤ ਸਮਾਂ ਅਤੇ ਧਨ ਲਗਾਇਆ। ਉਹਨਾਂ ਦਾ ਉਦਯੋਗਿਕ ਖੇਤਰ ਦਾ ਉਤਪਾਦਨ ਢਾਂਚਾ ਬਹੁਤ ਮਜਬੂਤ ਹੈ। ਉਹ ਦੇਸ਼ ਦੇ ਉਤਪਾਦਾਂ ਦਾ ਵਿਦੇਸ਼ਾਂ ਵਿੱਸ ਨਿਰਯਾਤ ਕਰਦੇ ਹਨ। ਉਹਨਾਂ ਕੋਲ ਖਰਬਾਂ ਡਾਲਰਾਂ ਦਾ ਵਿਦੇਸ਼ੀ ਮੁਦਰਾ ਭੰਡਾਰ ਹੈ।

ਸਾਡੇ ਸਥਾਨਕ ਉਤਪਾਦਕ ਉਦਯੋਗਪਤੀ ਕਿੱਥੇ ਹਨ? ਅਸੀਂ ਉਹਨਾਂ ਦਾ ਪਹਿਲਾਂ ਤੁਸ਼ਟੀਕਰਣ ਕਿਉਂ ਨਹੀ ਕਰਦੇ? ਸਾਡੀ ਸਥਿਤੀ ਇਹ ਹੈ ਕਿ ਅਸੀਂ ਭਗਵਾਨ ਕ੍ਰਿਸ਼ਨ ਗਨੇਸ਼ ਜੀ ਦੀਆਂ ਮੂਰਤੀਆਂ ਵੀ ਚੀਨ ਤੋਂ ਖਰੀਦਦੇ ਹਾਂ।

# Begumpura Educational & Cultural Society of Sacramento



**Jai Bhim Jai Bharat**

## Educate Agitate and Organize

"An educated man without character and humility was move dangerous than abeast. If his education was deterimental to the welfare of poor, he was acurse to the society"

- Dr. B R Ambediar

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦਾ 124ਵਾਂ ਜਨਮ ਦਿਨ ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ, 2015 ਦਿਨ ਐਤਵਾਰ ਨੂੰ **9175 W. Stockton Blvd. Elk Grove, CA 95758** ਵਿਖੇ ਸ਼ਾਮੀ 5 ਵਜੇ ਤੋਂ ਲੈ ਕੇ ਰਾਤੀ 11 ਵਜੇ ਤੱਕ ਮਨਾਇਆ ਜਾ ਰਿਹਾ ਹੈ, ਜਿਸ ਵਿਚ ਉੱਚ ਕੋਟੀ ਦੇ ਬੁਲਾਰੇ ਅਤੇ ਗਾਇਕ ਬਾਬਾ ਸਾਹਿਬ ਅੰਬੇਦਕਰ ਦੀ ਉਪਮਾ ਵਿਚ ਵਿਚਾਰ ਅਤੇ ਗੀਤ ਪੇਸ਼ ਕਰਨਗੇ।

## ਪ੍ਰੋਗਰਾਮਾਂ ਦਾ ਵੇਰਵਾ

1. 5 ਤੋਂ 6 ਵਜੇ ਤੱਕ ਚਾਹ ਅਤੇ ਸਨੈਕ
2. 6 ਤੋਂ 8 ਵਜੇ ਤੱਕ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ
3. 8 ਤੋਂ 9 ਵਜੇ ਤੱਕ ਮਿਸ਼ਨਰੀ ਗੀਤ ਸੰਗੀਤ ਦਾ ਪ੍ਰੋਗਰਾਮ ਹੋਵੇਗਾ।
4. 9 ਤੋਂ 10 ਵਜੇ ਤੱਕ ਡਿਨਰ ਹੋਵੇਗਾ।
5. 10 ਤੋਂ 11 ਵਜੇ ਤੱਕ ਬਾਬਾ ਸਾਹਿਬ ਅੰਬੇਦਕਰ ਜੀ ਦੇ ਜੀਵਨ ਅਤੇ ਵਿਚਾਰਾਂ ਤੇ ਮੁਵੀ ਵੀ ਦਿਖਾਈ ਜਾਵੇਗੀ

## ਸਮਾਗਮ ਦਾ: ਸੰਪਰਕ ਅਤੇ ਸਥਾਨ

**Holiday Inn Express**

**9175 W. Stockton Blvd., ELK Grove CA 95758**

**916-478-9000**

## You may contact the following members for further information



Mohinder S. Dhami (916)261-5972



Jaswinder Banga (916)796-5003



Jaswant S. Sheemar (916)293-6030



Ramesh Bangar (916)715-3441



Joginder Chumber (916)439-4043



Raj Kumar Badhan (916) 601-3842

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

**3244 W. Grant Line Rd., Tracy, CA 95304**

Email: nfo@skyhighinsuranceagency.com
Website: www.skyhighinsuranceagency.com



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Golden State Truck Sales Inc.



## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**Buy Quality Used Trucks**

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

**Cell : 530-870-6600**

**Fax : 530-405-1429**

Email: myfuturetruck@gmail.com

**2535 Front St. West Sacramento, CA 95691**



"An educated man without character and humility was move dangerous than abeast. If his education was deterimental to the welfare of poor, he was acurse to the society"

- Dr. B R Ambediar

ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ 2015, ਦਿਨ ਐਤਵਾਰ ਨੂੰ **Holiday Inn Express, 9175 W. Stockton Blvd., ELK Grove CA 95758** ਵਿਖੇ ਮਨਾਏ ਜਾ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਵਿਦਵਾਨ ਅਤੇ ਮਹਾਨ ਸ਼ਖਸੀਅਤ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਦੀਆਂ **ਲੱਖ ਲੱਖ ਵਧਾਈਆਂ**



# ਸ਼ਿੰਗਾਰਾ ਸਿੰਘ ਰੱਲ੍ਹ

## ਪ੍ਰਧਾਨ, ਸ੍ਰੀ ਗੁਰੂ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ



ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ 2015, ਦਿਨ ਐਤਵਾਰ ਨੂੰ **Holiday Inn Express, 9175 W. Stockton Blvd., ELK Grove CA 95758** ਵਿਖੇ ਮਨਾਏ ਜਾ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਵਿਦਵਾਨ ਅਤੇ ਮਹਾਨ ਸ਼ਖਸੀਅਤ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਦੀਆਂ **ਲੱਖ ਲੱਖ ਵਧਾਈਆਂ**

ਆਓ ਆਪਾਂ ਸਾਰੇ ਰਲ- ਮਿਲ ਕੇ ਇਸ ਮਹਾਨ ਦਿਹਾੜੇ ਤੇ ਹੋਲੀਡੇਅ ਇਨ ਐਕਸਪ੍ਰੈਸ, ਸਟਾਕਟਨ ਬੁਲੇਵਾਰਡ, ਐਲਕ ਗਰੋਵ ਵਿਖੇ ਪਹੁੰਚ ਕੇ ਮਹਾਨ ਸ਼ਖਸੀਅਤ ਨੂੰ ਪ੍ਰਣਾਮ ਕਰੀਏ ਅਤੇ ਇਸ ਮੌਕੇ ਪੁੱਜ ਰਹੇ ਮਹਾਨ ਵਿਦਵਾਨਾਂ ਅਤੇ ਅਹਿਮ ਸ਼ਖਸੀਅਤਾਂ ਦੇ ਵਿਚਾਰ ਸੁਣੀਏ।

# ਜਸਵਿੰਦਰ ਬੰਗਾ

## ਚੇਅਰਮੈਨ

## ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ



ਜਸਵਿੰਦਰ ਬੰਗਾ ਆਪਣੇ ਪਰਿਵਾਰ ਨਾਲ

ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ 2015, ਦਿਨ ਐਤਵਾਰ ਨੂੰ **Holiday Inn Express, 9175 W. Stockton Blvd., ELK Grove CA 95758** ਵਿਖੇ ਮਨਾਏ ਜਾ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਵਿਦਵਾਨ ਅਤੇ ਮਹਾਨ ਸ਼ਖਸੀਅਤ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਦੀਆਂ **ਲੱਖ ਲੱਖ ਵਧਾਈਆਂ**





ਆਓ ਆਪਾਂ ਸਾਰੇ ਰਲ- ਮਿਲ ਕੇ ਇਸ ਮਹਾਨ ਦਿਹਾੜੇ ਤੇ ਹੋਲੀਡੇਅ ਇਨ ਐਕਸਪ੍ਰੈਸ, ਸਟਾਕਟਨ ਬੁਲੇਵਾਰਡ, ਐਲਕ ਗਰੋਵ ਵਿਖੇ ਪਹੁੰਚ ਕੇ ਮਹਾਨ ਸ਼ਖਸੀਅਤ ਨੂੰ ਪ੍ਰਣਾਮ ਕਰੀਏ ਅਤੇ ਇਸ ਮੌਕੇ ਪੁੱਜ ਰਹੇ ਮਹਾਨ ਵਿਦਵਾਨਾਂ ਅਤੇ ਅਹਿਮ ਸ਼ਖਸੀਅਤਾਂ ਦੇ ਵਿਚਾਰ ਸੁਣੀਏ।

# ਤਾਰਾ ਸਿੰਘ ਸਾਗਰ

## ਸਾਬਕਾ ਪ੍ਰਧਾਨ ਅਤੇ ਮੌਜੂਦਾ ਡਾਇਰੈਕਟਰ

## ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆ (ਬੇ-ਏਰੀਆ)

## ਸ਼ਹੀਦ ਭਾਈ ਤਾਰੂ ਸਿੰਘ ਜੀ ਦੇ 270ਵੇਂ ਪਵਿੱਤਰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# 'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ'



ਪ੍ਰੋ: ਐਚ.ਐਲ.ਕਪੂਰ
01- 916- 587-4002

ਭਾਈ ਤਾਰੂ ਸਿੰਘ ਜੀ ਸਿੱਖ ਇਤਿਹਾਸ ਦੇ ਇਕ ਮਹਾਨ ਸ਼ਹੀਦ ਹਨ। ਉਨ੍ਹਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਸਿੱਖੀ-ਸਿਦਕ ਦੀ ਲਾਜ ਰੱਖੀ। ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਇਤਿਹਾਸ ਇਕ ਨਾਜ਼ੁਕ ਦੌਰ 'ਚੋਂ ਗੁਜਰ ਰਿਹਾ ਸੀ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜੁਝਾਰੂ ਕ੍ਰਾਂਤੀਕਾਰੀ ਸਿੱਖ ਰੂਪੋਸ਼ ਹੋ ਕੇ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਰੇਗਿਸਤਾਨਾਂ 'ਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਨੇ ਅਜਿਹੇ ਸਮੇਂ 'ਚ ਪੰਜਾਬ 'ਚੋਂ ਜ਼ਾਲਮ ਮੁਗਲ ਸਰਕਾਰ ਦਾ ਖਾਤਮਾ ਕਰਨ ਲਈ, ਆਪਣੇ ਸੰਘਰਸ਼ ਨੂੰ ਗੁਰੀਲਾ ਯੁੱਧ ਦੀ ਨੀਤੀ 'ਚ ਤਬਦੀਲ ਕਰ ਦਿੱਤਾ ਸੀ। ਪੰਜਾਬ ਦੇ ਅਜਿਹੇ ਇਤਿਹਾਸਕ ਸਮੇਂ 'ਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈਸਵੀ ਨੂੰ ਪਿਤਾ ਸ਼ਹੀਦ ਭਾਈ ਯੋਧ ਸਿੰਘ ਜੀ ਦੇ ਘਰ ਉਨ੍ਹਾਂ ਦੀ ਧਰਮ ਪਤਨੀ ਬੀਬੀ ਧਰਮ ਕੌਰ ਦੀ ਕੁੱਖੋਂ 'ਜੱਟ ਸੰਧੂ' ਪਰਿਵਾਰ 'ਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਤੋਂ ਛੋਟੀ ਉਨ੍ਹਾਂ ਦੀ ਇਕ ਭੈਣ ਵੀ ਸੀ ਜਿਸ ਦਾ ਨਾਂ ਬੀਬੀ ਤਾਰ ਕੌਰ (ਛੋਟਾ ਨਾਂ ਤਾਰੋ) ਸੀ। ਭਾਈ ਤਾਰੂ ਸਿੰਘ ਜੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਇਕ ਬਹੁਤ ਹੀ ਨੇਕ ਤੇ ਸਿੱਖ ਧਾਰਮਿਕ, ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਸੀ। ਉਹ ਬੜੀ ਸਖ਼ਤ ਮਿਹਨਤ ਨਾਲ ਖੇਤੀਬਾੜੀ ਦਾ ਧੰਦਾ ਕਰਕੇ ਆਪਣਾ ਜੀਵਨ ਨਿਰਬਾਹ, ਬੜੇ ਸਰਫੇ ਨਾਲ ਕਰਦੇ ਸਨ। ਭਾਵੇਂ ਭਾਈ ਤਾਰੂ ਸਿੰਘ ਜੀ ਅਮੀਰ ਆਦਮੀ ਨਹੀਂ ਸਨ ਪਰ ਫਿਰ ਵੀ ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਆਪਣੀ ਨੇਕ ਤੇ ਦਸਾਂ ਨਹੁੰਆਂ ਦੀ ਸਖ਼ਤ ਕਮਾਈ 'ਚੋਂ ਆਪਣੇ ਸਿੱਖ ਭੈਣ-ਭਰਾਵਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹਨਾਂ ਦਾ ਪਿਤਾ ਸ਼ਹੀਦ ਭਾਈ ਯੋਧ ਸਿੰਘ ਇਕ ਲੜਾਈ 'ਚ ਸ਼ਹੀਦ ਹੋ ਗਿਆ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਵਿਧਵਾ ਮਾਤਾ ਉਨ੍ਹਾਂ ਦੇ ਨਾਲ ਰਹਿੰਦੀ ਸੀ। ਭਾਈ ਤਾਰੂ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਸੀ ਤੇ ਉਹਨਾਂ ਨੇ ਸਿੱਖੀ-ਸਿਦਕ ਲਈ ਮਰ ਮਿਟਣ ਦੀ ਸਿੱਖਿਆ ਉਹਨਾਂ ਤੋਂ ਹੀ ਪ੍ਰਾਪਤ ਕੀਤੀ ਸੀ।

ਉਹ ਆਪਣੀ ਸਖ਼ਤ ਮਿਹਨਤ ਦੀ ਕਮਾਈ 'ਚੋਂ ਜੋ ਕੁਝ ਬੱਚਤ ਕਰਦੇ ਉਹ ਆਪਣੇ ਉਨ੍ਹਾਂ ਸਿੱਖ ਕ੍ਰਾਂਤੀਕਾਰੀ ਭਰਾਵਾਂ 'ਤੇ ਖਰਚ ਕਰਦੇ ਜਿਹੜੇ ਮੁਗਲ ਸਰਕਾਰ ਦੇ ਅੱਤਿਆਚਾਰਾਂ ਕਾਰਨ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਪ੍ਰਵਾਸ ਕਰ ਗਏ ਸਨ। ਭਾਈ ਤਾਰੂ ਸਿੰਘ ਜੋ ਕਿ ਕ੍ਰਾਂਤੀਕਾਰੀ ਸਿੱਖਾਂ ਦੀ ਰਾਸ਼ਨ-ਪਾਣੀ ਆਦਿ ਜਾਂ ਉਨ੍ਹਾਂ ਨੂੰ ਰੋਟੀ ਖੁਆ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ ਜਾਂ ਕਈ ਵਾਰੀ ਰਾਤ-ਬਰਾਤੇ ਉਹ ਸਿੱਖ ਭਰਾ ਇਸ ਕੋਲ ਰਾਤ ਨੂੰ ਠਹਿਰ ਜਾਂਦੇ ਸਨ। ਇਕ ਸਰਕਾਰੀ ਜਾਸੂਸ ਜਿਸ ਦਾ ਨਾਂ ਅਕਿਲ ਦਾਸ (ਦੂਸਰਾ ਨਾਂ ਨਰੰਜਣੀਆ) ਵੀ ਸੀ, ਉਹ ਜੰਡਿਆਲੇ ਦਾ ਰਹਿਣ ਵਾਲਾ ਸੀ ਤੇ ਉਹ ਇਸ ਤਰ੍ਹਾਂ ਵਿਦਰੋਹੀ ਕ੍ਰਾਂਤੀਕਾਰੀ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆਂ 'ਤੇ ਆਪਣੀ ਕੜੀ ਨਜ਼ਰ ਰੱਖਦਾ ਸੀ ਤੇ ਇਸ ਦੀ ਸਾਰੀ ਜਾਣਕਾਰੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਦੱਸਦਾ ਰਹਿੰਦਾ ਸੀ।

ਜ਼ਕਰੀਆ ਖਾਨ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਇਰਾਦਾ ਰੱਖਦਾ ਸੀ ਤੇ ਉਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। 'ਪ੍ਰਾਚੀਨ ਪੰਥ ਪ੍ਰਕਾਸ਼' 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜ਼ਕਰੀਆ ਖਾਨ ਨੇ ਆਪਣੇ ਆਦਮੀਆਂ ਨੂੰ ਪੁੱਛਿਆ ਕਿ, "ਸਿੱਖ ਆਪਣਾ ਪਾਲਣ-ਪੋਸਣ ਕਿਵੇਂ ਕਰਦੇ ਹਨ ਤੇ ਉਹ ਆਪਣਾ ਰਾਸ਼ਨ-ਪਾਣੀ ਕਿੱਥੋਂ ਲਿਆਉਂਦੇ ਹਨ''? ਮੈਂ ਤਾਂ ਉਨ੍ਹਾਂ ਦੇ ਕੰਮਕਾਰ ਸਭ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ। ਉਹ ਨਾਂ ਤਾਂ ਖੇਤੀ ਕਰਦੇ ਹਨ, ਨਾ ਉਨ੍ਹਾਂ ਨੂੰ ਕੋਈ ਵਿਉਪਾਰ ਕਰਨ ਦੀ ਆਗਿਆ ਹੈ ਤੇ ਨਾ ਹੀ ਉਹ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਕਿਸੇ ਅਦਾਰੇ 'ਚ ਕੰਮ ਕਰ ਸਕਦੇ ਹਨ। ਮੈਂ ਤਾਂ ਉਹਨਾਂ ਦੇ ਗੁਰਦੁਆਰਿਆਂ ਨੂੰ ਚੜ੍ਹਨ ਵਾਲੇ ਚੜ੍ਹਾਵੇ ਵੀ ਬੰਦ ਕਰ ਦਿੱਤੇ ਹਨ ਤੇ ਨਾ ਉਹ ਕਿਤੇ ਪਾਠ-ਪੂਜਾ ਕਰ ਸਕਦੇ ਹਨ। ਉਨ੍ਹਾਂ ਦੀ ਖਾਧ-ਖੁਰਾਕ ਦਾ ਹਰ ਰਸਤਾ ਮੇਰੇ ਵੱਲੋਂ ਬੰਦ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਜਿੰਦਾ ਹਨ ਤੇ ਮਰੇ ਨਹੀਂ ਹਨ?

ਹਰਭਗਤ ਨਰੰਜਣੀਆ ਜੋ ਜ਼ਕਰੀਆ ਖਾਨ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ ਤੇ ਸਿੱਖਾਂ ਦਾ ਜਾਨੀ ਦੁਸ਼ਮਣ ਵੀ ਸੀ ਨੇ ਕਿਹਾ, "ਅਜੇ ਇਸ ਸੰਸਾਰ 'ਚ ਸਿੱਖ ਹਨ, ਜਿਹੜੇ ਉਤਨਾ ਚਿਰ ਆਪ ਭੁੱਖੇ ਰਹਿੰਦੇ ਹਨ ਜਿੰਨਾ ਚਿਰ ਉਹ ਆਪਣੇ ਰੂਪੋਸ਼ ਹੋਏ ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਖਾਣਾ ਨਹੀਂ ਖੁਆ ਲੈਂਦੇ। ਉਹ ਆਪਣੇ ਆਪ ਨੂੰ ਉਨਾ ਚਿਰ ਭੁੱਖਾ ਤੇ ਨੰਗਾ ਰੱਖ ਸਕਦੇ ਹਨ ਪਰ ਆਪਣੇ ਸਿੱਖ ਭਰਾਵਾਂ ਨੂੰ ਅਜਿਹੀ ਦੁਖਦਾਇਕ ਹਾਲਤ 'ਚ ਨਹੀਂ ਦੇਖ ਸਕਦੇ। ਉਹ ਆਪਣੀ ਸਰਦ ਰਾਤਾਂ ਨੂੰ ਅੱਗ ਸੇਕ ਕੇ ਲੰਘਾ ਸਕਦੇ ਹਨ ਪਰ ਆਪਣੇ ਸਰੀਰ ਦੇ ਕੱਪੜੇ ਉਤਾਰ ਕੇ ਆਪਣੇ ਸਾਥੀ ਸਿੱਖ ਭਰਾਵਾਂ ਨੂੰ ਭੇਜ ਸਕਦੇ ਹਨ ਤੇ ਉਹ ਉਨ੍ਹਾਂ ਨੂੰ ਨੰਗਿਆਂ ਨਹੀਂ ਦੇਖ ਸਕਦੇ ਕਿ ਉਹ ਅਜਿਹੀਆਂ ਸਰਦ ਰਾਤਾਂ 'ਚ ਨੰਗੇ ਰਹਿਣ। ਉਹ ਸਖ਼ਤ ਮਿਹਨਤ ਮੁਸ਼ੱਕਤ ਕਰਕੇ, ਦਾਣੇ ਪੀਸ ਕੇ ਆਟਾ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਆਪ ਨਿੱਕੇ-ਮੋਟੇ ਕੰਮ ਕਰਕੇ, ਸਖ਼ਤ ਮਿਹਨਤ ਕਰਕੇ ਆਪਣੀ ਕਮਾਈ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਹੁਣ ਦੂਰ-ਦੁਰਾਡੇ ਕੰਮਾਂ-ਕਾਰਾਂ ਦੀ ਭਾਲ 'ਚ ਚਲੇ ਗਏ ਹਨ ਤੇ ਉਥੇ ਕੰਮਕਾਰ ਕਰਕੇ ਆਪਣੇ ਰੂਪੋਸ਼ ਹੋਏ ਬਾਗੀ ਕ੍ਰਾਂਤੀਕਾਰੀਆਂ ਨੂੰ ਜ਼ਰੂਰ ਪੈਸੇ ਦਿੰਦੇ ਹਨ।



ਹਰਭਗਤ ਨਰੰਜਣੀਏ ਨੇ ਜ਼ਕਰੀਆ ਖਾਨ ਨੂੰ ਦੱਸਿਆ ਕਿ ਮਾਝੇ ਦੇ ਪੂਹਲੇ ਪਿੰਡ ਦਾ ਤਾਰੂ ਸਿੰਘ ਜੋ ਕਿਸਾਨੀ ਕਰਦਾ ਹੈ ਤੇ ਸਰਕਾਰ ਨੂੰ ਹਾਲਾ-ਮਾਮਲਾ ਵੀ ਦਿੰਦਾ ਹੈ ਪਰ ਉਹ ਆਪ ਬਹੁਤ ਘੱਟ ਖਾਂਦਾ ਹੈ ਤੇ ਆਪਣੀ ਸਾਰੀ ਰਾਸ਼ਨ-ਪਾਣੀ ਦੀ ਬੱਚਤ 'ਚੋਂ ਰੋਟੀਆਂ ਬਣਾ ਕੇ ਜੰਗਲ 'ਚ ਰਹਿੰਦੇ ਆਪਣੇ ਬਾਗੀ-ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਭੇਜਦਾ ਹੈ। ਉਸ ਦੀ ਮਾਤਾ ਤੇ ਭੈਣ ਉਸ ਦੀ ਇਸ ਕੰਮ 'ਚ ਪੂਰੀ ਮਦਦ ਕਰਦੀਆਂ ਹਨ ਤੇ ਉਹ ਆਟਾ ਪੀਸ ਕੇ ਤੇ ਰੋਟੀਆਂ ਬਣਾ ਕੇ ਤਿਆਰ ਕਰਦੀਆਂ ਹਨ। ਉਹ ਆਪ ਆਪਣਾ ਗੁਜ਼ਾਰਾ ਬੜੇ ਸਰਫੇ ਨਾਲ ਕਰਦਾ ਹੈ ਤੇ ਘਰ ਦਾ ਬੁਣਿਆ ਹੋਇਆ ਖੱਦਰ ਪਹਿਨਦਾ ਹੈ। ਉਹ ਜੋ ਵੱਧ ਤੋਂ ਵੱਧ ਬਚਾਉਂਦੇ ਹਨ, ਉਹ ਆਪਣੇ ਸਾਥੀ ਸਿੱਖਾਂ ਨੂੰ ਜੰਗਲ 'ਚ ਭੇਜੀ ਜਾਂਦੇ ਹਨ।

ਇਕ ਦਿਨ ਰਹੀਮ ਬਖ਼ਸ਼ ਮੁਸਲਮਾਨ ਜੋ ਮੱਛੀਆਂ ਫੜਨ ਦਾ ਕੰਮ ਕਰਦਾ ਸੀ, ਰਾਤ ਕੱਟਣ ਲਈ ਭਾਈ ਤਾਰੂ ਸਿੰਘ ਜੀ ਦੇ ਘਰ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨੂੰ ਦੱਸਿਆ ਕਿ, "ਪੱਟੀ ਦਾ ਕਮਾਂਡਰ ਧੱਕੇ ਨਾਲ ਉਸ ਦੀ ਲੜਕੀ ਉਠਾ ਕੇ ਲੈ ਗਿਆ ਹੈ। ਜਦੋਂ ਮੈਂ ਗਵਰਨਰ ਜ਼ਕਰੀਆ ਖਾਨ ਪਾਸ ਕਮਾਂਡਰ ਦੀ ਸ਼ਿਕਾਇਤ ਕੀਤੀ ਤਾਂ ਮੈਨੂੰ ਉਸ ਨੇ ਧੱਕੇ ਮਰਵਾ ਕੇ ਆਪਣੇ ਦਰਬਾਰ 'ਚੋਂ ਬਾਹਰ ਕਢਵਾ ਦਿੱਤਾ। ਗਰੀਬ ਆਦਮੀ ਦੀ ਇਸ ਜ਼ਾਲਮਾਨਾ ਰਾਜ 'ਚ ਕੋਈ ਸੁਣਵਾਈ ਨਹੀਂ ਹੈ। ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ ਕਿ ''ਤੇਰੀ ਸ਼ਿਕਾਇਤ ਭਾਵੇਂ ਗਵਰਨਰ ਨੇ ਨਹੀਂ ਸੁਣੀ ਹੈ ਪਰ ਇਹ ਸ਼ਿਕਾਇਤ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ 'ਚ ਜ਼ਰੂਰ ਸੁਣੀ ਗਈ ਹੈ। ਤੇਰੀ ਲੜਕੀ ਕੁਝ ਦਿਨਾਂ ਦੇ ਅੰਦਰ-ਅੰਦਰ ਤੇਰੇ ਘਰ ਜ਼ਰੂਰ ਪਹੁੰਚ ਜਾਵੇਗੀ।

ਕੁਝ ਦਿਨਾਂ ਬਾਅਦ ਸਿੰਘਾਂ ਦਾ ਇਕ ਜਥਾ ਉਧਰ ਦੀ ਗੁਜ਼ਰ ਰਿਹਾ ਸੀ ਤੇ ਉਹ ਸਿੰਘ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਭਾਈ ਤਾਰੂ ਸਿੰਘ ਨੇ ਰਹੀਮ ਬਖ਼ਸ਼ ਦੀ ਸਾਰੀ ਦੁੱਖ ਭਰੀ ਕਹਾਣੀ ਸਿੰਘਾਂ ਨੂੰ ਸੁਣਾਈ। ਸਿੰਘਾਂ ਨੇ ਪੱਟੀ ਦੇ ਕਮਾਂਡਰ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਰਹੀਮ ਬਖ਼ਸ਼ ਦੀ ਲੜਕੀ ਕਮਾਂਡਰ ਦੇ ਘਰੋਂ ਬਰਾਮਦ ਕਰ ਲਈ ਤੇ ਰਹੀਮ ਬਖ਼ਸ਼ ਨੂੰ ਦੇ ਦਿੱਤੀ। ਇਸ ਹਮਲੇ 'ਚ ਪੱਟੀ ਦਾ ਕਮਾਂਡਰ ਮਾਰਿਆ ਗਿਆ। ਪੂਹਲਾ ਪਿੰਡ ਦੇ ਮੁਖੀਏ ਖੁਸ਼ਹਾਲੇ ਨੇ ਇਹ ਸਾਰੀ ਵਾਰਦਾਤ ਜ਼ਕਰੀਆ ਖਾਨ ਨੂੰ ਲਾਹੌਰ ਵਿਖੇ ਜਾ ਸੁਣਾਈ। ਜ਼ਕਰੀਆ ਖਾਨ ਨੇ ਆਪਣੇ ਫੌਜੀਆਂ ਨੂੰ ਭੇਜਿਆ ਕਿ ਭਾਈ ਤਾਰੂ ਸਿੰਘ ਜੀ ਤੇ ਉਸ ਦੀ ਭੈਣ ਬੀਬੀ ਤਾਰ ਕੌਰ (ਤਾਰੋ) ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਫੌਜੀ ਭਾਈ ਤਾਰੂ ਸਿੰਘ ਜੀ ਦੇ ਘਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਹੁੰਚ ਗਏ। ਭਾਈ ਤਾਰੂ ਸਿੰਘ ਨੇ ਪਹਿਲਾਂ ਫੌਜੀਆਂ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਕਿ ਉਹ ਪ੍ਰਸ਼ਾਦਾ ਜ਼ਰੂਰ ਛਕਣ ਕਿਉਂਕਿ ਇਹ ਗੁਰੂ ਕਾ ਲੰਗਰ ਹੈ ਤੇ ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਮੈਂ ਤੁਹਾਡੇ ਨਾਲ ਚਲਾ ਜਾਵਾਂਗਾ। ਫੌਜੀ ਭਾਈ ਤਾਰੂ ਸਿੰਘ ਦੀ ਗੱਲ ਮੰਨ ਗਏ ਤੇ ਉਨ੍ਹਾਂ ਨੇ ਪ੍ਰਸ਼ਾਦ ਛਕ ਲਿਆ ਤੇ ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਬੀਬੀ ਤਾਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪੇਸ਼ ਕਰ ਦਿੱਤਾ। ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਹਲਾ ਪਿੰਡ ਦੇ ਵਾਸੀ ਇਕੱਠੇ ਹੋ ਕੇ ਲਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪਹੁੰਚ ਗਏ ਕਿ ਇਨ੍ਹਾਂ ਨੂੰ ਛੁਡਾ ਲਿਆ ਜਾਵੇ। ਬੀਬੀ ਤਾਰ ਕੌਰ ਇਕ ਔਰਤ ਹੋਣ ਕਰਕੇ ਪਿੰਡ ਵਾਸੀਆਂ ਨੇ ਇਕ ਮੁਆਫੀਨਾਮਾ ਲਿਖਿਆ ਤੇ ਬੀਬੀ ਤਾਰ ਕੌਰ ਨੂੰ ਛੁਡਵਾ ਲਿਆ ਪਰ ਭਾਈ ਤਾਰੂ ਸਿੰਘ ਜੀ ਨੇ ਮੁਆਫੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

ਗਵਰਨਰ ਜ਼ਕਰੀਆ ਖਾਨ ਨੂੰ ਉਮੀਦ ਸੀ ਕਿ ਭਾਈ ਤਾਰੂ ਸਿੰਘ ਜੀ ਨੂੰ ਡਰਾ ਧਮਕਾ ਕੇ ਦੂਸਰੇ ਹੋਰ ਬਾਗੀ-ਕ੍ਰਾਂਤੀਕਾਰੀ ਸਿੰਘਾਂ ਦੇ ਠਿਕਾਣਿਆਂ ਦਾ ਪਤਾ ਲਗਾ ਲਿਆ ਜਾਵੇਗਾ ਤੇ ਉਹ ਡਰਦਾ ਮੁਸਲਮਾਨ ਬਣ ਜਾਵੇਗਾ। ਗਵਰਨਰ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਕਿ, "ਤੇਰੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ ਜੇਕਰ ਤੂੰ ਮੁਸਲਮਾਨ ਬਣ ਜਾਏਂਗਾ, ਨਹੀਂ ਤਾਂ, ਤੂੰ ਮੈਨੂੰ ਆਪਣੇ ਲੰਬੇ ਕੇਸ ਕੱਟ ਕੇ ਦੇ-ਦੇ ਤਾਂ ਕਿ ਮੈਂ ਇਸ ਦੀ ਰੱਸੀ ਬਣਾ ਕੇ ਆਪਣਾ ਮੰਜਾ ਬੁਣ ਸਕਾਂ।'' ਭਾਈ ਤਾਰੂ ਸਿੰਘ ਜੀ ਨੇ ਉੱਤਰ ਦਿੱਤਾ, "ਮੇਰਾ ਇਨ੍ਹਾਂ ਕੇਸਾਂ 'ਚ ਪੂਰੀ ਸਿੱਖੀ ਸਿਦਕੀ ਦਾ ਵਿਸ਼ਵਾਸ ਹੈ ਤੇ ਤੇਰੇ 'ਤੇ ਮੈਂ ਆਪਣੀ ਜੁੱਤੀ ਨਾਲ ਕਾਬੂ ਪਾ ਲਵਾਂਗਾ ਤੇ ਇਸ ਨਾਲ ਤੂੰ ਮਰ ਜਾਏਂਗਾ।'' ਇਹ ਸੁਣਕੇ ਜ਼ਕਰੀਆ ਖਾਨ ਗੁੱਸੇ 'ਚ ਆ ਗਿਆ ਤੇ ਉਸਨੇ ਕਿਹਾ ਕਿ, "ਇਸ ਨੂੰ ਘੁੰਮਦੀ ਹੋਈ ਚਰਖੜੀ 'ਤੇ ਚਾੜ੍ਹ ਕੇ ਤੇ ਬੰਨ੍ਹ ਕੇ, ਪਟਕਾ-ਪਟਕਾ ਕੇ ਜ਼ਮੀਨ ਤੇ ਮਾਰ-ਮਾਰ ਕੇ ਸਜ਼ਾ ਦਿੱਤੀ ਜਾਵੇ ਤੇ ਉਸ ਤੋਂ ਬਾਅਦ ਤਿੱਖੇ ਹਥਿਆਰ ਨਾਲ, ਇਸ ਦੀ ਖੋਪਰੀ ਵਾਲਾਂ ਸਮੇਤ ਉਤਾਰ ਦਿੱਤੀ ਜਾਵੇ ਤਾਂ ਕਿ ਜਿਨ੍ਹਾਂ ਕੇਸਾਂ ਤੇ ਇਹ ਇਤਨਾ ਮਾਣ ਕਰਦਾ ਹੈ ਉਹ ਸਿਰ 'ਤੇ ਰਹਿਣ ਹੀ ਨਾ ਦਿੱਤੇ ਜਾਣ ਤੇ ਇਸ ਤੋਂ ਬਾਅਦ ਇਸ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਸੁੱਟ ਦਿੱਤਾ ਜਾਵੇ ਤਾਂ ਜੋ ਇਹ ਹੌਲੀ-ਹੌਲੀ ਤੜਫਦਾ ਹੋਇਆ ਮਰ ਜਾਵੇ।

ਇਸ ਤੋਂ ਬਾਅਦ ਜਲਾਦ ਨੇ ਇੰਝ ਹੀ ਕੀਤਾ ਤੇ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਰੰਬੀ ਨਾਲ ਉਤਾਰਨ ਲੱਗ ਪਿਆ ਤੇ ਭਾਈ ਤਾਰੂ ਸਿੰਘ ਜੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਰਹੇ। ਜਲਾਦ ਨੇ ਖੋਪੜੀ ਉਤਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਲਹੂ-ਲੁਹਾਣ ਕਰ ਦਿੱਤਾ ਤੇ ਇਸੇ ਤਰ੍ਹਾਂ ਜ਼ਖਮੀ ਹੋਏ ਤਾਰੂ ਸਿੰਘ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਬੰਦ ਕਰ ਦਿੱਤਾ।

ਉਸੇ ਦਿਨ ਸ਼ਾਮ ਨੂੰ ਗਵਰਨਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਹ ਭਿਆਨਕ ਦਰਦ ਨਾਲ ਤੜਫਣ ਲੱਗਾ। ਵੈਦਾਂ-ਹਕੀਮਾਂ ਨੇ ਬੜਾ ਓਹੜ-ਪੋਹੜ ਕੀਤਾ ਪਰ ਪਿਸ਼ਾਬ ਦਾ ਬੰਨ੍ਹ ਨਾ ਟੁੱਟਿਆ, ਸਗੋਂ ਦਰਦ ਹੋਰ ਵਧਦੀ ਗਈ। ਜ਼ਕਰੀਆ ਖਾਨ ਦੇ ਸਲਾਹਕਾਰਾਂ ਨੇ ਉਸ ਨੂੰ ਕਿਹਾ ਕਿ ਇਹ ਭਾਈ ਤਾਰੂ ਸਿੰਘ ਜੀ ਨਾਲ ਕੀਤੀ ਗਈ ਜ਼ਾਲਮਾਨਾ ਕਾਰਵਾਈ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਲਈ ਹੋ ਸਕੇ ਤਾਂ ਭਾਈ ਤਾਰੂ ਸਿੰਘ ਜੀ ਤੇ ਸਿੱਖ-ਪੰਥ ਕੋਲੋਂ ਮੁਆਫ਼ੀ ਮੰਗ ਲਈ ਜਾਵੇ। ਜ਼ਕਰੀਆ ਖਾਨ ਇਸ ਗੱਲ ਲਈ ਮੰਨ ਗਿਆ ਤੇ ਉਸ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਪਾਸ ਭੇਜਿਆ ਕਿ ਉਹ ਗਵਰਨਰ ਜ਼ਕਰੀਆ ਖਾਨ ਨੂੰ ਮੁਆਫ਼ ਕਰ ਦੇਵੇ ਕਿਉਂਕਿ ਉਸ ਨੇ ਤੁਹਾਡੇ 'ਤੇ ਬਹੁਤ ਅੱਤਿਆਚਾਰ ਕੀਤੇ ਹਨ। ਭਾਈ ਤਾਰੂ ਸਿੰਘ ਜੀ ਨੇ ਇਸ ਗੱਲ ਦਾ ਫੈਸਲਾ ਕਰਨ ਲਈ, ਭਾਈ ਸੁਬੇਗ ਸਿੰਘ ਨੂੰ ਕਿਹਾ ਕਿ ਇਸ ਦਾ ਫੈਸਲਾ 'ਦਲ-ਖਾਲਸਾ' ਹੀ ਕਰੇਗਾ ਤੇ ਤੁਸੀਂ ਇਸ ਦੇ ਨੇਤਾ ਪਾਸ ਹੀ ਜਾਓ। ਸੁਬੇਗ ਸਿੰਘ ਜੀ ਦਲ-ਖਾਲਸਾ ਦੇ ਨੇਤਾ ਪਾਸ ਗਏ। ਨੇਤਾ ਨੇ ਕਿਹਾ, ਉਸ ਨੂੰ ਪਿਸ਼ਾਬ ਆ ਜਾਏਗਾ ਜੇਕਰ ਜ਼ਕਰੀਆ ਖਾਨ ਆਪਣੇ ਸਿਰ 'ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਖਾਏ।''

'ਦਲ ਖਾਲਸਾ' ਦੇ ਨੇਤਾ ਦੇ ਕਹੇ ਗਏ ਸ਼ਬਦਾਂ ਦੀ ਪੂਰਤੀ ਕੀਤੀ ਗਈ। ਜਦੋਂ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਆਪਣੇ ਸਿਰ ਤੇ ਖਾਧੀ ਤਾਂ ਉਸ ਨੂੰ ਪਿਸ਼ਾਬ ਆ ਗਿਆ ਤੇ ਉਸ ਦੀ ਦਰਦ ਬੰਦ ਹੋ ਗਈ। ਗਵਰਨਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਦੀ ਆਪਣੇ ਸਿਰ 'ਤੇ ਜੁੱਤੀ ਖਾਣ ਉਪਰੰਤ ਬਹੁਤ ਭਾਵੁਕ ਹੋ ਗਿਆ ਤੇ ਅੰਦਰੋ-ਅੰਦਰ ਹੀ ਇਸ ਤਰ੍ਹਾਂ ਹੋਈ ਬੇਇੱਜ਼ਤੀ ਮਹਿਸੂਸ ਕਰਨ ਲੱਗਾ ਤੇ ਉਸ ਦੀ ਮਾਨਸਿਕਤਾ ਤੇ ਬੜਾ ਗਹਿਰਾ ਪ੍ਰਭਾਵ ਪਿਆ ਤੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਾ ਹੋਇਆ, ਚਿੰਤਾ ਫਿਕਰ 'ਚ ਹੀ ਇਸ ਸੰਸਾਰ ਤੋਂ 30 ਜੂਨ 1745 ਨੂੰ ਕੂਚ ਕਰ ਗਿਆ। ਭਾਈ ਤਾਰੂ ਸਿੰਘ ਜੀ ਵੀ, ਆਪਣੀ ਖੋਪਰੀ ਉਤਰਨ ਤੋਂ 22 ਦਿਨਾਂ ਤੱਕ ਜਿੰਦਾ ਰਹੇ ਤੇ ਜ਼ਕਰੀਆ ਖਾਨ ਦੀ ਮੌਤ ਦੀ ਖ਼ਬਰ ਸੁਣ ਕੇ, ਪਹਿਲੀ ਜੁਲਾਈ 1745 ਨੂੰ ਆਪਣੇ ਪ੍ਰਾਣ ਤਿਆਗ ਕੇ ਸ਼ਹੀਦ ਹੋ ਗਏ। ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਉਸ ਸਮੇਂ ਉਮਰ ਸਿਰਫ 25 ਸਾਲ ਸੀ। ਉਸਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਸਮੇਂ 'ਸ੍ਰੀ ਦਰਬਾਰ ਸਾਹਿਬ' ਦੇ ਪਵਿੱਤਰ ਸਰੋਵਰ 'ਚੋਂ ਜਲ ਲਿਆਂਦਾ ਗਿਆ ਤੇ ਉਨ੍ਹਾਂ ਦੇ ਦੇਹ ਤੇ ਇਸ ਜਲ ਦਾ ਛਿੱਟਾ ਦੇ ਕੇ, ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ।

1762 'ਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ ਤੇ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ, ਉਸ ਜਗ੍ਹਾ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਨਾਲ ਲੱਗਦੀ ਅਬਦੁਲਾ ਖਾਨ ਦੀ ਮਸੀਤ 'ਤੇ ਵੀ ਕਬਜ਼ਾ ਕਰ ਲਿਆ ਤੇ ਇਸ ਸਾਰੀ ਜਗ੍ਹਾ 'ਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ 'ਚ ਗੁਰਦੁਆਰਾ ਬਣਾ ਦਿੱਤਾ। ਇਸ ਨੂੰ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ' ਕਹਿੰਦੇ ਹਨ ਤੇ ਇਹ ਲਾਹੌਰ ਦੇ ਨੌਲੱਖਾ ਬਾਜ਼ਾਰ 'ਚ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਲਈ ਇਕ ਪੂਜਣਯੋਗ ਤੇ ਪ੍ਰੇਰਨਾਯੋਗ ਸਥਾਨ ਬਣ ਗਿਆ ਹੈ ਕਿ ਸਿੱਖੀ ਸਿਦਕ ਕਿਸ ਤਰ੍ਹਾਂ ਨਿਭਾਈਦਾ ਹੈ ਤੇ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਗਏ ਪਵਿੱਤਰ ਕੇਸਾਂ ਦੀ ਕੀਮਤ ਕੀ ਹੁੰਦੀ ਹੈ।

ਲੁਧਿਆਣਾ ਸ਼ਹਿਰ 'ਚ ਵੀ ਸ਼ਹੀਦ ਭਾਈ ਤਾਰੂ ਸਿੰਘ ਜੀ ਤੇ ਇਸ ਤਰ੍ਹਾਂ ਦੇ ਹੋਰ ਮਹਾਨ ਸਿੱਖ ਸ਼ਹੀਦਾਂ ਦੀ ਯਾਦ 'ਚ ਇਕ ਗੁਰਦੁਆਰਾ ਬਣਾਇਆ ਗਿਆ ਹੈ, ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਾਰੀ ਜੀਵਨੀ ਚਿੱਤਰਾਂ ਦੁਆਰਾ ਦਰਸਾਈ ਗਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਅਜਿਹੇ ਸੂਰਬੀਰ ਸਿੰਘ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਸਕਣ।

ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਸਿੱਖ ਸਿੱਖੀ-ਸਿਦਕ ਦੇ ਕਿੰਨੇ ਪੂਰੇ ਹਨ ਤੇ ਕਿਸੇ ਵੀ ਜ਼ਾਲਮ ਸਰਕਾਰ ਦੇ ਅੱਤਿਆਚਾਰਾਂ ਤੇ ਮੌਤ ਤੋਂ ਡਰਦੇ ਨਹੀਂ ਹਨ।

# ਸਰਕਾਰੀ ਘੂਰੀ ਤੋਂ ਡਰਦੇ ਅਫ਼ਸਰਾਂ ਨੇ ਡਾਲਰਾਂ ਦਾ ਮੋਹ ਤਿਆਗਿਆ

ਚੰਡੀਗੜ- ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਦੀ ਸਥਾਈ ਰਿਹਾਇਸ਼ (ਪੀ ਆਰ), ਇਮੀਗਰੇਸ਼ਨ ਜਾਂ ਸਿਟੀਜ਼ਨਸ਼ਿਪ ਹਾਸਲ ਕਰਨ ਵਾਲੇ ਅਫ਼ਸਰਾਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਤਿਆਰੀ ਖਿੱਚੇ ਜਾਣ ਤੋਂ ਬਾਅਦ ਵਿਦੇਸ਼ ਬੈਠੇ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਵਤਨ ਦਾ ਮੋਹ ਜਾਗ ਪਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗ੍ਰਹਿ, ਪਸ਼ੂ ਪਾਲਣ ਵਿਭਾਗ, ਸਿੰਜਾਈ, ਲੋਕ ਨਿਰਮਾਣ, ਸਿਹਤ, ਸਿੱਖਿਆ, ਖੇਤੀਬਾੜੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਹੋਰਨਾਂ ਕਈ ਵਿਭਾਗਾਂ ਦੇ ਤਿੰਨ ਦਰਜਨ ਅਫ਼ਸਰਾਂ ਅਤੇ ਕਰਮਚਾਰੀਆਂ ਨੇ ਆਪੋ-ਆਪਣੇ ਵਿਭਾਗਾਂ ਦੇ ਮੁਖੀਆਂ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੀ ਵਿਦੇਸ਼ ਛੁੱਟੀ ਵਿੱਚ ਤੁਰੰਤ ਕੱਟ ਲਾ ਕੇ ਨੌਕਰੀਆਂ 'ਤੇ ਜੁਆਇਨ ਕਰਾਇਆ ਜਾਵੇ।

ਇਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਬਰਖ਼ਾਸਤਗੀ ਤੋਂ ਡਰਦਿਆਂ ਵੱਡੀ ਗਿਣਤੀ ਅਫ਼ਸਰਾਂ ਨੇ 20 ਸਾਲ ਦਾ ਸੇਵਾ ਕਾਲ ਖ਼ਤਮ ਹੋਣ ਤੋਂ ਬਾਅਦ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲਈ ਵੀ ਵਿਭਾਗਾਂ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਉਧਰ ਵਿਜੀਲੈਂਸ ਵਿਭਾਗ ਨੇ ਸੇਵਾ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਫ਼ਸਰਾਂ ਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਲਈ ਇਹ ਸਾਰਾ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਵਾਲੇ ਕਰਨ ਦਾ ਫ਼ੈਸਲਾ ਲਿਆ ਹੈ। ਵਿਭਾਗ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਜਲਦੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਅਫ਼ਸਰਾਂ ਨੂੰ ਦਿੱਤੀ 5 ਸਾਲਾ ਛੁੱਟੀ ਦੀ ਸਹੂਲਤ ਦਾ ਲਾਹਾ ਲੈਂਦਿਆਂ 500 ਤੋਂ ਵੱਧ ਮੁਲਾਜ਼ਮ ਵਿਦੇਸ਼ਾਂ ਵਿੱਚ ਸਥਾਈ ਰਿਹਾਇਸ਼, ਇਮੀਗਰੇਸ਼ਨ ਜਾਂ ਸਿਟੀਜ਼ਨਸ਼ਿਪ ਦਾ ਸਟੇਟਸ ਹਾਸਲ ਕਰਕੇ ਬੈਠੇ ਹਨ।

ਸਰਕਾਰ ਵੱਲੋਂ ਲਏ ਤਾਜ਼ਾ ਫ਼ੈਸਲੇ ਮੁਤਾਬਕ 5 ਸਾਲਾ ਛੁੱਟੀ ਦੀ ਸਹੂਲਤ ਖ਼ਤਮ ਕਰ ਦਿੱਤੀ ਗਈ ਹੈ, ਜਿਹੜੇ ਮੁਲਾਜ਼ਮ 5 ਸਾਲਾਂ ਲਈ ਛੁੱਟੀ 'ਤੇ ਗਏ ਹਨ, ਉਨ੍ਹਾਂ ਨੇ ਛੁੱਟੀ ਵਿੱਚ ਕਟੌਤੀ ਕਰਨ ਦੀ ਬੇਨਤੀ ਕੀਤੀ ਹੈ। ਮਿਸਾਲ ਦੇ ਤੌਰ 'ਤੇ ਪਸ਼ੂ ਪਾਲਣ ਵਿਭਾਗ ਦੇ ਮੁਲਾਜ਼ਮ ਹਰਪਾਲ ਸਿੰਘ ਦੀ ਵਿਦੇਸ਼ ਛੁੱਟੀ 19 ਮਈ 2017 ਨੂੰ ਖਤਮ ਹੋਣੀ ਹੈ।

ਇਸ ਮੁਲਾਜ਼ਮ ਨੇ ਵਾਪਸ ਆਉਣ ਦੀ ਇੱਛਾ ਪ੍ਰਗਟਾਈ ਹੈ। ਇਸੇ ਵਿਭਾਗ ਦੇ ਡਾਕਟਰ ਗੁਰਪਾਲ ਸਿੰਘ ਵਾਲੀਆ ਦੀ ਛੁੱਟੀ ਵੀ 31 ਜੁਲਾਈ 2016 ਖਤਮ ਹੋਣੀ ਹੈ ਪਰ ਵਿਭਾਗ ਨੂੰ ਛੁੱਟੀਆਂ ਘਟਾਉਣ ਲਈ ਕਿਹਾ ਹੈ। ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ (ਐਕਸੀਅਨ) ਮਲਕੀਤ ਸਿੰਘ ਦੀ ਛੁੱਟੀ ਵੀ 16 ਫਰਵਰੀ 2017 ਨੂੰ ਖਤਮ ਹੋਣੀ ਹੈ ਪਰ ਇਸ ਅਫ਼ਸਰ ਨੇ ਵੀ ਆਪਣੇ ਵਿਭਾਗ ਨੂੰ ਛੁੱਟੀਆਂ ਘਟਾਉਣ ਲਈ ਕਿਹਾ ਹੈ ਤਾਂ ਜੋ ਵਾਪਸ ਆ ਕੇ ਨੌਕਰੀ ਕਰ ਸਕੇ। ਇਨ੍ਹਾਂ ਮੁਲਾਜ਼ਮਾਂ ਵਿੱਚ ਪੰਜਾਬ ਪੁਲੀਸ ਦੇ ਹੌਲਦਾਰ ਰਘਬੀਰ ਸਿੰਘ ਤੇ ਸਿਹਤ ਵਿਭਾਗ ਦੀ ਨਰਸ ਜਸਵਿੰਦਰ ਕੌਰ ਦਾ ਨਾਮ ਵੀ ਸ਼ੁਮਾਰ ਹੈ। ਗ੍ਰਹਿ, ਪਸ਼ੂ ਪਾਲਣ ਵਿਭਾਗ, ਸਿੰਜਾਈ, ਲੋਕ ਨਿਰਮਾਣ, ਸਿਹਤ, ਸਿੱਖਿਆ, ਖੇਤੀਬਾੜੀ ਵਿਭਾਗਾਂ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਤਿੰਨ ਦਰਜਨ ਦੇ ਕਰੀਬ ਅਜਿਹੇ ਦਰਜਾ ਇੱਕ ਅਫ਼ਸਰ ਤੇ ਕਰਮਚਾਰੀ ਹਨ, ਜਿਨ੍ਹਾਂ ਨੇ ਵਾਪਸ ਵਤਨ ਪਰਤਣ ਦੀ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਨੌਕਰੀਆਂ ਬਚੀਆਂ ਰਹਿਣ।

ਵਿਦੇਸ਼ ਗਏ ਅਫ਼ਸਰਾਂ ਨੇ ਛੁੱਟੀ ਵਧਾਉਣ ਲਈ ਆਪਣੇ ਪਿਤਰੀ ਵਿਭਾਗਾਂ ਤੱਕ ਪਹੁੰਚ ਹੀ ਨਹੀਂ ਕੀਤੀ ਸਗੋਂ ਦੋਸ਼ਾਂ ਵਿੱਚ ਘਿਰੇ ਅਫ਼ਸਰਾਂ ਅਤੇ ਕਰਮਚਾਰੀਆਂ ਵੱਲੋਂ ਯਤਨ ਕੀਤੇ ਜਾ ਰਹੇ ਹਨ ਕਿ ਉਹ (ਵਿਦੇਸ਼ ਬੈਠੇ ਅਫ਼ਸਰ ਤੇ ਕਰਮਚਾਰੀ) ਕਿਸੇ ਨਾ ਕਿਸੇ ਤਰੀਕੇ ਪੰਜਾਬ ਆ ਕੇ ਨੌਕਰੀਆਂ ਜੁਆਇਨ ਕਰ ਲੈਣ ਤੇ ਫਿਰ ਅਗਾਊਂ ਸੇਵਾਮੁਕਤੀ ਲੈ ਕੇ ਇਸ ਦੇ ਲਾਭ ਅਤੇ ਪੈਨਸ਼ਨ ਆਦਿ ਦੀ ਸਹੂਲਤ ਲੈ ਲੈਣ।

## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ 124ਵੇਂ ਜਨਮ ਦਿਨ 'ਤੇ ਵਿਸ਼ੇਸ਼

# 'ਸਮਾਜਿਕ ਕ੍ਰਾਂਤੀ ਤੇ ਭਾਰਤ ਦਾ ਸੰਵਿਧਾਨ'



ਪ੍ਰੋ: ਐਚ.ਐਲ.ਕਪੂਰ
01- 916- 587-4002

ਡਾਕਟਰ ਭੀਮ ਰਾਓ ਅੰਬੇਦਕਰ ਜੀ ਜਿਹਨਾਂ ਨੂੰ ਪਿਆਰ ਨਾਲ ਲੋਕ 'ਬਾਬਾ ਸਾਹਿਬ' ਦੇ ਨਾਮ ਨਾਲ ਵੀ ਯਾਦ ਕਰਦੇ ਹਨ। ਉਹ ਬਹੁ-ਗੁਣੀ ਪ੍ਰਤਿਭਾ ਦੇ ਮਾਲਕ ਤੇ ਬਚਪਨ 'ਚ ਇਕ ਬਹੁਤ ਹੀ ਹੋਣਹਾਰ ਵਿਦਿਆਰਥੀ ਸਨ। ਉਹਨਾਂ ਨੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਅਤੇ ਸੰਸਾਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਜਿਵੇਂ ਕੋਲੰਬੀਆ ਯੂਨੀਵਰਸਿਟੀ, ਲੰਡਨ ਸਕੂਲ ਆਫ ਇਕਨੌਮਿਕਸ ਤੋਂ ਡਾਕਟਰੇਟ ਦੀਆਂ ਉਪਾਧੀਆਂ ਵੀ ਪ੍ਰਾਪਤ ਕੀਤੀਆਂ। ਉਹ ਇਕ ਉੱਘੇ ਬੁੱਧੀਜੀਵੀ ਵਜੋਂ ਉਦੋਂ ਹੀ ਸਥਾਪਤ ਹੋ ਗਏ ਸਨ ਜਦੋਂ ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਕਾਲ 'ਚ ਹੀ ਕਾਨੂੰਨ, ਅਰਥ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ 'ਚ ਖੋਜ ਕਰਕੇ ਡਿਗਰੀਆਂ ਹਾਸਲ ਕੀਤੀਆਂ ਸਨ। ਉਹ ਆਪਣੇ ਆਰੰਭਕ ਜੀਵਨ 'ਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਤੇ ਇਕ ਪ੍ਰਸਿੱਧ ਵਕੀਲ ਸਨ। ਇਹਨਾਂ ਖੇਤਰਾਂ 'ਚ ਆਪਣੀ ਪ੍ਰਸਿੱਧਤਾ ਬਣਾਉਣ ਉਪਰੰਤ ਉਹ ਭਾਰਤੀ ਰਾਜਨੀਤੀ 'ਚ ਪ੍ਰਵੇਸ਼ ਕਰ ਗਏ ਸਨ ਤਾਂ ਕਿ ਦੇਸ਼ ਨੂੰ ਆਜ਼ਾਦ ਅਤੇ ਸਮਾਜ 'ਚ ਚੇਤਨਤਾ ਲਿਆਂਦੀ ਜਾ ਸਕੇ। ਆਪਣੀ ਆਜ਼ਾਦੀ ਪ੍ਰਾਪਤ ਕਰਨ ਦੇ ਸੰਘਰਸ਼ ਦੌਰਾਨ ਅਖ਼ਬਾਰਾਂ ਤੇ ਰਸਾਲਿਆਂ 'ਚ ਲੇਖ ਲਿਖ ਕੇ, ਦਲਿਤਾਂ ਲਈ ਰਾਜਨੀਤਿਕ ਹੱਕ, ਸਮਾਜਿਕ ਬਰਾਬਰੀ ਤੇ ਸਮਾਜਿਕ ਆਜ਼ਾਦੀ ਪ੍ਰਾਪਤ ਕਰਨ ਦੀ ਆਵਾਜ਼ ਬੁਲੰਦ ਕੀਤੀ ਤੇ ਭਾਰਤ ਨੂੰ ਇਕ ਸਟੇਟ ਵਜੋਂ ਸਥਾਪਤ ਕਰਨ ਦਾ ਸਮਰਥਨ ਵੀ ਆਪਣੀ ਪੁਰਜ਼ੋਰ ਤਾਕਤ ਝੋਕ ਕੇ ਕੀਤਾ। ਉਨ੍ਹਾਂ ਨੇ 1956 'ਚ ਆਪਣਾ ਧਰਮ ਬਦਲ ਕੇ 'ਬੁੱਧ ਧਰਮ' ਗ੍ਰਹਿਣ ਕਰ ਲਿਆ। ਬੁੱਧ ਧਰਮ 'ਚ ਸ਼ਾਮਲ ਹੋ ਕੇ ਉਹਨਾਂ ਨੇ ਕੋਈ ਪੰਜ ਲੱਖ ਦੇ ਕਰੀਬ ਦਲਿਤ ਲੋਕਾਂ ਦਾ ਧਰਮ ਪਰਿਵਰਤਿਤ ਕਰਕੇ ਬੁੱਧ ਧਰਮ 'ਚ ਸ਼ਾਮਲ ਕਰਵਾਇਆ। ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਉਨ੍ਹਾਂ ਨੇ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ ਤੇ ਉਹ ਕੋਈ 65 ਸਾਲ ਦਾ ਆਪਣਾ ਜੀਵਨ ਪੰਧ (14 ਅਪ੍ਰੈਲ 1891 ਤੋਂ 6 ਦਸੰਬਰ 1956) ਤੱਕ ਪੂਰਾ ਕਰਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੰਨ 1990 'ਚ ਭਾਰਤ ਸਰਕਾਰ ਨੇ ਉਹਨਾਂ ਦੇ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਸੰਘਰਸ਼ 'ਚ ਪਾਏ ਯੋਗਦਾਨ ਤੇ ਭਾਰਤ ਦੇ ਲੋਕਾਂ 'ਚ ਸਮਾਜਿਕ ਚੇਤਨਤਾ ਪੈਦਾ ਕਰਨ ਦੇ ਮਹਾਨ ਯੋਗਦਾਨ ਬਦਲੇ, ਉਹਨਾਂ ਨੂੰ ਭਾਰਤ ਦੇ ਸਭ ਤੋਂ ਵੱਡੇ ਸਿਵਲੀਅਨ ਸਨਮਾਨ 'ਭਾਰਤ ਰਤਨ' ਨਾਲ ਸਨਮਾਨਿਆ ਗਿਆ। ਉਹਨਾਂ ਦੀ ਵਿਰਾਸਤ ਨੂੰ ਸੰਭਾਲਣ ਲਈ ਭਾਰਤ 'ਚ ਬਹੁਤ ਵੱਡੀ ਗਿਣਤੀ 'ਚ ਉਨ੍ਹਾਂ ਦੇ ਨਾਮ 'ਤੇ 'ਯਾਦਗਾਰਾਂ' ਅਤੇ ਸਭਿਆਚਾਰਕ ਸੁਸਾਇਟੀਆਂ' ਦਾ ਆਯੋਜਨ ਕੀਤਾ ਗਿਆ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦੀਆਂ ਰਹਿਣ ਤੇ ਸਮਾਜਿਕ-ਬਰਾਬਰੀ ਦੇ ਹੱਕ ਨੂੰ ਪ੍ਰਾਪਤ ਕਰਨ ਲਈ ਸਦਾ ਸੰਘਰਸ਼ ਯੁਕਤ ਰਹਿਣ। ਉਹ ਆਪਣੇ ਪ੍ਰਸੰਸਕਾਂ ਨੂੰ ਹਮੇਸ਼ਾ Educate Agitate and Organize (ਭਾਵ ਸਿੱਖਿਅਤ, ਜਥੇਬੰਦਕ ਅਤੇ ਸੰਘਰਸ਼ਯੁਕਤ) ਰਹਿਣ ਦੀ ਸਿੱਖਿਆ ਦਿੰਦੇ ਸਨ।

ਇਸ ਲੇਖ ਨੂੰ ਮੈਂ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ 'ਭਾਰਤੀ ਸੰਵਿਧਾਨ' ਦੇ ਨਿਰਮਾਣ ਤੇ ਲੋਕਾਂ 'ਚ ਇਸ ਪ੍ਰਤੀ ਆਈ ਸਮਾਜਿਕ ਚੇਤਨਤਾ ਦੇ ਘੇਰੇ 'ਚ ਹੀ ਰੱਖਾਂਗਾ ਤੇ ਇਸ ਦੀ ਚਰਚਾ ਨਿਮਨ-ਲਿਖਤ ਅਨੁਸਾਰ ਹੈ:

ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਸਵੀਕਾਰ ਕੀਤਾ ਗਿਆ ਸੀ। ਸੰਵਿਧਾਨ ਦੇ ਮਾਇਨੇ ਕੀ ਹੁੰਦੇ ਹਨ? ਸ਼ਾਇਦ ਉਸ ਸਮੇਂ ਭਾਰਤ ਦੇ ਲੋਕਾਂ ਨੂੰ ਇਹ ਪਤਾ ਨਹੀਂ ਸੀ। ਪਰ ਦੁਨੀਆਂ 'ਚ ਸੰਵਿਧਾਨ ਦਾ ਮਹੱਤਵ ਸਥਾਪਤ ਹੋ ਚੁੱਕਾ ਸੀ। ਅਮਰੀਕਾ 'ਚ 1779 'ਚ ਸੰਵਿਧਾਨ ਬਣ ਚੁੱਕਾ ਸੀ। ਹਾਲਾਂਕਿ ਇੰਗਲੈਂਡ 'ਚ ਉਸ ਕਿਸਮ ਦਾ ਸੰਵਿਧਾਨ ਨਹੀਂ ਹੈ ਪਰ ਉਥੇ ਮੈਗਨਾ ਕਾਰਟਾ ਵਰਗੇ ਸੰਵਿਧਾਨਕ ਅਧਿਕਾਰਾਂ ਦੀ ਵਿਵਸਥਾ ਕਾਇਮ ਹੋ ਚੁੱਕੀ ਸੀ, ਜਿਸ ਦੇ ਤਹਿਤ ਰਾਜਾ ਨੇ ਆਪਣੀ ਜਨਤਾ ਦੇ ਨਾਲ ਆਪਣੇ ਅਧਿਕਾਰਾਂ ਨੂੰ ਵੰਡ ਲਿਆ ਸੀ। ਉਥੇ ਹੁਣ ਤੱਕ ਇਸੇ ਕਿਸਮ ਦੀ ਸੈਟਲਮੈਂਟ ਨਾਲ ਬਣੀ ਵਿਵਸਥਾ ਕਾਇਮ ਹੈ ਅਤੇ 15 ਜੂਨ 2015 ਨੂੰ ਉਸਦੇ ਮੈਗਨਾ ਕਾਰਟਾ ਦੇ ਅੱਠ ਸੌ ਸਾਲ ਹੋ ਗਏ ਹਨ।

ਸੰਵਿਧਾਨ ਅਸਲ 'ਚ ਸਮੂਹ 'ਚ ਵੱਡੇ ਲੋਕ ਜੋ ਰਾਸ਼ਟਰ ਬਣਨਾ ਚਾਹੁੰਦੇ ਹਨ, ਨੂੰ ਮਨੁੱਖੀ ਅਧਿਕਾਰ ਦਿਵਾਉਣਾ ਹੈ। ਇਸ ਦੇ ਤਹਿਤ ਲੋਕਾਂ ਦੇ ਲਈ ਆਜ਼ਾਦੀ, ਭਾਈਚਾਰਕ ਸਮਾਨਤਾ, ਬਰਾਬਰੀ ਅਤੇ ਨਿਆਂ ਦੇ ਲਈ ਵਿਵਸਥਾ ਦਾ ਨਿਰਮਾਣ ਕੀਤਾ ਜਾਂਦਾ ਹੈ। ਇਹ ਸਾਰੇ ਮਨੁੱਖਾਂ ਨੂੰ ਬਰਾਬਰ ਅਧਿਕਾਰ ਵੀ ਦਿੰਦਾ ਹੈ ਅਤੇ ਇਹਨਾਂ ਵਿਚਕਾਰ ਭੇਦਭਾਵ ਨੂੰ ਅਪਰਾਧ ਵੀ ਐਲਾਨ ਕਰਦਾ ਹੈ।

1950 ਤੋਂ ਬਾਅਦ ਵਿਸ਼ਵ ਦੇ ਲੱਗਭੱਗ 50 ਦੇਸ਼ਾਂ ਨੇ ਆਪਣਾ ਸੰਵਿਧਾਨ ਬਣਾਇਆ, ਜਿਸ 'ਚ ਭਾਰਤ ਪਹਿਲੇ ਸਥਾਨ 'ਤੇ ਹੈ ਅਤੇ ਭਾਰਤ ਦਾ ਸੰਵਿਧਾਨ ਹੀ ਹੋਰ ਦੇਸ਼ਾਂ ਦੇ ਲਈ ਪ੍ਰੇਰਨਾ ਬਣਿਆ। ਹਾਲਾਂਕਿ ਇੱਥੇ ਇਹ ਵੀ ਸਾਫ ਕਰ ਦੇਣਾ ਹੋਵੇਗਾ ਕਿ ਭਾਰਤ ਦੀ 'ਆਜ਼ਾਦੀ ਦਾ ਅੰਦੋਲਨ' ਅਤੇ 'ਭਾਰਤ ਦੇ ਸੰਵਿਧਾਨ' ਦਾ ਆਪਸ 'ਚ ਕੋਈ ਸਬੰਧ ਨਹੀਂ। ਦੋਵੇਂ ਹੀ ਅਲੱਗ-ਅਲੱਗ ਘਟਨਾਵਾਂ ਹਨ। ਜਦੋਂ 1928 'ਚ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ ਸਮੇਂ ਸੰਵਿਧਾਨਕ ਸੈਟਲਮੈਂਟ ਦੀ ਗੱਲ ਉੱਠੀ। ਅੰਗਰੇਜ਼ਾਂ ਨੇ ਇਹ ਤਹਿ ਕਰਨਾ ਜ਼ਰੂਰੀ ਸਮਝਿਆ ਕਿ ਭਾਰਤ ਨੂੰ ਸੱਤਾ ਦੀ ਤਬਦੀਲੀ ਤੋਂ ਬਾਅਦ ਭਾਰਤ 'ਚ ਲੋਕਤੰਤਰੀ ਵਿਵਸਥਾ ਹੀ ਲਾਗੂ ਹੋਵੇ ਅਤੇ ਇਸ ਪੂਰੀ ਪ੍ਰਕਿਰਿਆ 'ਚ ਬਾਬਾ ਸਾਹਿਬ ਡਾ. ਅੰਬੇਦਕਰ ਦੀ ਭੂਮਿਕਾ ਪ੍ਰਮੁੱਖ ਰਹੀ। ਜੇਕਰ ਅਸੀਂ ਬਾਬਾ ਸਾਹਿਬ ਦੇ ਸੰਪੂਰਨ ਜੀਵਨ ਨੂੰ ਦੇਖੀਏ ਤਾਂ ਇਹ ਸਾਫ ਹੋ ਜਾਵੇਗਾ ਕਿ ਉਹ ਸੰਵਿਧਾਨਕ ਸੈਟਲਮੈਂਟ ਨੂੰ ਲੈ ਕੇ ਕਿੰਨੇ ਗੰਭੀਰ ਸਨ। ਉਹਨਾਂ ਦਾ ਮੰਨਣਾ ਸੀ ਕਿ ਦੇਸ਼ 'ਚ ਸਮਾਜਿਕ ਕ੍ਰਾਂਤੀ ਤਾਂ ਹੀ ਸਥਾਈ ਹੋਵੇਗੀ, ਜਦੋਂ ਸੰਵਿਧਾਨਕ ਗਰੰਟੀ ਹੋਵੇਗੀ। ਉਹ ਸੰਵਿਧਾਨ ਦੇ ਜ਼ਰੀਏ ਦੇਸ਼ 'ਚ ਸਮਾਨਤਾ ਸਥਾਪਤ ਕਰਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਭਾਰਤ 'ਚ ਅਸਮਾਨਤਾ ਖਤਮ ਹੋਵੇ ਅਤੇ ਸਮਾਨਤਾ ਆਵੇ ਤੇ ਲੋਕਾਂ ਨੂੰ ਉਹਨਾਂ ਦੇ ਬੁਨਿਆਦੀ ਅਧਿਕਾਰ ਮਿਲਣ। ਸੰਵਿਧਾਨਕ ਤੌਰ ਤੇ ਭਾਰਤ 'ਚ ਜਾਤੀ ਅਤੇ ਵਰਣ ਵਰਗੀ ਵਿਵਸਥਾ ਅਤੇ ਮਨੂ ਸਿਮਰਤੀ ਦੇ ਤਹਿਤ ਬਣਾਏ ਗਏ ਕਾਨੂੰਨ ਦਾ ਖਤਮ ਹੋਣ ਦਾ ਵਕਤ ਆ ਗਿਆ ਸੀ। ਜਯੋਤੀਬਾ ਫੂਲੇ, ਸਾਹੂਜੀ ਮਹਾਰਾਜ, ਗਾਡਕੇ ਬਾਬਾ, ਨਰਾਇਣ ਗੁਰੂ, ਪੇਰੀਆਰ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜ਼ਰੀਏ ਜੋ ਸਮਾਜਿਕ ਕ੍ਰਾਂਤੀ ਆਈ ਸੀ, ਉਸ ਨੂੰ ਇਕ ਪਛਾਣ ਚਾਹੀਦੀ ਸੀ। ਇਸ ਦੇ ਲਈ ਭਾਰਤ 'ਚ ਇਕ ਸੰਵਿਧਾਨ ਦੀ ਜ਼ਰੂਰਤ ਸੀ, ਹਾਲਾਂਕਿ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਭਾਰਤ 'ਚ ਰਾਜਨੀਤਿਕ ਕ੍ਰਾਂਤੀ ਦੀ ਬਜਾਏ ਸਮਾਜਿਕ ਕ੍ਰਾਂਤੀ ਦੇ ਕਾਰਨ ਸੰਵਿਧਾਨ ਬਣਿਆ ਹੈ। ਕਿਉਂਕਿ ਜੋ ਲੋਕ ਰਾਜਨੀਤਿਕ ਕ੍ਰਾਂਤੀ 'ਚ ਸਰਗਰਮ ਸਨ, ਉਹ ਨਹੀਂ ਚਾਹੁੰਦੇ ਸਨ ਕਿ ਭਾਰਤ 'ਚ ਸੰਵਿਧਾਨ ਹੋਵੇ। ਉਹ ਬਿਨਾਂ ਸੰਵਿਧਾਨ ਦੇ ਹੀ ਭਾਰਤ ਦੇਸ਼ ਨੂੰ ਚਲਾਉਣਾ ਚਾਹੁੰਦੇ ਸਨ। ਪਰ ਭਾਰਤ 'ਚ ਸਮਾਜਿਕ ਕ੍ਰਾਂਤੀ ਦੇ ਕਾਰਨ ਇੰਨੇ ਜ਼ਿਆਦਾ ਮਜ਼ਬੂਤ ਸਨ ਕਿ ਰਾਜਨੀਤਿਕ ਲੋਕ ਇਹ ਚਾਹ ਕੇ ਵੀ ਸੰਵਿਧਾਨ ਨਿਰਮਾਣ ਰੋਕ ਨਾ ਸਕੇ। ਡਾ. ਅੰਬੇਦਕਰ ਜੀ ਦੇ ਲਗਾਤਾਰ ਸਰਗਰਮ ਰਹਿਣ ਦੇ ਕਾਰਨ ਬ੍ਰਿਟਿਸ਼ ਲੋਕ ਵੀ ਭਾਰਤ 'ਚ ਮੌਜੂਦਾ ਅਸਮਾਨਤਾ ਨੂੰ ਸਮਝ ਚੁੱਕੇ ਸਨ ਅਤੇ ਉਹ ਡਾ. ਅੰਬੇਦਕਰ ਅਤੇ ਸੰਵਿਧਾਨ ਦੇ ਪੱਖ ਵਿਚ ਸਨ। ਇਸ ਤਰ੍ਹਾਂ ਨਾਲ ਭਾਰਤ 'ਚ ਸੰਵਿਧਾਨ ਬਣਨ ਦੀ ਪ੍ਰਕਿਰਿਆ ਤੇ ਮੋਹਰ ਲੱਗੀ।



ਇਹਨਾਂ ਸਾਰੀਆਂ ਗੱਲਾਂ ਦੇ ਕਾਰਨ 9 ਅਗਸਤ 1946 ਨੂੰ 296 ਮੈਂਬਰਾਂ ਦੀ ਸੰਵਿਧਾਨ ਸਭਾ ਬਣੀ, ਦੇਸ਼ ਦੀ ਵੰਡ ਹੋਣ ਦੇ ਕਾਰਨ ਇਸ 'ਚੋਂ 89 ਮੈਂਬਰ ਚਲੇ ਗਏ। ਇਸ ਤਰ੍ਹਾਂ ਭਾਰਤੀ ਸੰਵਿਧਾਨ ਸਭਾ 'ਚ 207 ਮੈਂਬਰ ਰਹਿ ਗਏ ਅਤੇ ਇਹਨਾਂ ਦੀ ਪਹਿਲੀ ਬੈਠਕ 'ਚ ਸਿਰਫ 207 ਮੈਂਬਰ ਹੀ ਸ਼ਾਮਲ ਸਨ, ਇਸ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਪਹਿਲੀ ਵਾਰ 9 ਦਸੰਬਰ 1946 ਨੂੰ ਬੰਗਾਲ ਤੋਂ ਚੁਣ ਕੇ ਆਏ (ਮੁਸਲਿਮ ਵੋਟ ਦੁਆਰਾ) ਅਤੇ ਇਸ ਤੋਂ ਤੁਰੰਤ ਬਾਅਦ ਵੰਡ ਹੋ ਗਈ, ਜਿਸ ਤੋਂ ਬਾਅਦ ਬਾਬਾ ਸਾਹਿਬ ਜਿਸ ਵਿਧਾਨ ਪਰਿਸ਼ਦ ਦੀ ਸੀਟ ਦੀ ਪ੍ਰਤੀਨਿਧਤਾ ਕਰ ਰਹੇ ਸਨ, ਉਸ ਨੂੰ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤਰ੍ਹਾਂ ਬਾਬਾ ਸਾਹਿਬ ਦੀ ਮੈਂਬਰੀ ਰੱਦ ਹੋ ਗਈ। ਵੰਡ ਦੀ ਸਾਜ਼ਿਸ਼ ਇਸ ਕਰਕੇ ਰਚੀ ਗਈ ਤਾਂ ਜੋ ਡਾ. ਅੰਬੇਦਕਰ ਵਿਧਾਨ ਸਭਾ 'ਚ ਨਾ ਰਹਿ ਸਕਣ।

ਹਾਲਾਂਕਿ ਇਹਨਾਂ ਸਾਰੀਆਂ ਸਾਜ਼ਿਸ਼ਾਂ ਨੂੰ ਦਰਕਿਨਾਰ ਕਰਦੇ ਹੋਏ ਬਾਬਾ ਸਾਹਿਬ ਦੁਆਰਾ 14 ਜੁਲਾਈ 1947 ਨੂੰ ਚੁਣ ਕੇ ਆਏ। ਅਸਲ 'ਚ ਡਾ. ਅੰਬੇਦਕਰ ਜਦੋਂ ਪਹਿਲੀ ਵਾਰ ਵਿਧਾਨ ਸਭਾ 'ਚ ਚੁਣ ਕੇ ਆਏ ਸਨ ਤੇ ਵੰਡ ਤੋਂ ਬਾਅਦ ਆਪਣੇ ਚੋਣ ਖੇਤਰ ਦੇ ਪਾਕਿਸਤਾਨ 'ਚ ਚਲੇ ਜਾਣ ਦੇ ਕਾਰਨ ਵਿਧਾਨ ਸਭਾ ਦਾ ਹਿੱਸਾ ਨਹੀਂ ਰਹੇ, ਉਸ ਵਕਤ ਇੰਗਲੈਂਡ ਦੀ ਪਾਰਲੀਮੈਂਟ 'ਚ ਇੰਡੀਅਨ ਕਾਂਸਟੀਚਿਊਸ਼ਨਲ ਅਸੈਂਬਲੀ ਦਾ ਬਹੁਤ ਸਖ਼ਤ ਵਿਰੋਧ ਹੋਇਆ ਅਤੇ ਵਿਰੋਧ ਨੂੰ ਦਬਾਉਣ ਦੇ ਲਈ ਪੰਡਤ ਜਵਾਹਰ ਲਾਲ ਨਹਿਰੂ ਨੂੰ ਯੂ. ਕੇ. ਦੇ ਲੀਡਰਾਂ ਨੂੰ ਸਮਝਾਉਣ ਦੇ ਲਈ ਬ੍ਰਿਟੇਨ ਜਾਣਾ ਪਿਆ ਸੀ। ਇਸ ਵਿਰੋਧ ਦੀ ਗੰਭੀਰਤਾ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਕੱਦਾਵਰ ਲੀਡਰ 'ਚਰਚਿਲ' ਨੇ ਇੱਥੋਂ ਤੀਕ ਕਹਿ ਦਿੱਤਾ ਕਿ ਭਾਰਤੀ ਲੋਕ ਸੰਵਿਧਾਨ ਬਣਾਉਣ ਲਾਇਕ ਨਹੀਂ ਹਨ। ਇਹਨਾਂ ਲੋਕਾਂ ਨੂੰ ਆਜ਼ਾਦੀ ਦੇਣਾ ਠੀਕ ਨਹੀਂ ਹੋਵੇਗਾ। ਰਹੀ ਗੱਲ ਬ੍ਰਿਟਿਸ਼ਰ ਘੱਟ ਗਿਣਤੀ ਦੇ ਹਿੱਤਾਂ ਨੂੰ ਲੈ ਕੇ ਕਾਫੀ ਗੰਭੀਰ ਸਨ। ਤੱਤਕਾਲੀ ਸਥਿਤੀ 'ਚ ਯੂ. ਕੇ. ਦੀ ਪਾਰਲੀਮੈਂਟ ਦਾ ਕਹਿਣਾ ਸੀ ਕਿ ਜੇਕਰ ਭਾਰਤ 'ਚ ਸੰਵਿਧਾਨਕ ਵਿਵਸਥਾ ਹੁੰਦੀ ਹੈ ਤਾਂ ਇਸ 'ਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਗਰੰਟੀ ਨਹੀਂ ਹੋਵੇਗੀ, ਕਿਉਂਕਿ ਬਾਬਾ ਸਾਹਿਬ ਦਾ ਕਹਿਣਾ ਸੀ ਕਿ ਇਸ ਪੂਰੀ ਪ੍ਰਕਿਰਿਆ 'ਚ ਐਸ. ਸੀ. ਅਤੇ ਐਸ. ਟੀ. ਨਹੀਂ ਹਨ, ਖਾਸ ਤੌਰ ਤੇ ਅਛੂਤ ਹਿੰਦੂ ਨਹੀਂ ਹਨ।

ਬਾਬਾ ਸਾਹਿਬ ਨੇ ਇਸ ਨੂੰ ਸਾਬਤ ਕਰਦੇ ਹੋਏ ਐਸ. ਸੀ.- ਐਸ. ਟੀ. ਦੇ ਲਈ ਵੱਖਰੀ ਵਿਵਸਥਾ ਦੀ ਗੱਲ ਕਹੀ ਸੀ। ਬਾਬਾ ਸਾਹਿਬ ਦੀ ਇਸ ਗੱਲ 'ਤੇ ਯੂ. ਕੇ. ਦੀ ਪਾਰਲੀਮੈਂਟ 'ਚ ਲੰਮੀ ਬਹਿਸ ਹੋਈ ਸੀ। ਇਸ ਬਹਿਸ ਕਾਰਨ ਇਹ ਸਥਿਤੀ ਪੈਦਾ ਹੋ ਗਈ ਸੀ ਕਿ ਜੇਕਰ ਭਾਰਤ 'ਚ ਅਧਿਕਾਰ ਦੇ ਆਧਾਰ ਤੇ ਬਰਾਬਰੀ ਦੇ ਆਧਾਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਵਿਵਸਥਾ ਨਹੀਂ ਹੋਵੇਗੀ ਤਾਂ ਭਾਰਤ ਦਾ ਸੰਵਿਧਾਨ ਨਹੀਂ ਬਣ ਸਕੇਗਾ ਅਤੇ ਇਸ ਨੂੰ ਮਾਨਤਾ ਨਹੀਂ ਮਿਲੇਗੀ ਅਤੇ ਜੇਕਰ ਸੰਵਿਧਾਨ ਨਹੀਂ ਬਣੇਗਾ ਤਾਂ ਭਾਰਤ ਨੂੰ ਆਜ਼ਾਦੀ ਨਹੀਂ ਮਿਲੇਗੀ। ਅਜਿਹੀ ਸਥਿਤੀ 'ਚ ਬਾਬਾ ਸਾਹਿਬ ਨੂੰ ਚੁਣ ਕੇ ਲਿਆਉਣਾ ਕਾਂਗਰਸ ਅਤੇ ਪੂਰੇ ਦੇਸ਼ ਦੀ ਮਜਬੂਰੀ ਹੋ ਗਈ ਅਤੇ ਇਸ ਪ੍ਰਕਾਰ ਬਾਬਾ ਸਾਹਿਬ ਸੰਵਿਧਾਨ ਨਿਰਮਾਤਾ ਦੇ ਰੂਪ 'ਚ ਸੰਘਰਸ਼ ਕਰਦੇ ਰਹੇ। ਬਾਬਾ ਸਾਹਿਬ ਜੇਕਰ ਯੂ. ਕੇ. ਦੀ ਸੰਵਿਧਾਨਕ ਅਸੈਂਬਲੀ 'ਚ ਨਾ ਹੁੰਦੇ ਤਾਂ ਅਛੂਤਾਂ ਦੇ ਅਧਿਕਾਰਾਂ ਦੀ ਸੰਵਿਧਾਨਕ ਸੈਟਲਮੈਂਟ ਹੋਣ ਦੀ ਗੱਲ ਨਾ ਮੰਨੀ ਜਾਂਦੀ ਅਤੇ ਇਸ 'ਚ ਭਾਰਤ ਦੇ ਸੰਵਿਧਾਨ ਨੂੰ ਮਾਨਤਾ ਨਾ ਮਿਲਦੀ।

ਜਿਸ ਸਮਾਜਿਕ ਕ੍ਰਾਂਤੀ ਦੀ ਬਦੌਲਤ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ, ਉਸ 'ਚ ਸਾਹੂ ਜੀ ਮਹਾਰਾਜ, ਜਯੋਤਿਬਾ ਫੂਲੇ, ਨਰਾਇਣ ਗੁਰੂ ਤੇ ਬਾਬਾ ਸਾਹਿਬ ਅੰਬੇਦਕਰ ਦਾ ਬਹੁਤ ਵੱਡਾ ਯੋਗਦਾਨ ਸੀ। ਇਹਨਾਂ ਸਾਰੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਦੇ ਜ਼ਰੀਏ ਭਾਰਤ 'ਚ ਜੋ ਸਮਾਜਿਕ ਕ੍ਰਾਂਤੀ ਆਈ, ਉਹ ਇਸ ਦਾ ਇਕੋ ਇਕ ਕਾਰਨ ਹੈ, ਜਿਸ 'ਚ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ।

ਭਾਰਤੀ ਸਮਾਜ 'ਚ ਜਾਗਰਤੀ ਲਿਆਉਣ ਲਈ ਜਿੱਥੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਮਹਾਨ ਯੋਗਦਾਨ ਹੈ, ਉਥੇ ਇਸ ਦੇ ਨਾਲ ਸਮਾਜਿਕ ਜਾਗਰਤੀ ਲਿਆਉਣ ਲਈ ਤੇ ਸਮਾਜਵਾਦ ਦੀ ਸਥਾਪਨਾ ਕਰਨ ਲਈ ਕਾਰਲ ਮਾਰਕਸ ਤੇ ਰੂਸ ਦੇ ਇਨਕਲਾਬ ਨੇ ਵੀ ਆਪਣਾ ਭਰਪੂਰ ਯੋਗਦਾਨ ਪਾਇਆ, ਬਾਬਾ ਸਾਹਿਬ ਡਾ. ਅੰਬੇਦਕਰ ਜੀ ਵੀ ਇਹਨਾਂ ਲਹਿਰਾਂ ਤੋਂ ਪ੍ਰਭਾਵਿਤ ਸਨ। ਇਹਨਾਂ ਲਹਿਰਾਂ ਨਾਲ ਲੋਕਾਂ 'ਚ ਆਪਣੇ ਹੱਕਾਂ ਤੇ ਕਰਤੱਵਾਂ ਪ੍ਰਤੀ ਸੰਵਿਧਾਨਕ ਸੋਝੀ ਆਈ। ਆਜ਼ਾਦੀ ਦੇ ਸੰਘਰਸ਼ ਦੇ ਨਾਲ-ਨਾਲ, ਨੇਤਾਗਣ, ਲੋਕਾਂ ਨੂੰ ਸੰਵਿਧਾਨਕ ਹੱਕਾਂ ਤੇ ਕਰਤੱਵਾਂ ਪ੍ਰਤੀ ਜਾਗਰੂਕ ਕਰਦੇ। ਇਸ ਸੋਝੀ ਨੇ ਵੀ ਸੰਵਿਧਾਨ ਦੇ ਨਿਰਮਾਣ 'ਚ ਆਪਣਾ ਯੋਗਦਾਨ ਪਾਇਆ।

ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਸੰਵਿਧਾਨ ਵੀ ਨਾ ਹੁੰਦਾ ਤੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਗਰੰਟੀ ਵੀ ਨਾ ਹੁੰਦੀ। ਯਾਨਿ ਬੋਲਣ ਦੀ, ਲਿਖਣ ਦੀ, ਆਪਣੀ ਮਰਜ਼ੀ ਨਾਲ ਪੇਸ਼ਾ ਚੁਣਨ ਦੀ, ਸੰਗਠਨ ਖੜ੍ਹਾ ਕਰਨ ਦੀ, ਮੀਡੀਆ ਚਲਾਉਣ ਦੀ ਆਜ਼ਾਦੀ ਨਾ ਹੁੰਦੀ। ਜਾਤੀਵਾਦੀ ਭੇਦਭਾਵ ਨੂੰ ਗਲਤ ਨਾ ਮੰਨਿਆ ਜਾਂਦਾ, ਛੂਤ-ਛਾਤ ਨੂੰ ਕਾਨੂੰਨ 'ਚ ਅਪਰਾਧ ਐਲਾਨ ਨਾ ਕੀਤਾ ਜਾਂਦਾ ਤੇ ਔਰਤ ਦੀ ਆਜ਼ਾਦੀ ਦੀ ਗੱਲ ਨਾ ਹੁੰਦੀ।

ਭਾਰਤੀ ਸੰਵਿਧਾਨ ਦਾ ਇਤਿਹਾਸ ਬਾਰੇ ਗਰੇਨਵਿਲ ਅਸਟਿਨ ਨੇ ਇਕ ਕਿਤਾਬ ਲਿਖੀ ਹੈ, ਜਿਸ 'ਚ ਉਹਨਾਂ ਨੇ ਡਾ. ਅੰਬੇਦਕਰ ਨੂੰ ਭਾਰਤੀ ਸੰਵਿਧਾਨ ਸਭਾ ਦਾ, ਸਭ ਤੋਂ ਮਹੱਤਵਪੂਰਨ ਵਿਅਕਤੀ ਮੰਨਿਆ ਹੈ। ਭਾਰਤੀ ਸੰਵਿਧਾਨ ਬਹੁਤ ਲੰਮੀ ਪ੍ਰਕਿਰਿਆ ਤੋਂ ਬਾਅਦ ਬਣਿਆ। 30 ਅਗਸਤ, 1947 ਨੂੰ ਇਸ ਦੀ ਪਹਿਲੀ ਬੈਠਕ ਹੋਈ। ਸੰਵਿਧਾਨ ਬਣਨ ਦੇ ਲਈ ਸੰਵਿਧਾਨਕ ਅਸੈਂਬਲੀ ਨੂੰ 141 ਦਿਨ ਕੰਮ ਕਰਨਾ ਪਿਆ। ਜੇਕਰ ਹੋਰ ਦੇਸ਼ਾਂ ਦੀ ਤੁਲਨਾ ਕਰੀਏ ਤਾਂ ਇੰਗਲੈਂਡ ਦੇ ਲੋਕਾਂ ਨੂੰ ਵੀ ਅਧਿਕਾਰ ਟੁਕੜਿਆਂ 'ਚ ਮਿਲੇ।

ਇੰਗਲੈਂਡ ਦੀਆਂ ਔਰਤਾਂ ਨੂੰ ਵੋਟਿੰਗ ਦਾ ਅਧਿਕਾਰ 1920 'ਚ ਮਿਲਿਆ। ਇਸ ਤਰ੍ਹਾਂ ਅਮਰੀਕਾ ਦਾ ਸੰਵਿਧਾਨ 1779 'ਚ ਹੀ ਬਣ ਗਿਆ ਸੀ ਪਰ ਉਥੋਂ ਦੇ ਸੰਵਿਧਾਨ 'ਚ ਬਲੈਕ ਲੋਕਾਂ ਨੂੰ ਨਾਗਰਿਕਤਾ ਨਹੀਂ ਸੀ। 1865 'ਚ ਜਦੋਂ ਸੰਵਿਧਾਨ 'ਚ 13ਵੀਂ ਸੋਧ ਲਿਆਂਦੀ ਗਈ, ਤਾਂ ਅਮਰੀਕਾ ਦੇ ਕਾਲੇ ਲੋਕਾਂ ਨੂੰ ਨਾਗਰਿਕਤਾ ਮਿਲੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਮਰੀਕੀ ਸੁਪਰੀਮ ਕੋਰਟ ਨੇ 1857 'ਚ ਕਾਲੇ ਲੋਕਾਂ ਨੂੰ ਡਰੈਡ ਸਕਾਟ ਕੇਸ 'ਚ ਅਮਰੀਕੀ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਅਬਰਾਹੀਮ ਲਿੰਕਨ ਨੇ 1865 'ਚ 13ਵੀਂ ਸੋਧ ਲਿਆਂਦੀ ਅਤੇ ਕਾਲੇ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਦਿੱਤਾ। ਜਦਕਿ ਭਾਰਤੀ ਸੰਵਿਧਾਨ 'ਚ ਪਹਿਲੀ ਹੀ ਵਾਰ 'ਚ ਇਹ ਐਲਾਨ ਕੀਤਾ ਗਿਆ ਕਿ ਸਾਰੇ ਮਨੁੱਖ ਬਰਾਬਰ ਹਨ। ਜਾਤੀ, ਧਰਮ, ਵਰਣ, ਜਨਮ, ਸਥਾਨ ਆਦਿ ਤੋਂ ਪਰ੍ਹੇ ਦੇਸ਼ ਦੇ ਸਾਰੇ ਮਨੁੱਖ ਸਮਾਨ ਹਨ। ਅਜਿਹਾ ਸੰਵਿਧਾਨ 'ਚ ਲਿਖਿਆ ਹੈ ਅਤੇ ਸਾਰਿਆਂ ਨੂੰ ਭਾਰਤੀ ਮੰਨਿਆ ਗਿਆ ਹੈ।

ਮੇਰੇ ਪਿਆਰੇ ਪਾਠਕ ਭੈਣੋ ਅਤੇ ਭਰਾਵੋ, ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖ਼ੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ 124ਵਾਂ ਜਨਮ ਦਿਨ ਬੜੀ ਧੂਮ-ਧਾਮ ਨਾਲ 'ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ' ਅਤੇ ਸੈਕਰਾਮੈਂਟੋ ਸੰਗਤ ਵੱਲੋਂ 19 ਜੁਲਾਈ, 2015 ਦਿਨ ਐਤਵਾਰ ਨੂੰ Holiday Inn Express, 9175 W. Stockton Blvd., ELK Grove CA 95758 ਵਿਖੇ ਸ਼ਾਮੀ 5 ਵਜੇ ਤੋਂ ਲੈ ਕੇ ਰਾਤੀ 11 ਵਜੇ ਤੱਕ ਮਨਾਇਆ ਜਾ ਰਿਹਾ ਹੈ। ਜਿਸ 'ਚ ਉੱਚ ਕੋਟੀ ਦੇ ਬੁਲਾਰੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀ ਵਿਚਾਰਧਾਰਾ, ਭਾਰਤ ਦੀ ਆਜ਼ਾਦੀ ਲਈ ਕੀਤੇ ਗਏ ਉਹਨਾਂ ਦੇ ਸੰਘਰਸ਼ ਤੇ ਸਮਾਜਿਕ ਕ੍ਰਾਂਤੀ ਲਈ ਪਾਏ ਮਹਾਨ ਯੋਗਦਾਨ 'ਤੇ ਚਾਨਣਾ ਪਾਉਣਗੇ।

ਇਸ ਤੋਂ ਇਲਾਵਾ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ। ਅਜਿਹੇ ਸਮਾਰੋਹਾਂ ਨਾਲ ਹੀ ਵਿਦੇਸ਼ਾਂ 'ਚ ਬੈਠੀ ਸਾਡੀ ਨੌਜਵਾਨ ਪੀੜ੍ਹੀ ਨੂੰ, ਭਾਰਤ ਦੇ ਇਸ ਮਹਾਨ ਸਪੂਤ ਦੀ ਵਿਚਾਰਧਾਰਾ, ਭਾਰਤੀ ਸਭਿਆਚਾਰ ਤੇ ਕਲਚਰ ਦੀ ਜਾਣਕਾਰੀ ਤੇ ਆਪਣੇ ਵਿਰਸੇ ਨਾਲ ਜੋੜਨ ਦਾ ਸੁਨੇਹਾ ਦਿੱਤਾ ਜਾ ਸਕਦਾ ਹੈ। ਇਸ ਲਈ ਇਸ ਤਰ੍ਹਾਂ ਦੇ ਉਪਰਾਲੇ ਕਰਨ ਵਾਲੀ ਉਕਤ ਸੰਸਥਾ ਦੀ ਸਮੁੱਚੀ ਪ੍ਰਬੰਧਕ ਕਮੇਟੀ ਤੇ ਸੈਕਰਾਮੈਂਟੋ ਦੀ ਸੰਗਤ ਵਧਾਈ ਦੀ ਪਾਤਰ ਹੈ। ਇਸ ਸਮਾਗਮ ਨੂੰ ਚਾਰ ਚੰਨ ਲਾਉਣ ਲਈ ਹੁੰਮ ਹੁੰਮਾ ਕੇ ਉਕਤ ਦੱਸੀ ਗਈ ਜਗ੍ਹਾ ਤੇ ਪਹੁੰਚ ਕੇ ਰੌਣਕਾਂ ਵਧਾਓ। ਮੈਂ ਇਸ ਸੰਸਥਾ ਦੇ ਇਸ ਉਪਰਾਲੇ ਲਈ ਆਪ ਨੂੰ ਸ਼ੁਭ ਇੱਛਾਵਾਂ ਤੇ ਵਧਾਈ ਦਿੰਦਾ ਹਾਂ।

------

## ਦਿਉਰ-ਭਾਬੀ

ਭਾਬੀ ਅੱਜ ਕਾਲਾ ਸੁਰਮਾ ਪਾ, ਦੇਵਰ ਦੀ ਫਰਮੈਸ਼ 'ਤੇ
ਭਾਬੀ ਅੱਜ ਲਾਲ ਦੰਦਾਸਾ ਲਾ, ਦੇਵਰ ਦੀ ਫਰਮਾਇਸ਼ 'ਤੇ
ਭਾਬੀ ਅੱਜ ਸੂਹਾ ਚੋਲਾ ਪਾ, ਦੇਵਰ ਦੀ ਫਰਮਾਇਸ਼ 'ਤੇ

ਵੀਰ ਵਲੈਤ ਗਿਆ ਵਲੈਤੀ ਹੋਇਆ,
ਫਸ ਮੇਮਾਂ ਦੇ ਚੱਕਰਾਂ 'ਚ ਕੈਦ ਹੋਇਆ,
ਦਿਨ ਰਾਤ ਸ਼ਰਾਬਾਂ ਪੀ-ਪੀ ਬੇਹਾਲ ਹੋਇਆ,
ਹੁਣ ਤੂੰ ਵੀ ਸੁਲਫਾ ਲਾ, ਦੇਵਰ ਦੀ ਫਰਮੈਸ਼ 'ਤੇ
ਹੁਣ ਅੰਦਰੋਂ ਬਾਹਰ ਆ, ਦੇਵਰ ਦੀ ਫਰਮੈਸ਼ 'ਤੇ

ਹੁਣ ਕੋਈ ਹਾਟ ਗਾਣਾ ਗਾ, ਦੇਵਰ ਦੀ ਫਰਮੈਸ਼ 'ਤੇ
ਦੇਵਰ ਭਾਬੀ ਗੱਲ ਵੀ ਕਰਨ ਤਾਂ, ਲੋਕੀ ਛੱਕਾਂ ਕਰਦੇ
ਆਪ ਮੁਹਾਰੇ ਜੋ ਵੀ ਹੋਵਣ ਨਾ ਮੂਲ ਕਿਸੇ ਤੋਂ ਡਰਦੇ
ਅੱਜ ਦਈਏ ਸਭਨਾਂ ਨੂੰ ਭਰਮਾ, ਦੇਵਰ ਦੀ ਫਰਮੈਸ਼ 'ਤੇ
ਹੁਣ ਤੂੰ ਵੀ ਘੁੰਗਟ ਲਾਹ, ਦੇਵਰ ਦੀ ਫਰਮੈਸ਼ 'ਤੇ
ਅੱਜ ਗਿੱਧਾ ਵਿਹੜੇ ਪਾ, ਦੇਵਰ ਦੀ ਫਰਮੈਸ਼ 'ਤੇ

ਭਾਬੀ ਤਾਂ ਹੋਵੇ ਦੇਵਰ ਪਿਆਰੀ, ਜੱਗ ਜਾਣਦਾ ਸਾਰਾ,
ਵੱਜੇ ਜੇ ਠੋਕਰ ਭਾਬੀ ਤਾਈਂ, ਪੀੜ ਸਹੇ ਵਿਚਾਰਾ,
ਗੱਲ ਸੁਣੇ ਭਾਬੀ ਉਸ ਦੀ, ਜੋ ਦੇਵਰ ਕਹੇ ਪਿਆਰਾ,



'ਚਰਨ ਪ੍ਰਦੇਸੀ'
916-587-4002

ਹੁਣ ਜਗ ਤੋਂ ਨਾ ਸ਼ਰਮਾ,ਦੇਵਰ ਦੀ ਫਰਮੈਸ਼ 'ਤੇ,
ਅੱਜ ਰੱਜ-ਰੱਜ ਖੁਸ਼ੀ ਮਨਾ, ਦੇਵਰ ਦੀ ਫਰਮੈਸ਼ 'ਤੇ,
ਮੈਨੂੰ ਆਪਣੇ ਗਲ ਨਾਲ ਲਾ, ਦੇਵਰ ਦੀ ਫਰਮੈਸ਼ 'ਤੇ।

ਭਾਬੀ ਹੋਵੇ ਭਰਾ ਦੀ ਇਮਾਨਤ, ਖਿਆਨਤ ਕਦੇ ਨਾ ਹੋਵੇ
ਹੋ ਸਕੇ ਤਾਂ ਭਾਬੀ ਤਾਈ, ਦੇਵਰ ਸਦਾ ਹੀ ਹਾਜ਼ਰ ਹੋਵੇ
ਅੱਜ ਤੂੰ ਵੀ ਸਭਨਾਂ ਨੂੰ ਸਮਝਾ- ਭਾਬੀ ਦੀ ਫਰਮੈਸ਼ 'ਤੇ
ਹੁਣ ਜੋਗੀ ਬਣ ਕੇ ਦਿਖਾ, ਭਾਬੀ ਦੀ ਫਰਮੈਸ਼ 'ਤੇ
'ਚਰਨ' ਲਈ ਕੁਝ ਨਵਾਂ ਕਰਕੇ ਦਿਖਾ ਸਭ ਦੀ ਫਰਮੈਸ਼ 'ਤੇ।

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ



ਪ੍ਰੋਫੈਸਰ (ਡਾ.) ਰੌਣਕੀ ਰਾਮ
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308

*(ਚੌਥੀ ਕਿਸ਼ਤ)*

ਗੁਰਦਾਸ ਰਾਮ ਆਲਮ ਬਾਰੇ ਇਹ ਵੀ ਮਸ਼ਹੂਰ ਹੈ ਕਿ ਜਦੋਂ ਡਾ. ਅੰਬੇਡਕਰ ਕੇਂਦਰੀ ਮੰਤਰੀ ਦੇ ਤੌਰ ਤੇ ਅੰਬਾਲਾ ਆਏ ਸਨ ਤਾਂ ਆਲਮ ਨੇ ਉਨ੍ਹਾਂ ਨੂੰ ਜਦ ਆਪਣੀ ਕਵਿਤਾ 'ਆਜ਼ਾਦੀ' ਸੁਣਾਈ ਤਾਂ ਡਾ. ਅੰਬੇਡਕਰ ਨੇ ਉਹ ਇੰਨੀ ਪਸੰਦ ਕੀਤੀ ਕਿ ਆਲਮ ਨੂੰ ਇਹ ਕਵਿਤਾ ਦੁਬਾਰਾ ਸੁਣਾਉਣ ਲਈ ਕਿਹਾ। ਵੱਖ-ਵੱਖ ਵਿਦਵਾਨਾਂ ਨੇ ਪੰਜਾਬੀ ਦਲਿਤ ਕਵਿਤਾ ਦੀ ਸ਼ੁਰੂਆਤ ਆਲਮ ਦੀ ਕਾਵਿ-ਰਚਨਾ ਨਾਲ ਸ਼ੁਰੂ ਹੁੰਦੀ ਦੱਸੀ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਗੁਰਦਾਸ ਰਾਮ ਆਲਮ ਦੀ ਕਵਿਤਾ ਦੱਬੇ-ਕੁਚਲੇ ਅਤੇ ਆਰਥਿਕ ਤੰਗੀਆਂ-ਤੁਰਸ਼ੀਆਂ ਦੇ ਸਤਾਏ ਲੋਕਾਂ ਦੇ ਵਿਸ਼ੇ ਨੂੰ ਲੈ ਕੇ ਬੜੀ ਤਿੱਖੀ ਸੁਰ ਵਿਚ ਸਥਾਪਿਤ ਸਮਾਜਿਕ ਅਤੇ ਆਰਥਿਕ ਨਿਜ਼ਾਮ ਦੇ ਅਡੰਬਰ ਦਾ ਭਾਂਡਾ ਭੰਨਦੀ ਹੋਈ ਦਲਿਤ ਪਛਾਣ ਦਾ ਬੰਨਾ ਬੰਨ੍ਹਦੀ ਹੈ ਪਰ ਜਿੱਥੋਂ ਤਕ ਇਸ ਦਾ ਪੰਜਾਬੀ ਦਲਿਤ ਕਵਿਤਾ ਦੀ ਸ਼ੁਰੂਆਤ ਹੋਣ ਨਾਲ ਸੰਬੰਧ ਹੈ ਉਸ ਬਾਰੇ ਬਜ਼ੁਰਗ ਅੰਬੇਡਕਰੀ ਕਾਰਕੁੰਨਾਂ ਅਤੇ ਨੇਤਾਵਾਂ ਦਾ ਇਹ ਆਮ ਵਿਚਾਰ ਹੈ ਕਿ ਪੰਜਾਬੀ ਦਲਿਤ ਕਵਿਤਾ ਦੀ ਸ਼ੁਰੂਆਤ ਆਦਿ ਧਰਮ ਲਹਿਰ ਦੇ ਦੌਰਾਨ ਰਚੀ ਗਈ ਦਲਿਤ ਕਵਿਤਾ ਅਤੇ ਚਰਨ ਦਾਸ ਨਿਧੜਕ ਤੇ ਪ੍ਰੀਤਮ ਰਾਮਦਾਸਪੁਰੀ ਦੀ ਡਾ. ਅੰਬੇਡਕਰ ਦੇ ਫਲਸਫੇ ਨੂੰ ਸਮਰਪਿਤ ਕਵਿਤਾ ਦੇ ਨਾਲ ਹੁੰਦੀ ਹੈ।

ਚਰਨ ਦਾਸ ਨਿਧੜਕ ਦਾ ਨਾਂ ਪੰਜਾਬ ਦੇ ਉੱਘੇ ਮੁੱਢਲੇ ਅੰਬੇਡਕਰੀਆਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਅੰਬੇਡਕਰੀ ਮਿਸ਼ਨ ਨੂੰ ਆਪਣੇ ਆਖਰੀ ਸਵਾਸਾਂ ਤਕ ਨਿਭਾਇਆ। ਉਹ ਪੰਜਾਬ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਮੋਢੀ ਮੈਂਬਰਾਂ ਵਿੱਚੋਂ ਸਨ। ਡਾ. ਅੰਬੇਡਕਰ ਦੇ 6 ਦਸੰਬਰ 1956 ਨੂੰ ਪਰੀਨਿਰਵਾਣ ਤੋਂ ਬਾਅਦ ਜਲੰਧਰ ਵਿਖੇ ਜਿਹੜਾ ਪਹਿਲਾ ਜਲੂਸ ਕੱਢਿਆ ਉਸ ਦੀ ਅਗਵਾਈ ਚਰਨ ਦਾਸ ਨਿਧੜਕ ਨੇ ਕੀਤੀ ਸੀ। 15 ਜੂਨ 1964 ਨੂੰ ਰਿਪਬਲਿਕਨ ਦੇ 101 ਵਲੰਟੀਅਰਾਂ ਦੇ ਸਾਇਕਲ ਸਵਾਰ ਜੱਥੇ ਦੀ ਅਗਵਾਈ ਵੀ ਉਨ੍ਹਾਂ ਨੇ ਹੀ ਕੀਤੀ। ਉਨ੍ਹਾਂ ਦਾ ਤਖ਼ਲਸ 'ਨਿਧੜਕ' ਉਸ ਸਮੇਂ ਪਿਆ ਜਦੋਂ 1939 ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਭਰਾ ਕਰਤਾਰ ਚੰਦ ਨੇ ਫਗਵਾੜਾ ਸ਼ਹਿਰ ਦੇ ਨਜ਼ਦੀਕ ਪੈਂਦੇ ਪਿੰਡ ਚੱਕ ਹਕੀਮ ਵਿਖੇ ਮਸ਼ਹੂਰ ਗੁਰੂ ਰਵਿਦਾਸ ਮੰਦਰ ਦੇ ਸਲਾਨਾ ਮੇਲੇ ਦੌਰਾਨ ਕੁਝ ਗੁੰਡਿਆਂ ਦੀ ਮਾਵਾਂ-ਧੀਆਂ ਨਾਲ ਛੇੜਖਾਨੀ ਕਰਦਿਆਂ ਦੀ ਚੰਗੀ ਭੁਗਤ ਸਵਾਰੀ। ਇਸ ਘਟਨਾ ਦੌਰਾਨ ਉਨ੍ਹਾਂ ਦੀ ਦਲੇਰੀ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਉਨ੍ਹਾਂ ਨੂੰ ਸਤਿਕਾਰ ਨਾਲ 'ਨਿਧੜਕ' ਕਹਿ ਕੇ ਬੁਲਾਣਾ ਸ਼ੁਰੂ ਕਰ ਦਿੱਤਾ। ਉਹ ਜੀਵਨ ਭਰ ਰਿਪਬਲਿਕਨ ਪਾਰਟੀ ਦੇ ਸੇਵਾਦਾਰ ਅਤੇ ਆਗੂ ਰਹੇ। ਉਨ੍ਹਾਂ ਨੇ ਡਾ. ਅੰਬੇਡਕਰ ਦੇ ਪ੍ਰਚਾਰ ਹਿੱਤ ਸਾਰੀ ਜ਼ਿੰਦਗੀ ਲੇਖੇ ਲਾਉਂਦੇ ਹੋਏ ਦਲਿਤਾਂ ਦੀ ਅਣਖ ਨੂੰ ਟੁੰਬਣ ਵਾਲੀਆਂ ਕਵਿਤਾਵਾਂ ਦੀ ਰਚਨਾ ਕੀਤੀ। ਜਿਹੜੀਆਂ ਡਾ. ਅੰਬੇਡਕਰ ਦੇ ਫਲਸਫੇ ਅਤੇ ਮਿਸ਼ਨ ਦੇ ਵੱਖ-ਵੱਖ ਪਹਿਲੂਆਂ ਨਾਲ ਓਤਪੋਤ ਹਨ।

ਚਰਨ ਦਾਸ ਨਿਧੜਕ ਦਲਿਤ ਸਮਾਜ ਦੀਆਂ ਅੰਦਰੂਨੀ ਵੰਡੀਆਂ ਨੂੰ ਦਲਿਤ ਏਕਤਾ ਦਾ ਜਾਨੀ ਦੁਸ਼ਮਣ ਮੰਨਦੇ ਹੋਏ ਦਲਿਤ ਲੋਕਾਂ ਨੂੰ ਆਪਸੀ ਸਾਂਝ ਪੈਦਾ ਕਰਕੇ ਨਵੀਂ ਦਲਿਤ ਪਛਾਣ ਪੈਦਾ ਕਰਨ ਨਸੀਹਤ ਦਿੰਦੇ ਹਨ। ਪੇਸ਼ ਹਨ ਉਨ੍ਹਾਂ ਦੀ ਕਵਿਤਾ 'ਪਿਆਰ ਦੀਆਂ ਕੰਘੀਆਂ' ਦੇ ਕੁਝ ਸ਼ੇਅਰ:

ਚੂਹੜੇ ਤੇ ਚਮਾਰਾਂ ਵਾਲੇ ਘਰ ਦੇਖੋ ਵੱਖਰੇ,
ਚਾਹੜ ਲੈਂਦੇ ਨੱਕ ਜੇ ਚਮਾਰ ਚੂਹੜਾ ਟੱਕਰੇ।
ਸੱਦ ਦੇ ਚੁੜੱਕੀ ਕਿਤੇ ਬਸਤੀ ਨੇ ਭੰਗੀਆਂ।
ਹੋ ਕੇ ਰਹਿਣਾ ਵੱਖੋ-ਵੱਖ, ਇਹ ਗੱਲਾਂ ਨਹੀਉਂ ਚੰਗੀਆਂ।
ਚੂੜ੍ਹੇ ਤੇ ਚਮਾਰੋ, ਝੀਰੋ, ਨਾਈਓ, ਘੁਮਿਆਰੋ,
ਪਾ ਲਓ ਪਿਆਰ ਦੀਆਂ ਕੰਘੀਆਂ।

ਇਸੇ ਹੀ ਤਰ੍ਹਾਂ ਉਹ ਆਪਣੀ ਕਵਿਤਾ 'ਅਛੂਤ ਦੀ ਜ਼ਿੰਦਗੀ' ਵਿਚ ਹਾਸ਼ੀਆਕ੍ਰਿਤ ਲੋਕਾਂ ਨੂੰ ਇੱਕਠੇ ਹੋ ਕੇ ਦਲਿਤ ਮੁਕਤੀ ਲਈ ਹੰਭਲਾ ਮਾਰਨ ਲਈ ਉਤਸ਼ਾਹਿਤ ਕਰਦੇ ਹਨ। ਪੇਸ਼ ਹਨ ਕਵਿਤਾ ਦੀਆਂ ਕੁਝ ਸਤਰਾਂ:

ਬਹੁਤੀਆਂ ਜੋਕਾਂ ਅਛੂਤਾ ਲਹੂ ਤੇਰਾ ਪੀਂਦੀਆਂ,
ਔਹ ਮੋਟੀਆਂ ਜੋ ਗੋਗੜਾਂ ਤੇਰੇ ਸਹਾਰੇ ਜੀਂਦੀਆਂ।
ਤੇਰਿਆਂ ਪੈਰਾਂ 'ਚ ਪਈਆਂ ਗੁਲਾਮੀ ਦੀਆਂ ਬੇੜੀਆਂ,
ਏਹ ਮੋਟੀਆਂ ਨੇ ਬੇੜੀਆਂ, ਏਹ ਭਾਰੀਆਂ ਨੇ ਬੇੜੀਆਂ।
ਇੱਕਠੇ ਹੋ ਕੇ ਲੜਨ ਬਿਨਾਂ, ਏਹ ਲੈਣੀਆਂ ਨੀ ਬੇੜੀਆਂ,
ਉੱਠ ਏਕੇ ਦੀ ਮਾਰ ਸੱਟ, ਏਹ ਟੁੱਟ ਜਾਵਣ ਬੇੜੀਆਂ।

ਨਿਧੜਕ ਆਪਣੀ ਕਵਿਤਾ ਵਿਚ ਦਲਿਤ ਏਕੇ ਵਾਸਤੇ ਡਾ. ਅੰਬੇਡਕਰ ਦਾ ਦਲਿਤ ਮੁਕਤੀ ਹਿੱਤ ਸਬਕ 'ਬਾਗੀ ਹੋਣਾ ਦੱਸ ਗਿਆ' ਨੂੰ ਹੇਠ ਲਿਖੀਆਂ ਸਤਰਾਂ ਵਿੱਚ ਭਾਵਪੂਰਕ ਢੰਗ ਨਾਲ ਇਸ ਤਰ੍ਹਾਂ ਬਿਆਨ ਕਰਦੇ ਹਨ:

ਜਥੇਬੰਦ ਹੋ ਪੈਰਾਂ ਉੱਤੇ, ਆਪ ਖਲੋਣਾ ਦੱਸ ਗਿਆ।
ਝੰਡਾ ਚੁੱਕ ਬਗ਼ਾਵਤ ਦਾ, ਉਹ ਬਾਗ਼ੀ ਹੋਣਾ ਦੱਸ ਗਿਆ।
ਭੀਮ ਨੂੰ ਇਸ ਧਰਤੀ ਉੱਤੇ, ਬੀਜ ਕੋਈ ਐਸਾ ਬੋ ਦਿੱਤਾ।
ਸਦਿਆ ਬੁੱਸਿਆ ਸਦੀਆਂ ਦਾ, ਤੂੰ ਉਹ ਵੀ ਫੜ ਕੇ ਧੋ ਦਿੱਤਾ।
ਪੈਰਾਂ ਦੇ ਵਿੱਚ ਰੁਲਦਾ ਮੋਤੀ, ਤੂੰ ਲੜੀ ਦੇ ਵਿੱਚ ਪਰੋ ਦਿੱਤਾ।
ਭਾਰਤ ਦੀ ਤਕਦੀਰ ਬਣਾ ਕੇ, ਢੋਆ ਕਿਸੇ ਨੂੰ ਢੋਅ ਦਿੱਤਾ।
ਗਿਆਨ ਗੈਸ ਦੀ ਜੋਤ ਜਗਾ ਕੇ, ਫਿਰ ਕਿਉਂ ਸਾਥੋਂ ਨੱਸ ਗਿਆ।
ਝੰਡਾ ਚੁੱਕ ਬਗ਼ਾਵਤ ਦਾ, ਉਹ ਬਾਗ਼ੀ ਹੋਣਾ ਦੱਸ ਗਿਆ।

ਚਰਨ ਦਾਸ ਨਿਧੜਕ ਆਪਣੀ ਕਵਿਤਾ ਵਿੱਚ ਦਲਿਤ ਮੁਕਤੀ ਨੂੰ ਸੰਬੋਧਿਤ ਹੁੰਦੇ ਹੋਏ ਉਹ ਇਸ ਦਾ ਹੱਲ ਲੱਭਣ ਲਈ ਪ੍ਰੇਰਤ ਕਰਦੇ ਹਨ। ਉਹ ਨਾ ਟੇਕ ਰੱਖਦੇ ਹਨ ਰੱਬ ਉੱਤੇ ਅਤੇ ਨਾ ਆਸ ਬੰਨ੍ਹਦੇ ਹਨ ਕਿਸੇ ਹੋਰ ਉੱਤੇ। ਉਨ੍ਹਾਂ ਦੀ ਦਲਿਤ ਕਵਿਤਾ ਆਪਣੇ ਆਪ ਵਿੱਚ ਇਕ ਤਰ੍ਹਾਂ ਨਾਲ ਵਿਲੱਖਣਤਾ ਨੂੰ ਦਰਸਾਉਂਦੀ ਹੋਈ ਜਿੱਥੇ ਰੱਬ ਨੂੰ ਵੰਗਾਰਦੀ ਹੈ ਉੱਥੇ ਦਲਿਤ ਵਰਗ ਨੂੰ ਆਪਣੇ ਮੁਕਾਮ ਦੇ ਖੁਦ ਮਾਲਕ ਬਣਨ ਲਈ ਪ੍ਰੇਰਦੀ ਹੈ। ਜਿਸ ਦੀ ਝਲਕ ਉਨ੍ਹਾਂ ਦੀਆਂ ਹੇਠ ਦਰਜ ਦੋ ਵੱਖ-ਵੱਖ ਕਵਿਤਾਵਾਂ ਵਿੱਚ ਸਾਫ਼-ਸਾਫ਼ ਨਜ਼ਰ ਪੈਂਦੀ ਹੈ:

ਰੱਬਾ ਦੇਖਦਾ ਮੇਰੇ ਇਨਸਾਫ ਤਾਈਂ,
ਜੇ ਮੈਂ ਰੱਬ ਹੁੰਦਾ ਤੂੰ ਚਮਾਰ ਹੁੰਦਾ।
ਫੇਰ ਦੇਖਦਾ ਮੇਰੀਆਂ ਹਿਕਮਤਾਂ ਨੂੰ,
ਮੈਂ ਤਬੀਬ ਹੁੰਦਾ ਤੂੰ ਬਿਮਾਰ ਹੁੰਦਾ।
ਹੋਕਾ ਦੇ ਗਿਆ ਕਚਹਿਰੀ ਵਿੱਚ ਖੜ੍ਹਕੇ ਮੰਗੇ ਹੱਕ ਨਹੀਂ ਮਿਲਦੇ,
ਹੱਕ ਮਿਲਦੇ ਮੈਦਾਨ ਵਿੱਚ ਲੜਕੇ।
ਗੁਰੂ ਰਵਿਦਾਸ ਕਹਿ ਗਏ,
ਸੰਗਤੇ-ਹੱਕਾਂ ਉੱਤੇ ਮਰ ਜਾਈਦਾ, ਨਾ ਬਣੋ ਮੰਗਤੇ।

ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਵਿਸ਼ੇ ਨਾਲ ਸੰਬੰਧਤ ਪ੍ਰੀਤਮ ਰਾਮਦਾਸਪੁਰੀ ਅੰਬੇਡਕਰੀ ਹਲਕਿਆਂ ਵਿੱਚ ਜਾਣੇ-ਪਛਾਣੇ ਨਾਂ ਹਨ। ਉਨ੍ਹਾਂ ਦਾ ਸੰਬੰਧ ਉਸ ਪਰਿਵਾਰ ਨਾਲ ਹੈ ਜਿਸ ਨੇ ਪੰਜਾਬ ਦੀ ਆਦਿ ਧਰਮ ਲਹਿਰ ਅਤੇ ਬਾਅਦ ਵਿੱਚ ਅੰਬੇਡਕਰੀ ਅੰਦੋਲਨ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ। ਉਨ੍ਹਾਂ ਨੂੰ ਅੰਬੇਡਕਰੀ ਮਿਸ਼ਨ ਦੀ ਗੁੜ੍ਹਤੀ ਬਚਪਨ ਤੋਂ ਹੀ ਮਿਲ ਗਈ ਸੀ। ਜਦੋਂ ਬਾਬਾ ਸਾਹਿਬ ਅੰਬੇਡਕਰ ਅਕਤੂਬਰ 1951 ਵਿੱਚ ਪੰਜਾਬ ਆਏ ਤਾਂ ਉਸ ਸਮੇਂ ਜਲੰਧਰ ਤੋਂ ਬਿਉਕ ਕਾਰ ਲੈ ਕੇ ਬਾਬਾ ਸਾਹਿਬ ਨੂੰ ਅੰਮ੍ਰਿਤਸਰ ਰਾਜਾ ਸਾਂਸੀ ਹਵਾਈ ਅੱਡੇ ਤੋਂ ਉਹੀ ਲੈਣ ਗਏ ਸਨ। ਉਨ੍ਹਾਂ ਦੇ ਨਾਲ ਕਾਰ ਵਿੱਚ ਸੇਠ ਕਿਸ਼ਨ ਦਾਸ (ਰਾਮਦਾਸਪੁਰੀ ਦੇ ਚਾਚਾ ਜੀ ਅਤੇ ਪ੍ਰਧਾਨ 'ਸ਼ਡਿਊਲਡ ਕਾਸਟ ਫੈਡਰੇਸ਼ਨ' ਪੰਜਾਬ), ਚਰਨ ਦਾਸ ਨਿਧੜਕ (ਕਮਾਂਡਰ ਸਮਤਾ ਦੱਲ), ਕਰਤਾਰਾ ਰਾਮ ਮਡਹਾਸ (ਮੈਨੇਜਰ 'ਉਜਾਲਾ') ਅਤੇ ਉਨ੍ਹਾਂ ਦੇ ਵੱਡੇ ਭਰਾ ਅਧਿਆਤਮ ਰਾਮ ਸਨ। ਉਹ ਸਪਤਾਹਿਕ ਉਰਦੂ ਸਮਾਚਾਰ ਪੱਤਰ 'ਉਜਾਲਾ' ਵਿੱਚ ਆਪਣੀਆਂ ਕਵਿਤਾਵਾਂ ਅਕਸਰ ਪ੍ਰਕਾਸ਼ਿਤ ਕਰਵਾਉਂਦੇ ਰਹਿੰਦੇ ਸਨ। ਉਨ੍ਹਾਂ ਦੀ ਪਹਿਲੀ ਕਵਿਤਾ 'ਰੈਨ ਗਈ ਅਬ ਹੁਆ ਉਜਾਲਾ' ਸਿਰਲੇਖ 1948 ਵਿੱਚ ਉਜਾਲਾ ਦੇ ਪਲੇਠੇ ਅੰਕ ਵਿੱਚ ਪ੍ਰਕਾਸ਼ਿਤ ਹੋਈ। ਸੰਨ 1956 ਵਿੱਚ ਉਨ੍ਹਾਂ ਨੇ ਬਾਬਾ ਸਾਹਿਬ ਦੇ ਪਰੀਨਿਰਵਾਣ ਤੇ 'ਚੰਦ ਆਂਸੂ' ਸਿਰਲੇਖ ਹੇਠ ਦਰਦਨਾਕ ਕਵਿਤਾ ਲਿਖੀ ਸੀ, ਕੇ. ਸੀ. ਲੀਲ ਦੇ ਸ਼ਬਦਾਂ ਵਿੱਚ, "ਸ਼ਾਇਦ ਹੀ ਕੋਈ ਪੱਥਰ ਦਿਲ ਇਨਸਾਨ ਹੋਵੇਗਾ ਜੋ ਪੜ੍ਹਦੇ ਸਮੇਂ ਰੋ ਨਾ ਪਏ"। ਇਸ ਕਵਿਤਾ ਬਾਰੇ ਕੇ. ਸੀ. ਸੁਲੇਖ ਲਿਖਦੇ ਹਨ, "ਬਾਬਾ ਸਾਹਿਬ ਦੇ ਦੇਹਾਂਤ ਉੱਤੇ ਜੋ ਮਰਸੀਆ (ਸ਼ੋਕਮਈ ਕਵਿਤਾ) 'ਚੰਦ ਆਂਸੂ' ਲਿਖਿਆ ਜਾਪਦਾ ਹੈ ਉਸ ਨੂੰ ਲਿਖਣ ਲੱਗਿਆਂ ਉਸ ਨੇ ਆਪਣਾ ਸਾਰੇ ਦਾ ਸਾਰਾ ਸਾਹਿਤਕ ਗਿਆਨ ਖ਼ਤਮ ਕਰ ਦਿੱਤਾ ਹੋਵੇ। ਇੱਕੱਲੇ-ਇੱਕੱਲੇ ਸ਼ੇਅਰ ਵਿੱਚ ਉਪਯੁਕਤ ਸ਼ਬਦਾਂ ਦਾ ਉਪਯੋਗ, ਉਨ੍ਹਾਂ ਰਾਹੀਂ ਵਿਚਾਰਾਂ ਦੀ ਤਿੱਖੀ ਬੁਛਾੜ ਅਤੇ ਉਨ੍ਹਾਂ ਵਿੱਚ ਬਾਬਾ ਸਾਹਿਬ ਦੇ ਫ਼ਲਸਫ਼ੇ ਦੀ ਚਾਸ਼ਨੀ, ਕੁੱਲ-ਮਿਲਾ ਕੇ ਸ਼ੋਕਮਈ ਕਵਿਤਾ ਉਰਦੂ ਅਦਬ ਵਿੱਚ ਇਕ ਸ਼ਾਨਦਾਰ ਉਦਾਹਰਣ ਵਜੋਂ ਗਿਣੀ ਜਾ ਸਕਦੀ ਹੈ"।

ਪ੍ਰੀਤਮ ਰਾਮਦਾਸਪੁਰੀ ਦੀ ਕਵਿਤਾ ਵਿੱਚ ਦਲਿਤ ਵਰਗ ਦੇ ਦੁੱਖਾਂ ਦੀ ਦਾਸਤਾਂ ਅਤੇ ਦਲਿਤ ਚੇਤਨਾ ਦੀ ਗੱਲ ਬਹੁਤ ਸਹਿਜਮਈ ਅਤੇ ਵਿਅੰਗਮਈ ਤਰੀਕੇ ਨਾਲ ਪ੍ਰਸਤੁਤ ਕੀਤੀ ਮਿਲਦੀ ਹੈ। ਉਨ੍ਹਾਂ ਦੀਆਂ ਕਵਿਤਾ 'ਭੁੱਖ ਦਾ ਦੁੱਖ ਬੁਰਾ', 'ਇਕ ਸਿਰਫ ਰੋਟੀ ਦੇ ਬਦਲੇ', 'ਕੀ ਕਰੀਏ', 'ਲੋਕ' ਆਦਿ ਵਿੱਚ ਦਲਿਤ ਦੁੱਖੜੇ, ਦਮਨ ਅਤੇ ਰੋਜ਼ਮੱਰਾ ਜ਼ਿੰਦਗੀ ਦੀ ਜ਼ਲਾਲਤ ਦਾ ਭਾਵਪੂਰਕ ਜ਼ਿਕਰ ਮਿਲਦਾ ਹੈ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਦਲਿਤ ਜੀਵਨ ਨਾ ਸੰਬੰਧ ਮਸਲਿਆਂ ਨੂੰ ਜਿੱਥੇ ਬਹੁਤ ਸੰਜੀਦਗੀ ਨਾਲ ਛੋਹਿਆ ਹੈ ਉੱਥੇ ਡਾ. ਅੰਬੇਡਕਰ ਦੇ ਫ਼ਲਸਫ਼ੇ ਨੂੰ ਸਮਰਪਿਤ ਹੋ ਕੇ ਉਸ ਨੂੰ ਦਲਿਤ ਉਥਾਨ ਵਾਸਤੇ ਅਪਣਾਉਂਦੇ ਹੋਏ ਬਹੁਤ ਸਾਰੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀਆਂ ਕੁਝ ਅਜਿਹੀਆਂ ਚੋਣਵੀਆਂ ਕਵਿਤਾਵਾਂ ਹਨ: 'ਥੋੜ੍ਹਾ ਹੈ ਉਸ ਦੀ ਹਸਤੀ ਤੇ ਜਿੰਨਾ ਵੀ ਮਾਣ ਕਰਾਂ', 'ਜਦ ਵੀ ਮੈਂ ਭੀਮ ਤੇਰੀ ਤਸਵੀਰ ਦੇਖਦਾ ਹਾਂ', 'ਤੂਫਾਨ ਪੈਦਾ ਹੋਣਗੇ', 'ਬਾਬਾ ਸਾਹਿਬ ਨੂੰ', 'ਮਜ਼ਲੂਮਾਂ ਦੇ ਹਮਦਰਦ', 'ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਚਰਨਾਂ ਵਿੱਚ', 'ਹਸਤੀ-ਏ-ਅੰਬੇਡਕਰ', 'ਮਾਨਵਤਾ ਦੇ ਪੈਗੰਬਰ ਬਾਬਾ ਸਾਹਿਬ ਨੂੰ', 'ਜੋਤ ਤੇਰੀ ਬਲਦੀ ਹੀ ਰਹੂ', 'ਆਪਣੀ ਕਿਸਤੀ ਦਾ ਖਵੱਈਆ ਆਪ ਹੋਣਾ ਆ ਗਿਆ', 'ਦੱਬੀ ਕੁਚਲੀ ਇਨਸਾਨੀਅਤ ਦੇ ਰਹਿਨੁਮਾ', 'ਮੈਂ ਤਾਂ ਭੀਮ ਦੀ ਦੀਵਾਨੀ ਹੋਈ', 'ਜਿੰਦ ਕੌਮ ਦੇ ਲੇਖੇ ਲਾ ਦਿੱਤੀ', 'ਭੀਮ ਦਾ ਮਿਸ਼ਨ ਅਪਣਾਓ ਲੋਕੋ-' ਆਦਿ।

ਪ੍ਰੀਤਮ ਰਾਮਦਾਸਪੁਰੀ ਦਾ ਪੂਰਾ ਜੀਵਨ ਅੰਬੇਡਕਰ ਮਿਸ਼ਨ ਨੂੰ ਅਗਾਂਹ ਤੋਰਨ ਹਿਤ ਸਮਰਪਿਤ ਸੀ। ਉਨ੍ਹਾਂ ਦੇ ਦਲਿਤ ਸਮਾਜ ਪ੍ਰਤੀ ਸਮਰਪਣ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਹਿਜੇ ਹੀ ਜਾਣਿਆ ਜਾ ਸਕਦਾ ਹੈ:

ਅਣਖ ਹਲਾਲ ਦੀ ਰੁੱਖੀ ਸੁੱਕੀ, ਬੇਹਤਰ ਸੌ ਪਕਵਾਨਾਂ ਤੋਂ,
ਭਰਨੇ ਨੂੰ ਤਾਂ ਕੁੱਤੇ ਵੀ, ਹਰ ਹੀਲੇ ਢਿੱਡ ਭਰਦੇ ਨੇ।
ਬਿਰਧਾ ਉਮਰ ਗਵਾਈ 'ਪ੍ਰੀਤਮ', ਕਾਸ਼ ਕਿਸੇ ਲੇਖੇ ਲਗਦੀ,
ਸਾਡੇ ਨਾਲੋਂ ਪੱਥਰ ਚੰਗੇ, ਨੀਹਾਂ ਵਿੱਚ ਤਾਂ ਧਰਦੇ ਨੇ।

ਰਾਮਦਾਸਪੁਰੀ ਦੀ ਕਵਿਤਾ ਦਲਿਤ ਸਮਾਜ ਨੂੰ ਚੇਤਨ ਹੋ ਕੇ ਆਪਣੇ ਹੱਕਾਂ ਦੀ ਖਾਤਰ ਡਟ ਕੇ ਖੜਨ ਲਈ ਪ੍ਰੇਰਨਾ ਦਿੰਦੀ ਹੈ:

ਆਪਣਾ ਪੈਦਾ ਕਰ ਜਹਾਨ, ਇਸ ਜਹਾਨ ਨੂੰ ਬਦਲ।
ਇਹ ਗ਼ੁਲਾਮੀ ਦਾ ਨਿਸ਼ਾਨ, ਇਸ ਨਿਸ਼ਾਨ ਨੂੰ ਬਦਲ।
------
ਆਪਣੀ ਕਿਸਤੀ ਨੂੰ ਬਚਾ, ਬਾਦਬਾਨ ਨੂੰ ਬਦਲ।
ਫਿਰਦੇ ਸਾਧ ਦੇ ਭੇਸ 'ਚ ਚੋਰ, ਵੇਹਲੜ ਮੁਸਟੰਡੇ ਮੂੰਹ ਜ਼ੋਰ।
ਝੂਠੇ ਜਟਾਂ, ਤੜਾਗ, ਲੰਗੋਟ, ਇਸ ਭਗਤੀ ਦੇ ਅੰਦਰ ਖੋਟ।
ਭੁੱਲ ਕੇ ਨਾ ਧੋਖੇ ਵਿੱਚ ਪੈਣਾ, ਪਹਿਰੇਦਾਰ ਦਾ ਮੁੜ-ਮੁੜ ਕਹਿਣਾ।
ਜਾਗੋ-ਜਾਗੋ ਜਾਗਦੇ ਰਹਿਣਾ।
ਰਾਹ 'ਚ ਭਾਵੇਂ ਔਕੜਾਂ ਦੇ ਸੈਂਕੜੇ ਪਹਾੜ ਹੋਣ।
ਟੋਏ, ਟਿੱਬੇ, ਨਦੀਆਂ ਤੇ ਖੱਡ ਬੇ-ਸ਼ੁਮਾਰ ਹੋਣ।
ਰਾਹ ਦਿਖਾਉਣ ਮੁਸ਼ਕਲਾਂ, ਜੇ ਸ਼ੌਕ ਪਾਏਦਾਰ ਹੋਣ।
ਹਿੰਮਤਾਂ ਤੇ ਸ਼ੌਕ ਨੂੰ ਉਭਾਰਦੇ ਵਧੀ ਚਲੋ।
ਸਿਰ ਰੱਖ ਕੇ ਤਲੀਆਂ ਤੇ ਇਕ ਦਿਨ,
ਉਸ ਕਾਤਲ ਦੀ ਨਗਰੀ ਜਾਵਾਂਗੇ।
ਜਾਂ ਆਪਣੀ ਜਾਨ ਗੁਆਵਾਂਗੇ,
ਜਾਂ ਮੰਗੀਆਂ ਮੁਰਾਦਾਂ ਪਾਵਾਂਗੇ।
--------
ਸੌ ਸਾਲ ਦੇ ਨਿਰਲੱਜ ਜੀਵਨ ਤੋਂ,
ਬੇਹਤਰ ਨੇ ਅਣਖ ਦੇ ਚਾਰ ਵਰਸ਼,
ਕੀ 'ਪ੍ਰੀਤਮ' ਕਾਂ ਦਾ ਜੀਣਾ ਵੀ,
ਅਸੀਂ ਸ਼ੇਰ ਦੀ ਮੌਤ ਅਪਣਾਵਾਂਗੇ।

ਪ੍ਰੀਤਮ ਰਾਮਦਾਸਪੁਰੀ ਦੀਆਂ ਸ਼ਲਾਘਾਯੋਗ ਕਵਿਤਾਵਾਂ ਵਿੱਚੋਂ 'ਵੰਸ਼ 'ਚੋਂ ਰਵਿਦਾਸ ਦੀ ਹਾਂ', 'ਭੀਮ ਦੀ ਔਲਾਦ ਹਾਂ' ਕਵਿਤਾ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਦਲਿਤ ਵਿਦਰੋਹ ਉਤੇਜਕ ਕਵਿਤਾ ਕਹੀ ਜਾ ਸਕਦੀ ਹੈ ਜਿਸ ਵਿੱਚ ਦਲਿਤ ਮੁਕਤੀ ਦੇ ਸੰਕਲਪ ਦੀ ਝਲਕ ਸਾਫ-ਸਾਫ ਦਿਖਾਈ ਦਿੰਦੀ ਹੈ। ਇਸ ਕਵਿਤਾ ਵਿੱਚ ਉਨ੍ਹਾਂ ਨੇ ਦਲਿਤ ਸਮਾਜਿਕ ਨਾ ਬਰਾਬਰੀ, ਗੁਰਬਤ ਅਤੇ ਤਰਾਸਦੀ ਵਾਲੀ ਜ਼ਿੰਦਗੀ ਮੁਕਤ ਕਰਵਾਉਣ ਲਈ ਗੁਰੂ ਰਵਿਦਾਸ ਦੀ ਸਮਾਜਿਕ ਵਿਦਰੋਹ ਦੀ ਭਗਤੀ ਭਾਵ ਸ਼ੈਲੀ ਵਾਲੀ ਤਕਨੀਕ ਨੂੰ ਬਾਬਾ ਸਾਹਿਬ ਦੀ ਤਰਕਸ਼ੀਲ ਰਾਜਨੀਤਕ ਤੇ ਸਮਾਜਿਕ ਸੰਘਰਸ਼ ਦੀ ਸਿਧਾਂਤਕ ਅਤੇ ਯਥਾਰਥਕ ਸੋਚ ਨਾਲ ਮਿਲਾ ਕੇ ਇਕ ਸ਼ਕਤੀਸ਼ਾਲੀ ਦਲਿਤ ਬਾਣ ਵਜੋਂ ਪੇਸ਼ ਕੀਤਾ ਹੈ। ਅੱਜ ਦੇ ਸੰਦਰਭ ਵਿੱਚ ਜਿੱਥੇ ਗੁਰੂ ਰਵਿਦਾਸ ਅਤੇ ਡਾ. ਅੰਬੇਡਕਰ ਦੇ ਫਲਸਫੇ ਦੇ ਮਿਸ਼ਰਨ ਨੂੰ ਅਪਣਾ ਕੇ ਵੱਖ-ਵੱਖ ਤਰ੍ਹਾਂ ਦੀਆਂ ਦਲਿਤ ਧਾਰਾਵਾਂ ਉਭਰ ਰਹੀਆਂ ਹਨ, ਇਹ ਕਵਿਤਾ ਖ਼ਾਸ ਅਹਿਮੀਅਤ ਰੱਖਦੀ ਹੈ। ਇਹ ਕਵਿਤਾ ਅੰਬੇਡਕਰੀ ਅਤੇ ਰਵਿਦਾਸੀਆ ਸਮਾਜ ਵਿਚਕਾਰ ਪਏ ਹੋਏ ਫਾਸਲੇ ਨੂੰ ਮਿਟਾ ਕੇ ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਨੂੰ ਇਕ ਸੰਗਮ ਦੀ ਤਰ੍ਹਾਂ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਉਨ੍ਹਾਂ ਦੀ ਇਹ ਕਵਿਤਾ ਗੁਰੂ ਰਵਿਦਾਸ ਦੀਆ ਸਿੱਖਿਆਵਾਂ ਨੂੰ ਡਾ. ਅੰਬੇਡਕਰ ਦੇ ਮਿਸ਼ਨ ਦੀ ਨੀਂਹ ਦੇ ਤੌਰ ਤੇ ਪੇਸ਼ ਕਰਦੀ ਹੋਈ ਪੰਜਾਬੀ ਦਲਿਤ ਬਰਾਦਰੀ ਨੂੰ ਆਪਸੀ ਵਿਤਕਰੇ ਤੋਂ ਮੁਕਤ ਕਰਵਾਉਂਦੀ ਹੋਈ ਇਕ ਠੋਸ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਇਸ ਕਵਿਤਾ ਦਾ ਅਗਰ ਕੋਈ ਸੰਖੇਪ ਮਤਲਬ ਬਣਦਾ ਹੈ ਤਾਂ ਉਹ ਹੈ ਦਲਿਤ ਸਮਾਜ ਦੇ ਉਥਾਨ ਲਈ ਗੁਰੂ ਰਵਿਦਾਸ ਅਤੇ ਡਾ. ਅੰਬੇਡਕਰ ਦੇ ਮਿਸ਼ਨ ਨੂੰ ਮਿਲਾ ਕੇ ਕੋਈ ਸਾਂਝੀ ਰੂਪ-ਰੇਖਾ ਤਿਆਰ ਕਰਕੇ ਸਿਧਾਂਤਕ ਸੰਘਰਸ਼ ਦੀ ਸ਼ੁਰੂਆਤ ਕਰਨਾ ਜੋ ਸਮਾਜ ਵਿੱਚ ਜਾਤ-ਪਾਤੀ ਵਿਤਕਰੇ ਦੀ ਸੰਵਿਧਾਨਕ ਤਰੀਕਿਆਂ ਨਾਲ ਨਿਸ਼ਾਨਦੇਹੀ ਕਰਦੇ ਹੋਏ ਭਾਰਤ ਨੂੰ ਨਵੀਆਂ ਤੇ ਪਾਏਦਾਰ ਤਰੱਕੀਆਂ ਦੇ ਰਾਹ ਤੇ ਪਹੁੰਚਾਏ। ਉਨ੍ਹਾਂ ਦੀ ਇਹ ਕਵਿਤਾ ਇਸ ਤਰ੍ਹਾਂ ਹੈ:-

ਰਾਈ-ਦਾਣੇ ਨਾਲ ਪਰਬਤ ਨੂੰ ਉੜਾ ਸਕਦਾ ਹਾਂ ਮੈਂ।
ਸੈਂਕੜੇ ਜਵਾਲਾਮੁਖੀ ਝੋਲੀ 'ਚ ਪਾ ਸਕਦਾ ਹਾਂ ਮੈਂ।
ਮਾਰਦੇ ਲੱਛਾਂ ਸਮੁੰਦਰ ਚੀਘ ਲਾ ਕੇ ਪੀ ਲਵਾਂ।
ਬਿਫਰਾ ਏ ਤੂਫ਼ਾਨ ਮੁੱਠੀ ਵਿਚ ਦਬਾ ਸਕਦਾ ਹਾਂ ਮੈਂ।
--------
ਲੀਰ-ਲੀਰ ਆਸਾਂ ਦੇ ਦਾਮਨ ਨੂੰ ਮੈਂ ਸੀਂਦਾ ਹੀ ਰਿਹਾ।
ਅਰਸ਼ ਤੋਂ ਵੀ ਜੋ ਮੁੜੀ ਸੱਖਣੀ ਮੈਂ ਉਹ ਫ਼ਰਿਆਦ ਹਾਂ।
ਬੰਸ਼ 'ਚੋਂ ਰਵਿਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।
-------
ਕਤਰਾ-ਕਤਰਾ ਲਹੂ ਦਾ ਇਕ ਦਾਸਤਾਨ ਕਹਿੰਦਾ ਰਿਹਾ।
ਜਦ ਕਿਸੇ ਮਜ਼ਲੂਮ ਦੀ ਗਰਦਨ ਚੋਂ ਉਹ ਵਹਿੰਦਾ ਰਿਹਾ।
ਜ਼ਬਰਦਸਤੀ ਜਦ ਕਿਸੇ ਅਬਲਾ ਦੀ ਪੱਤ ਲੁੱਟੀ ਗਈ।
ਇਹ ਅਨੋਖੀ ਰੱਬ ਚੁੱਪ ਕਰਕੇ ਖੜ੍ਹਾ ਵਿੰਹਦਾ ਰਿਹਾ।
ਆਪਣਾ ਦਾਰੂ ਆਪ ਕਰਨੇ ਨੂੰ ਮੈਂ ਹੁਣ ਆਜ਼ਾਦ ਹਾਂ।
ਬੰਸ਼ 'ਚੋਂ ਰਵਿਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।
-------
ਹੱਥ ਜੋੜਨ ਦੀ ਬਜਾਏ ਹੱਥ ਵਿਚ ਹਥਿਆਰ ਲੈ।
ਏਕਤਾ ਦੀ ਢਾਂਗ ਲੈ ਤਾਲੀਮ ਦੀ ਤਲਵਾਰ ਲੈ।
ਭੇਡ ਦੀ ਦਿੰਦੇ ਬਲੀ, ਉੱਠ ਜਾਗ ਬੱਬਰ ਸ਼ੇਰ ਬਣ।
ਮੰਗ ਕੇ ਨਹੀਂ ਖੋਹ ਕੇ 'ਪ੍ਰੀਤਮ' ਆਪਣੇ ਅਧਿਕਾਰ ਲੈ।
ਆਉਣ ਵਾਲੀ ਹੈ ਜੋ ਪਰਲੋ ਉਸ ਦੀ ਮੈਂ ਬੁਨਿਆਦ ਹਾਂ।
ਬੰਸ਼ 'ਚੋਂ ਰਵਿਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਰਾਮਦਾਸਪੁਰੀ ਦਾ ਦਲਿਤ ਉਥਾਨ ਪ੍ਰਤੀ ਲਗਾਓ ਮਹਿਜ਼ ਕਾਵਿਕ ਹੀ ਨਹੀਂ ਸੀ ਉਹ ਜਥੇਬੰਦੀ ਦੇ ਤੌਰ ਤੇ ਵੀ ਇਸ ਮਿਸ਼ਨ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਉਹ ਰਿਪਬਲਿਕਨ ਪਾਰਟੀ ਦੇ ਕੁੱਲ ਹਿੰਦ ਮੋਰਚੇ ਸਮੇਂ ਲਾਹੌਰੀ ਰਾਮ ਬਾਲੀ ਨਾਲ 6 ਦਸੰਬਰ 1964 ਨੂੰ ਜਲੰਧਰ ਸ਼ਹਿਰ ਤੋਂ ਗ੍ਰਿਫਤਾਰ ਹੋ ਕੇ 70 ਦਿਨ ਜਲੰਧਰ ਜੇਲ੍ਹ ਵਿੱਚ ਬੰਦ ਰਹੇ। ਉਨ੍ਹਾਂ ਦੇ ਅੰਬੇਡਕਰ ਮਿਸ਼ਨ ਪ੍ਰਤੀ ਦ੍ਰਿੜਤਾ ਭਰੀ ਲਗਨ ਸਦਕਾ ਉਨ੍ਹਾਂ ਨੂੰ ਪੰਜਾਬੀ ਦਲਿਤ ਵਰਗ ਵਿੱਚ ਚੇਤਨਾ ਅਤੇ ਮੁਕਤੀ ਦੇ ਉਦਮਾਂ ਹਿੱਤ ਹਮੇਸ਼ਾ-ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ।

ਲੋਕ ਕਵੀ ਚਾਨਣ ਲਾਲ ਮਾਣਕ ਵੀ ਆਦਿ ਧਰਮ ਲਹਿਰ ਦੇ ਪ੍ਰਮੁੱਖ ਕਵੀਆਂ ਵਿੱਚੋਂ ਇਕ ਸਨ। ਉਨ੍ਹਾਂ ਦੀ ਕਵਿਤਾ ਵਿੱਚ ਦਲਿਤ ਚੇਤਨਾ, ਪਛਾਣ ਅਤੇ ਮੁਕਤੀ ਦੀ ਝਲਕ ਸਾਫ-ਸਾਫ ਪੈਂਦੀ ਦਿਖਾਈ ਦਿੰਦੀ ਹੈ। 'ਹੀਰੇ ਮਾਣਕ ਮੋਤੀ' ਉਨ੍ਹਾਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਉਨ੍ਹਾਂ ਦੀ ਕਵਿਤਾ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਦਾ ਕੇਂਦਰ ਮੱਧਕਾਲੀ ਭਗਤੀ ਲਹਿਰ ਦੇ ਸੰਤ ਕਵੀਆਂ ਨੂੰ ਬਣਾਇਆ। ਉਹ ਇਨ੍ਹਾਂ ਸੰਤ ਕਵੀਆਂ ਦੇ ਸਮਾਜਿਕ ਕ੍ਰਾਂਤੀ ਦੇ ਫਲਸਫ਼ੇ ਨੂੰ ਸਿੱਖ ਗੁਰੂ ਸਾਹਿਬਾਨ ਦੇ 'ਸਭੈ ਸਾਂਝੀਵਾਲ ਸਦਾਇਨ' ਦੇ ਫ਼ਲਸਫ਼ੇ ਨਾਲ ਰਲਾ ਕੇ ਦਲਿਤ ਮੁਕਤੀ ਦੇ ਮਾਰਗ ਦਰਸ਼ਕ ਦੇ ਤੌਰ ਤੇ ਕਾਵਿ-ਰਚਨਾ ਕਰਦੇ ਹਨ। ਉਨ੍ਹਾਂ ਨੇ ਆਪਣੀ ਕਵਿਤਾ ਵਿੱਚ ਬਾਬਾ ਸਾਹਿਬ ਦੀ ਬਹੁਪੱਖੀ ਅਤੇ ਆਲੋਚਨਾਤਮਕ ਵਿਚਾਰ ਵਿਧੀ ਦਾ ਕਾਵਿ-ਰੂਪਾਂਤਰਣ ਕੀਤਾ ਹੈ। ਪੇਸ਼ ਹਨ ਕੁਝ ਸਤਰਾਂ ਉਨ੍ਹਾਂ ਦੀ ਮਸ਼ਹੂਰ ਕਵਿਤਾ 'ਡਾ. ਅੰਬੇਡਕਰ ਜੀ' ਵਿਚੋਂ:

ਰਾਜਨੀਤੀ ਦੇ ਉਸ ਨੇ ਪਿੜ ਅੰਦਰ।
ਪਾਇਆ ਮਾਤ ਸੀ ਰਾਜਸੀ ਦਾਨਿਆਂ ਨੂੰ।
ਮਾਣ ਮੱਤਿਆਂ ਦੇ ਤਾਈਂ ਪਿਛਾਂਹ ਕਰਕੇ।
ਲਾਇਆ ਉਂਗਲੀ ਉਹਨੇ ਨਿਮਾਣਿਆਂ ਨੂੰ।
--------
ਉਹਦੀ ਲੇਖਣੀ ਚੰਡੀ ਦਾ ਰੂਪ ਬਣ ਕੇ।
ਖ਼ਤਮ ਕਰ ਗਈ ਫਿਰਕੂ ਜਰਵਾਣਿਆਂ ਨੂੰ।
-----
ਝੰਡਾ ਗੱਡ ਗ਼ਰੀਬਾਂ ਲਈ ਏਕਤਾ ਦਾ।
ਤੱਕਲਾ ਗੱਡ ਗਿਆ ਸੇਹ ਦਾ ਗੁਆਂਢੀਆਂ ਦੇ।

ਜਿਨ੍ਹਾਂ ਕੁਝ ਖ਼ਾਸ ਕਵੀਆਂ ਦਾ ਅਸੀਂ ਉਪਰੋਕਤ ਜ਼ਿਕਰ ਕੀਤਾ ਹੈ ਉਹ ਸਾਰੇ ਆਦਿ ਧਰਮ ਲਹਿਰ ਅਤੇ ਅੰਬੇਡਕਰੀ ਅੰਦੋਲਨ ਦੀ ਉਪਜ ਹਨ। ਆਦਿ ਧਰਮ ਲਹਿਰ ਬਾਰੇ ਲਿਖਦਿਆਂ ਡਾ. ਸਰਬਜੀਤ ਸਿੰਘ ਦੇ ਵਿਚਾਰ ਪ੍ਰਸੰਗਕ ਹਨ, "... ਇਹ ਲਹਿਰ ਪੰਜਾਬੀ ਸਮਾਜ ਅੰਦਰ ਪਹਿਲੀ ਵਾਰ ਦਲਿਤ ਮਨੁੱਖ ਦੀ ਹੋਂਦ ਪ੍ਰਤੀ ਚੇਤੰਨ ਹੁੰਦੀ ਹੈ। ਇਸ ਲਹਿਰ ਦੇ ਪ੍ਰਭਾਵ ਵਿਚੋਂ ਜਿਹੜੀ ਕਵਿਤਾ ਪੈਦਾ ਹੁੰਦੀ ਹੈ ਉਹ ਦਲਿਤ ਚੇਤਨਾ ਦੀ ਕਵਿਤਾ ਹੈ। ਮੇਰੀ ਜਾਚੇ ਪੰਜਾਬ ਵਿੱਚ ਦਲਿਤ ਚੇਤਨਾ ਦੀ ਕਵਿਤਾ ਦੀ ਨੀਂਹ ਉਸ ਸਮੇਂ ਹੀ ਰੱਖੀ ਜਾਂਦੀ ਹੈ ਜਦੋਂ ਦਲਿਤ ਰਾਜਨੀਤਕ ਤੌਰ 'ਤੇ ਜਥੇਬੰਦ ਹੋਣੇ ਆਰੰਭ ਹੁੰਦੇ ਹਨ ਅਤੇ ਆਪਣੀ ਜਥੇਬੰਦੀ ਦੇ ਸਰੋਕਾਰਾਂ ਨੂੰ ਕਾਵਿ ਰਾਹੀਂ ਸੰਚਾਲਨ ਦਾ ਯਤਨ ਕਰਦੇ ਹਨ"। ਉਨ੍ਹਾਂ ਅਨੁਸਾਰ ਆਦਿ ਧਰਮ ਲਹਿਰ ਨੇ ਦਲਿਤ ਮਨੁੱਖ ਅੰਦਰ ਸਵੈ-ਸਨਮਾਨ ਦੀ ਚਿਣਗ ਪੈਦਾ ਕਰਕੇ ਦਲਿਤ ਪਛਾਣ ਅਤੇ ਮੁਕਤੀ ਦੇ ਸਵਾਲ ਨੂੰ ਸੇਧ ਦਿੱਤੀ ਜਿਸ ਦੇ ਫਲਸਰੂਪ ਅਜਿਹੀ ਦਲਿਤ ਕਵਿਤਾ ਹੋਂਦ ਵਿੱਚ ਆਈ ਜੋ ਦਲਿਤ ਮੁਕਤੀ ਅਤੇ ਸ਼ਕਤੀਕਰਨ ਦਾ ਪੱਖ ਬਣੀ।

ਆਦਿ ਧਰਮ ਲਹਿਰ ਅਤੇ ਅੰਬੇਡਕਰੀ ਅੰਦੋਲਨ ਦੀ ਤਰ੍ਹਾਂ ਜਿਸ ਵੇਲੇ ਨਕਸਲਬਾੜੀ ਲਹਿਰ ਪੰਜਾਬ ਵਿੱਚ ਆਪਣੀ ਹੋਂਦ ਅਖ਼ਤਿਆਰ ਕਰਦੀ ਹੈ ਤਾਂ ਉਸ ਦੇ ਨਾਲ-ਨਾਲ ਦਲਿਤ ਸਮਾਜ ਨੂੰ ਦਰਪੇਸ਼ ਮਸਲਿਆਂ ਨੂੰ ਸਮਰਪਿਤ ਇਨਕਲਾਬੀ ਕਵਿਤਾ ਵੀ ਜਨਮ ਲੈਂਦੀ ਹੈ। ਇਹ ਕੋਈ ਸੰਜੋਗ ਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਵੀ ਕਿਸੇ ਲਹਿਰ ਦਾ ਉਦੈ ਹੁੰਦਾ ਹੈ ਤਾਂ ਉਸ ਦਾ ਤੁਆਰਫ਼ ਕਵਿਤਾ ਕਰਵਾਉਂਦੀ ਹੈ। ਗ਼ਦਰ ਲਹਿਰ ਨਾਲ ਜੁੜੇ ਤਕਰੀਬਨ ਸਾਰੇ ਹੀ ਸਿਰਕੱਢ ਕਾਰਕੁੰਨ ਕਵਿਤਾਵਾਂ ਲਿਖਦੇ ਰਹੇ ਹਨ। ਆਦਿ ਧਰਮ ਅਤੇ ਅੰਬੇਡਕਰੀ ਲਹਿਰ ਦੌਰਾਨ ਦਲਿਤ ਕਵਿਤਾ ਦਾ ਖੂਬ ਵਿਕਾਸ ਹੋਇਆ ਜਿਸ ਦੀ ਚਰਚਾ ਅਸੀਂ ਉਪਰ ਕਰ ਆਏ। ਪੰਜਾਬ ਦੀ ਨਕਸਲਬਾੜੀ ਲਹਿਰ ਦੌਰਾਨ ਜੋ ਕਵਿਤਾ ਜਨਮ ਲੈਂਦੀ ਹੈ ਉਸ ਵਿੱਚ ਆਰਥਿਕਤਾ ਨਾਲ ਜੁੜੇ ਹੋਏ ਮਜ਼ਦੂਰ ਅਤੇ ਕਿਸਾਨ ਦੇ ਸ਼ੋਸ਼ਣ ਦੀ ਭਰਵੀ ਚਰਚਾ ਹੁੰਦੀ ਹੈ। ਇਸ ਲਹਿਰ ਦੌਰਾਨ ਟਾਵੀਂ-ਟਾਵੀਂ ਕਵਿਤਾ ਜਾਤ ਨੂੰ ਸੰਬੋਧਿਤ ਹੁੰਦੇ ਹੋਏ ਵੀ ਲਿਖੀ ਜਾਂਦੀ ਰਹੀ ਹੈ। ਇਸ ਤਰ੍ਹਾਂ ਦੀ ਕਵਿਤਾ ਨਾਲ ਸੰਬੰਧਤ ਜੋ ਕੁਝ ਚੋਣਵੇਂ ਨਾਂ ਸਾਹਮਣੇ ਆਉਂਦੇ ਹਨ ਉਨ੍ਹਾਂ ਵਿੱਚ ਲਾਲ ਸਿੰਘ ਦਿਲ ਅਤੇ ਸੰਤ ਰਾਮ ਉਦਾਸੀ ਪ੍ਰਮੁੱਖ ਹਨ। ਲਾਲ ਸਿੰਘ ਦਿਲ ਦਾ ਇਨਕਲਾਬੀ ਹੋਣਾ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਉਸ ਦਾ ਆਪਣੀ ਸੋਚ ਨੂੰ ਪ੍ਰਗਟ ਕਰਨ ਲਈ ਕਵਿਤਾ ਦਾ ਰਾਹ ਚੁਣਨਾ।

(ਲੜੀਵਾਰ ਚਲਦਾ ਲੇਖ)

## ਪੁਸਤਕ ਸਮੀਖਿਆ

# ਦਿਮਾਗ ਦੇ ਜਾਲੇ ਸਾਫ ਕਰਨ ਵਾਲੀ ਵਿਗਿਆਨ ਦੀ ਪੁਸਤਕ




ਮਾਨਵ ਵਿਕਾਸ ਦੇ ਇਤਿਹਾਸਕਾਰਾਂ ਨੇ ਮਾਨਵੀ ਸੱਭਿਆਚਾਰ ਦੇ ਤਿੰਨ ਪੜਾਅ ਨਿਸ਼ਚਿਤ ਕੀਤੇ ਹਨ- ਜਾਦੂ, ਧਰਮ ਅਤੇ ਵਿ-ਗਆਨ ਦਾ ਯੁੱਗ। ਇਹ ਤਿੰਨੋ ਅੱਗੜ-ਪਿੱਛੜ ਵੀ ਹਨ ਅਤੇ ਸਮਵਿੱਥ ਵੀ। ਧਰਮ ਯੁੱਗ ਵਿਚ ਜਾਦੂ ਟੂਣਾ ਵੀ ਪ੍ਰਚੱਲਿਤ ਰਹਾ ਹੈ ਅਤੇ ਇਸੇ ਤਰ੍ਹਾਂ ਵਿਗਿਆਨ ਯੁੱਗ ਵਿਚ ਪਿਛਲੇ ਦੋਵੇਂ ਹੀ ਪ੍ਰਚੱਲਿਤ ਹਨ। ਤਿੰਨੋਂ ਇਕ ਦੂਜੇ ਦੇ ਵਿਰੋਧ ਵਿਚ ਵੀ ਹਨ, ਭਾਵੇਂ ਕਈ ਵਾਰੀ ਇਨ੍ਹਾਂ ਨੂੰ ਕਾਲਪਨਿਕ ਪੱਧਰ ਤੇ ਨੇੜੇ ਲਿਆਉਣ ਦੇ ਯਤਨ ਵੀ ਕੀਤੇ ਜਾਂਦੇ ਹਨ, ਪਰ ਵਿਗਿਆਨ ਕਦੇ ਪਹਿਲਿਆਂ ਨਾਲ ਸਹਿਮਤ ਨਹੀਂ ਹੁੰਦਾ। ਵਿਅਕਤੀਗਤ ਪੱਧਰ ਤੇ ਕੋਈ ਵਿਗਿਆਨੀ ਵੀ ਧਾਰਮਿਕ ਹੋ ਸਕਦਾ ਹੈ, ਪ੍ਰੰਤੂ ਵਿਗਿਆਨਕ ਸੋਚ ਇਸ ਨੂੰ ਮਨੁੱਖ ਦੇ ਵਿਰੋਧਾਭਾਸ ਵਜੋਂ ਲੈਂਦੀ ਹੈ। ਵਿਗਿਆਨ ਦਾ ਆਧਾਰ ਸਿਧਾਂਤ ਅਤੇ ਵਿਹਾਰ ਦੀ ਏਕਤਾ ਉਪਰ ਟਿਕਿਆ ਹੋਇਆ ਹੈ। ਜੇ ਪਾਣੀ ਦੀ ਬਣਤਰ ਐਚ2ਓ ਹੈ, ਤਾਂ ਤਜਰਬੇ ਨਾਲ ਸਿੱਧ ਕੀਤਾ ਜਾ ਸਕਦਾ ਹੈ ਕਿ ਇਹ ਬਣਤਰ ਸਹੀ ਹੈ। ਜੇ ਚੰਦਰਮਾ ਦੀ ਦੂਰੀ ਵਿਗਿਆਨੀ ਚਾਰ ਲੱਖ ਕਿਲੋਮੀਟਰ ਦੇ ਕਰੀਬ ਮੰਨਦੇ ਹਨ ਤਾਂ ਰਾਕੇਟ ਰਾਹੀਂ ਇਹ ਦੂਰੀ ਤੈਅ ਕਰਕੇ ਉਸ ਉਪਰ ਪਹੁੰਚਿਆ ਵੀ ਗਿਆ ਹੈ।

ਮਨੁੱਖ ਨੇ ਲਗਾਤਾਰ ਬੌਧਿਕ ਵਿਕਾਸ ਕੀਤਾ ਹੈ। ਇਕ ਪੜਾਅ ਤੇ ਉਹ ਬ੍ਰਹਿਮੰਡ ਨੂੰ ਦੇਖ ਕੇ ਅਤੇ ਉਸ ਦੇ ਤਾਰਿਆਂ ਨੂੰ ਦੇਖ ਕੇ ਕਲਪਨਾ ਰਾਹੀਂ ਕੋਈ ਖਾਸ ਨਾਂ ਦਿੰਦਾ ਹੈ, ਉਹਨਾਂ ਬਾਰੇ ਕਥਾ ਕਹਾਣੀਆਂ ਸਿਰਜਦਾ ਹੈ, ਪ੍ਰੰਤੂ ਵਿਗਿਆਨਕ ਯੰਤਰਾਂ ਦੇ ਵਿਕਾਸ ਨਾਲ ਉਹ ਕਥਾ ਕਹਾਣੀਆਂ ਦੇ ਨਾਮ ਤਾਂ ਉਹੀ ਰੱਖੇ ਜਾਂਦੇ ਹਨ, ਪਰ ਦੈਵੀ ਪਾਤਰ ਗਾਇਬ ਹੋ ਜਾਂਦੇ ਹਨ। ਪਰ ਇਸ ਤੋਂ ਮਾਨਵੀ ਵਿਕਾਸ ਦੀ ਪ੍ਰਕਿਰਿਆ ਸਮਝਣ ਵਿਚ ਮਦਦ ਮਿਲਦੀ ਹੈ।

ਸਤਵੰਤ ਕਲੋਟੀ ਦੀ ਹਥਲੀ ਪੁਸਤਕ ਵਿਚ ਜਿੱਥੇ ਇਕ ਪਾਸੇ ਬ੍ਰਹਿਮੰਡ ਬਾਰੇ ਹੁਣ ਤੱਕ ਦੀ ਸਮੁੱਚੀ ਖੋਜ ਰਾਹੀਂ ਬ੍ਰਹਿਮੰਡੀ ਦੁਨੀਆਂ ਦੀ ਵਿਸ਼ਾਲਤਾ ਦਾ ਅਹਿਸਾਸ ਹੁੰਦਾ ਹੈ, ਉਥੇ ਇਸ ਪ੍ਰਤੀ ਮੁੱਢਲੇ ਮਾਨਵ ਦੀ ਸੋਚ ਨੂੰ ਵੀ ਵਿਸਾਰਿਆ ਨਹੀਂ ਗਿਆ ਹੈ। ਓਰੀਆਨ ਨੂੰ ਸ਼ਿਕਾਰੀ ਰੂਪ ਵਿਚ ਕਲਪਿਆ ਗਿਆ ਤਾਂ ਸਪਤਰਿਸ਼ੀ ਨੂੰ ਉਰਸਾ ਮੇਜਰ, ਗਰੇਟ ਬੀਅਰ, ਬਿੱਗ ਡਿੱਪਰ, ਹਲ਼ ਜਾਂ ਦਫਨਾਉਣ ਦੀ ਕਿਰਿਆ ਨਾਲ ਜੋੜਿਆ ਗਿਆ। ਕਰਿਤਿਕਾ ਨੂੰ ਸੈਵਨ ਸਿਸਟਰਜ਼ ਜਾਂ ਘੁੱਗੀਆਂ ਕਲਪਿਤ ਕੀਤਾ ਗਿਆ। ਬ੍ਰਿਸਚਕ ਨੂੰ ਬਿੱਛੂ ਰੂਪ ਦਿੱਤਾ ਗਿਆ। ਬ੍ਰਹਿਮੰਡ ਬਾਰੇ ਲੋਕਧਾਰਾ ਵਿਚ ਬਹੁਤ ਕੁਝ ਕਾਲਪਨਿਕ ਕਥਾਵਾਂ ਦੇ ਰੂਪ ਵਿਚ ਸਾਨੂੰ ਉਪਲਬਧ ਹੈ। ਜਿਵੇਂ ਸ਼ੁਰੂ ਵਿਚ ਇਕ ਅੰਡਾ ਸੀ, ਉਹ ਟੁੱਟਦਾ ਹੈ ਤਾਂ ਉਸ ਦਾ ਉਪਰਲਾ ਹਿੱਸਾ ਆਕਸ਼ ਅਤੇ ਹੇਠਲਾ ਹਿੱਸਾ ਪਤਾਲ ਬਣ ਗਿਆ। ਪੀਲਾ ਹਿੱਸਾ ਧਰਤੀ ਬਣ ਗਈ ਅਤੇ ਰੇਸ਼ੇ ਨਦੀਆਂ ਨਾਲੇ।

ਬਾਈਬਲ ਵਿਚ ਛੇ ਦਿਨਾਂ ਵਿਚ ਦੁਨੀਆਂ ਦੀ ਸਿਰਜਣਾ ਹੋਈ ਅਤੇ ਸਤਵੇਂ ਦਿਨ (ਸੰਡੇ) ਰੱਬ ਨੇ ਆਰਾਮ ਕੀਤਾ। ਲੋਕ ਕਥਾ ਅਨੁਸਾਰ ਚੰਨ ਸੂਰਜ ਦੋਵੇਂ ਭਰਾ ਸਨ। ਚੰਨ ਠੰਢਾ, ਪਰ ਸੂਰਜ ਅੱਗ ਦੀ ਨਾਲ਼। ਦੋਵੇਂ ਬਿਮਾਰ ਮਾਂ ਨੂੰ ਘਰ ਛੱਡ ਕੇ ਨਿਉਂਦਾ ਖਾਣ ਗਏ। ਸੂਰਜ ਨੇ ਸਾਰਾ ਖਾ ਪੀ ਲਿਆ ਅਤੇ ਖਾਲੀ ਹੱਥ ਘਰ ਆ ਵੜਿਆ, ਪਰ ਚੰਦ ਨੇ ਖਾ ਪੀ ਕੇ ਮਾਂ ਲਈ ਵੀ ਲੈ ਆਂਦਾ। ਘਰ ਆ ਕੇ ਦੋਨਾਂ ਵਿਚ ਲੜਾਈ ਹੋਈ। ਮਾਂ ਨੇ ਸੂਰਜ ਨੂੰ ਝਿੜਕਿਆ, ਜਿਸ ਤੇ ਉਸ ਨੇ ਚੁੱਲ੍ਹੇ ਵਿਚ ਬਲਦੀ ਚੁਆਤੀ ਮਾਂ ਵੱਲ ਸੁੱਟੀ। ਮਾਂ ਦੇ ਮੰਜੇ ਨੂੰ ਅੱਗ ਲੱਗ ਗਈ, ਜਿਸ ਨੂੰ ਚੰਦ ਨੇ ਪਾਣੀ ਨਾਲ ਬੁਝਾਇਆ। ਮਾਂ ਨੇ ਸੂਰਜ ਨੂੰ ਸਰਾਪ ਦਿੱਤਾ ਕਿ ਉਹ ਹਮੇਸ਼ਾ ਤਪਦਾ ਰਹੇਗਾ ਅਤੇ ਚੰਦ ਨੂੰ ਵਰ ਦਿੱਤਾ ਕਿ ਉਹ ਹਮੇਸ਼ਾ ਠੰਡ ਵਰਤਾਏਗਾ। ਅੱਜ ਤੱਕ ਦੋਵੇਂ ਮਾਂ ਦਾ ਸਰਾਪ ਅਤੇ ਵਰ ਭੋਗ ਰਹੇ ਹਨ।

ਕਹਿੰਦੇ ਹਨ, ਸ਼ੁਰੂ ਵਿਚ ਤਾਰੇ ਜ਼ਮੀਨ ਦੇ ਬਹੁਤ ਨੇੜੇ ਹੁੰਦੇ ਸਨ। ਇਕ ਵਾਰ ਕਿਸੇ ਔਰਤ ਨੇ ਤਾਰੇ ਤੋੜ ਕੇ ਉਸ ਨਾਲ ਬੱਚੇ ਦਾ ਪਿੱਛਾ ਸਾਫ ਕਰ ਦਿੱਤਾ। ਉਸ ਦਿਨ ਤੋਂ ਤਾਰੇ ਸਾਥੋਂ ਦੂਰ ਹੋ ਗਏ। ਅਜਿਹੀਆਂ ਕਹਾਣੀਆਂ ਸਦੀਆਂ ਤੋਂ ਲੋਕ ਮਨਾਂ ਦਾ ਹਿੱਸਾ ਰਹੀਆਂ। ਅੱਜ ਮਨੁੱਖ ਆਪਣੀ ਇਸ ਕਲਪਨਾ ਉਪਰ ਹੱਸ ਛੱਡਦਾ ਹੈ। ਦੁਨੀਆਂ ਦੇ ਹਰ ਖ਼ਿੱਤੇ ਵਿਚ ਅਜਿਹੀਆਂ ਮਿੱਥਾਂ ਪ੍ਰਚੱਲਿਤ ਹਨ, ਜਿਹਨਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ।

ਮਨੁੱਖ ਕਹਾਣੀਆਂ ਘੜਦਾ ਵੀ ਹੈ ਅਤੇ ਉਹਨਾਂ ਉਪਰ ਅਵਿਸ਼ਵਾਸ ਵੀ ਕਰਦਾ ਹੈ। ਇਸੇ ਲਈ ਖੋਜ ਕਾਰਜ ਵੀ ਨਾਲੋ-ਨਾਲ ਤੁਰਦਾ ਜਾਂਦਾ ਹੈ। ਵਿਗਿਆਨਕ ਸੋਚ ਨੇ ਅੱਜ ਤੱਕ ਬ੍ਰਹਿਮੰਡ ਬਾਰੇ ਜੋ ਵੀ ਸੋਚਿਆ ਅਤੇ ਕੀਤਾ, ਉਸ ਸਭ ਕੁਝ ਦਾ ਲੇਖਾ-ਜੋਖਾ ਸਤਵੰਤ ਕਲੋਟੀ ਦੇ ਹਿੱਸੇ ਆਇਆ ਹੈ। ਕਲੋਟੀ ਨੇ ਵਿਗਿਆਨਕ ਜਾਣਕਾਰੀ, ਬ੍ਰਹਿਮੰਡ, ਗ੍ਰਹਿਆਂ ਆਦਿ ਦੀ ਉਤਪੱਤੀ, ਉਹਨਾਂ ਦਾ ਆਕਾਰ, ਪ੍ਰਕਾਰ, ਭਾਰ, ਦੂਰੀਆਂ, ਲੱਛਣ ਆਦਿ ਬੜੇ ਵਿਸਥਾਰ ਵਿਚ ਜਾ ਕੇ ਪੇਸ਼ ਕੀਤੇ ਹਨ ਜੋ ਮੇਰੇ ਵਰਗੇ ਆਮ ਪਾਠਕ ਨੂੰ ਹੈਰਾਨੀ ਵਿਚ ਡੁਬੋ ਜਾਂਦੇ ਹਨ। ਬ੍ਰਹਿਮੰਡ ਬਣਨ ਦੇ ਕਈ ਸਿਧਾਂਤਾਂ ਵਿਚੋਂ ਕਲੋਟੀ ਨੇ ਬਿੱਗ ਬੈਂਗ ਨੂੰ ਸਹੀ ਮੰਨਿਆ ਹੈ ਅਤੇ ਸੂਰਜੀ ਗ੍ਰਹਿਆਂ ਦੇ ਸਿਰਜਣ ਲਈ ਨੈਬੂਲਰ ਥਿਊਰੀ ਨੂੰ।

ਗਲੈਕਸੀਆਂ ਦੀ ਗਿਣਤੀ 100 ਤੋਂ 200 ਬਿਲੀਅਨ ਹੋ ਸਕਦੀ ਹੈ। ਬ੍ਰਹਿਮੰਡ ਦੀ ਸਿਰਜਣਾ ਕਰੀਬ 13.8 ਬਿਲੀਅਨ ਸਾਲ ਪਹਿਲਾਂ ਹੋਈ। ਆਕਾਸ਼ ਗੰਗਾ ਵਿਚ 200 ਤੋਂ 400 ਬਿਲੀਅਨ ਤਾਰੇ ਹਨ। ਆਕਾਸ਼ ਗੰਗਾ ਨੂੰ ਪੰਜਾਬ ਵਿਚ ਛੜਿਆਂ ਦਾ ਰਾਹ ਵੀ ਕਿਹਾ ਜਾਂਦਾ ਹੈ ਜਾਂ ਫਿਰ ਗੋ-ਧੂਲੀ। ਗਲੈਕਸੀਆਂ ਘੁੰਮਦੀਆਂ ਹਨ। ਸਤਵੰਤ ਕਲੋਟੀ ਨੇ ਮਿਲਕੀ ਵੇਅ, ਘਾਹ ਚੋਰ ਦਾ ਰਸਤਾ ਤੇ ਚਾਂਦੀ ਰੰਗੀ ਸੂਈ ਦੇ ਪਰਦੇ ਨਾਲ ਜੁੜੀਆਂ ਮਿੱਥਾਂ ਨੂੰ ਵਿਸਤਾਰਿਆ ਹੈ। ਇਸੇ ਤਰ੍ਹਾਂ ਇਕੱਲੇ-ਇਕੱਲੇ ਗ੍ਰਹਿਆਂ ਬਾਰੇ ਜਾਣਕਾਰੀ ਤੋਂ ਇਲਾਵਾ ਤਾਰਿਆਂ ਦੇ ਇਕੱਠਾਂ ਬਾਰੇ ਐਨੀ ਜਾਣਕਾਰੀ ਹੈ ਕਿ ਮੇਰੇ ਵਰਗੇ ਪਾਠਕ ਦਾ ਸਿਰ ਚਕਰਾ ਜਾਵੇ ਪਰ ਮੈਂ ਸਮਝਦਾ ਹਾਂ ਕਿ ਵਿਗਿਆਨ ਦੇ ਵਿਦਿਆਰਥੀ ਨੂੰ ਇਸ ਸਭ ਕੁਝ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਆਮ ਪਾਠਕ ਦੇ ਦਿਮਾਗ ਦੇ ਜਾਲੇ ਲਾਹੁਣ ਲਈ ਵੀ ਇਹ ਜਾਣਕਾਰੀਆਂ ਬਹੁਤ ਮੁੱਲਵਾਨ ਹਨ।



ਇਹਨਾਂ ਸਾਰੀਆਂ ਜਾਣਕਾਰੀਆਂ ਤੋਂ ਬਾਅਦ ਮੇਰਾ ਐਸਟ੍ਰੋਲੋਜੀ ਤੋਂ ਮਨ ਹੋਰ ਦੂਰ ਹੋਇਆ ਹੈ। ਗ੍ਰਹਿਆਂ ਦੇ ਸ਼ੁਭ-ਅਸ਼ੁਭ ਹੋਣ ਦਾ ਭਰਮ ਹੋਰ ਟੁੱਟਿਆ ਹੈ। ਵਿਗਿਆਨ ਤੇ ਵਿਗਿਆਨਕ ਸੋਚ ਵਿਚ ਵਿਸ਼ਵਾਸ ਹੋਰ ਪੱਕਾ ਹੋਇਆ ਹੈ।

ਹੁਣ ਤੱਕ ਪੰਜਾਬੀ ਵਿਚ ਸਾਇੰਸ ਦੀਆਂ ਪੁਸਤਕਾਂ ਦੇ ਅਨੁਵਾਦ ਤੱਕ ਉਪਲਬਧ ਨਹੀਂ। ਸਤਵੰਤ ਕਲੋਟੀ ਦੀ ਸ਼ਾਇਦ ਸਾਇੰਸ ਦੇ ਖੇਤਰ ਵਿਚ ਇਹ ਪੰਜਾਬੀ ਵਿਚ ਪਹਿਲੀ ਮੌਲਿਕ ਪੁਸਤਕ ਹੈ ਜਿਸ ਨੂੰ ਪੜ੍ਹ ਕੇ ਵਿਗਿਆਨ ਵਿਚ ਰੁਚੀ ਹੋਰ ਵਧੇਗੀ ਅਤੇ ਵਿਗਿਆਨ ਬਾਰੇ ਮੌਲਿਕ ਲਿਖਣ ਦੀ ਪਿਰਤ ਵੀ ਪੈ ਸਕੇਗੀ, ਅਜਿਹਾ ਮੇਰਾ ਵਿਸ਼ਵਾਸ ਹੈ। ਇਨ੍ਹਾਂ ਕਾਰਨਾਂ ਕਰਕੇ ਮੈਂ ਇਸ ਪੁਸਤਕ ਨੂੰ ਦਿਲੋਂ ਜੀ ਆਇਆਂ ਆਖਦਾ ਹਾਂ ਅਤੇ ਸਤਵੰਤ ਕਲੋਟੀ ਨੂੰ ਮੁਬਾਰਕਬਾਦ ਦਿੰਦਾ ਹਾਂ।

**- ਡਾ. ਕਰਮਜੀਤ ਸਿੰਘ**
**ਸਾਬਕਾ ਪ੍ਰੋਫੈਸਰ ਅਤੇ ਚੇਅਰਮੈਨ**
**ਪੰਜਾਬ ਵਿਭਾਗ**
**ਕੁਰੂਕਸ਼ੇਤਰ ਯੂਨੀਵਰਸਿਟੀ**

# ਸੜਕ ਰੰਗ ਤਸਵੀਰਾਂ




**ਸ਼ਾਇਰ: ਪ੍ਰਮਿੰਦਰ ਸਿੰਘ ਪ੍ਰਵਾਨਾ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**
**ਸਫੇ 104**

'ਸੜਕ ਰੰਗ ਤਸਵੀਰਾਂ' ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਉਸ ਦੀਆਂ ਇਕੱਹਤਰ ਕਾਵਿ ਰਚਨਾਵਾਂ ਸੰਕਲਿਤ ਹਨ। ਪ੍ਰਵਾਨਾ ਕਈ ਵਰ੍ਹਿਆਂ ਤੋਂ ਪ੍ਰਵਾਸ ਹੰਢਾ ਰਿਹਾ ਹੈ ਅਤੇ ਉਹ ਅਮਰੀਕਾ ਵਿਚ ਕਈ ਸਾਹਿਤ ਸਭਾਵਾਂ ਤੇ ਸੱਭਿਆਚਾਰ ਸੰਸਥਾਵਾਂ ਨਾਲ ਜੁੜਿਆ ਰਿਹਾ ਹੈ। ਇਸੇ ਕਾਰਨ ਉਸ ਦੀ ਕਲਮ ਨੂੰ ਉਤਸ਼ਾਹ ਮਿਲਦਾ ਰਿਹਾ ਹੈ ਤੇ ਇਹ ਪੁਸਤਕ ਹੋਂਦ ਵਿਚ ਆਈ ਹੈ। 'ਸੜਕ ਰੰਗ ਤਸਵੀਰਾਂ' ਵਿਚ ਬਹੁਤੀਆਂ ਰਚਨਾਵਾਂ ਖੁੱਲ੍ਹੀਆਂ ਹਨ ਅਤੇ ਕੁਝ ਇਕ ਹੀ ਛੰਦਬੰਦ ਹਨ। ਉਸ ਨੇ ਇਸ ਪੁਸਤਕ ਨੂੰ ਸਦਾ ਲਈ ਵਿੱਛੜ ਚੁੱਕੀ ਆਪਣੀ ਬੇਟੀ ਗਿੰਨੀ ਦੇ ਨਾਮ ਕੀਤਾ ਹੈ। ਸ਼ਾਇਰ ਜ਼ਿੰਦਗੀ ਦੀਆਂ ਤਲਖੀਆਂ ਤੋਂ ਪ੍ਰਭਾਵਿਤ ਹੈ ਪਰ ਫਿਰ ਵੀ ਉਸ ਦੀ ਕਲਮ ਨਵੇਂ ਸੁਪਨਿਆਂ ਦੀ ਤਲਾਸ਼ ਵਿਚ ਰਹਿੰਦੀ ਹੈ। ਉਸ ਲਈ ਹਰ ਮੌਸਮ ਬਹਾਰ ਦਾ ਮੌਸਮ ਹੈ, ਜਿਸ ਵਿਚ ਉਹ ਨਵੇਂ ਨਵੇਂ ਰੰਗ ਭਰਨੇ ਚਾਹੁੰਦਾ ਹੈ। 'ਚੌਰਾਹੇ ਦੀ ਬੱਤੀ' ਇਸ ਪੁਸਤਕ ਦੀ ਹਾਸਲ ਕਵਿਤਾ ਹੈ ਜਿਸ ਵਿਚ ਸ਼ਾਇਰ ਦੱਸਦਾ ਹੈ ਕਿ ਇਹ ਬੱਤੀ ਸਾਰੀ ਰਾਤ ਜਗਦਿਆਂ ਕੀ ਕੁਝ ਦੇਖਦੀ ਹੈ ਤੇ ਹੰਢਾਉਂਦੀ ਹੈ। 'ਜ਼ਿੰਦਗੀ ਦਾ ਗੀਤ' ਕਵਿਤਾ ਵਿਚ ਉਹ ਆਪਣੇ ਆਪ ਨੂੰ ਖੁਦ ਹੀ ਹੌਸਲਾ ਦਿੰਦਾ ਹੈ ਤੇ ਉਹ ਆਪਣੇ ਆਪ ਨੂੰ ਉਦਾਸੀ ਵਿਚ ਵੀ ਖੁਸ਼ ਰਹਿਣ ਦੀ ਨਸੀਹਤ ਦਿੰਦਾ ਹੈ। ਉਡਦੇ ਪੰਛੀਆਂ ਨੂੰ ਦੇਖ ਕੇ ਉਸ ਦਾ ਮਨ ਉਡੂੰ-ਉਡੂੰ ਕਰਦਾ ਹੈ ਤੇ ਉਹ ਸਰਹੱਦਾਂ ਦੇ ਪਾਰ ਜਾਣਾ ਲੋਚਦਾ ਹੈ। ਕਿਤੇ-ਕਿਤੇ ਉਸ ਨੂੰ ਆਪਣੀ ਮਿੱਟੀ ਦੀ ਮਹਿਕ ਵੀ ਯਾਦ ਆਉਂਦੀ ਹੈ, ਪਰ ਉਹ ਇਸ ਤੋਂ ਦੂਰ ਰਹਿਣ ਲਈ ਮਜਬੂਰ ਹੈ। ਪੁਸਤਕ ਵਿਚ ਸ਼ਾਇਰ ਸਬੰਧੀ ਡੇਢ ਦਰਜਨ ਤੋਂ ਉਪਰ ਚਿੰਤਕਾਂ ਦੇ ਵਿਚਾਰ ਵੀ ਛਾਪੇ ਗਏ ਹਨ।

**-ਗੁਰਦਿਆਲ ਰੌਸ਼ਨ**
**ਮਾਰਫਤ**
**ਪ੍ਰਮਿੰਦਰ ਸਿੰਘ ਪ੍ਰਵਾਨਾ**
**510-781-0487**

# ਬਹੁ ਪੱਖੀ ਸ਼ਖਸੀਅਤ - ਡਾ. ਪੰਨਾ ਲਾਲ ਮੁਸਤਫ਼ਾਬਾਦੀ



**ਪ੍ਰੀਤਮ ਲੁਧਿਆਣਵੀ**
**9876428641**

ਵਧੀਆ ਲੇਖਕ, ਉਸਾਰੂ ਕਿਸਮ ਦਾ ਅਲੋਚਕ, ਰਾਸ਼ਟਰੀ ਪੱਧਰ ਦਾ ਤੇਜ-ਤਰਾਰ ਪਹਿਲਵਾਨ, ਸਮਾਜ-ਸੇਵਕ ਅਤੇ ਸਰੀਰਕ ਸਿਖਿਆ ਲ਼ੈਕਚਰਾਰ, ਡਾ. ਪੰਨਾ ਲਾਲ ਮੁਸਤਫ਼ਾਬਾਦੀ ਦਾ ਨਾਂਉ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀ। ਆਪਣੇ ਅਧਿਆਪਨ ਸੰਦਰਭ ਦੁਆਰਾ ਸਰੀਰਕ ਸਿਖਿਆ ਵਿਸ਼ੇ ਦਾ ਅਧੁਨਿਕ ਤਰੀਕੇ ਨਾਲ ਅਧਿਐਨ ਕਰਕੇ, ਵਿਭਿਨ ਖੇਡ ਮੁਕਾਬਲਿਆਂ ਵਿਚ ਤਜਰਬੇ ਕਰਕੇ ਉਸ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਵਧੀਆ ਨਤੀਜੇ ਪਰਾਪਤ ਕੀਤੇ ਹਨ।

ਪੰਜਾਬ ਦੇ ਜ਼ਿਲਾ ਗੁਰਦਾਸਪੁਰ ਦੇ ਪਿੰਡ ਮੁਸਤਫ਼ਾਬਾਦ ਜੱਟਾਂ ਵਿਚ ਸ਼੍ਰੀ ਬੂਆ ਦਿੱਤਾ (ਪਿਤਾ)ਅਤੇ ਸ਼੍ਰੀਮਤੀ ਗੋਦਾਵਰੀ ਦੇਵੀ (ਮਾਤਾ) ਦੇ ਘਰ 22k9k1958 ਨੂੰ ਜਨਮੇ ਡਾ. ਪੰਨਾ ਲਾਲ ਵੱਲੋ ਕਲਾ, ਸਾਹਿਤ, ਪੰਜਾਬੀ ਮਾਂ-ਬੋਲੀ ਅਤੇ ਸਮਾਜ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਐਵਾਰਡਾਂ ਅਤੇ ਮਾਨ-ਮੱਤੇ ਸਨਮਾਨਾਂ ਦੀ ਲੜੀ ਵਿਚ ਉਨਾਂ ਨੂੰ ਸਿਖਿਆ ਵਿਭਾਗ ਚੰਡੀਗੜ ਵੱਲੋ 'ਰਾਜ-ਪੁਰਸਕਾਰ', ਯੂ.ਕੇ ਇੰਗਲੈਡ (ਸਿਖ ਯੂਥ) ਵਲੋਂ 'ਸ਼ਹੀਦ ਭਗਤ ਸਿੰਘ ਡਾਇਮੰਡ ਜੁਬਲੀ ਅਵਾਰਡ', ਇੰਡੀਅਨ ਬੋਰਡ (ਏ.ਐਮ.) ਕੋਲਕਾਤਾ ਵੱਲੋ 'ਸ਼ਰੋਮਣੀ ਅਵਾਰਡ', ਭਾਰਤੀ ਦਲਿਤ ਸਾਹਿਤ ਅਕਦਮੀ ਨਵੀ ਦਿੱਲੀ ਵੱਲੋਂ 'ਡਾ. ਅੰਬੇਡਕਰ ਗੋਲਡ ਮੈਡਲ ਅਤੇ ਫੈਲੋਸ਼ਿਪ ਅਵਾਰਡ', ਹਰਿਆਣਾ ਦਲਿਤ ਸਾਹਿਤ ਅਕਾਦਮੀ ਵੱਲੋਂ 'ਭਾਰਤੀਯ ਦਲਿਤ ਗੌਰਵ ਸਨਮਾਨ', ਰਾਜਸਥਾਨ ਸਾਹਿਤ ਅਕਾਦਮੀ ਵੱਲੋ 'ਸ਼ਰੋਮਣੀ ਦਲਿਤ ਸਾਹਿਤਕਾਰ', ਨਾਥ ਭਗਤੀ ਯੋਗ ਮੰਡਲ ਰਜਿ. ਚੰਡੀਗੜ ਵੱਲੋ 'ਅੰਤਰ ਰਾਸ਼ਟਰੀ ਏਕਤਾ ਅਤੇ ਸ਼ਾਂਤੀ ਵਿਚਾਰਕ ਪੁਰਸਕਾਰ' ਆਦਿ ਅਨੇਕਾਂ ਸੰਸਥਾਵਾਂ ਵੱਲੋ ਮਾਨ-ਸਨਮਾਨ ਮਿਲ ਚੁਕੇ ਹਨ।

ਮੁਸਤਫ਼ਾਬਾਦੀ ਨੇ ਸਰਕਾਰੀ ਮਿਡਲ ਸਕੂਲ ਬਾਬੇਹਾਲੀ, ਡੀ. ਏ. ਵੀ. ਸਕੂਲ ਗੁਰਦਾਸਪੁਰ, ਸਪੋਰਟਸ ਸਕੂਲ ਜਲੰਧਰ, ਸਰਕਾਰੀ ਕਾਲਜ ਗੁਰਦਾਸਪੁਰ, ਸ.ਸ.ਮ. ਕਾਲਜ ਦੀਨਾ ਨਗਰ, ਖ਼ਾਲਸਾ ਕਾਲਜ ਸਿਰੀ ਅੰਮ੍ਰਿਤਸਰ ਸਾਹਿਬ ਅਤੇ ਸਰੀਰਕ ਸਿਖਿਆ ਕਾਲਜ ਪਟਿਆਲਾ ਅਤੇ ਐਨ.ਆਈ. ਐਸ. ਪਟਿਆਲਾ ਵਰਗੇ ਅਦਾਰਿਆਂ ਤੋ ਬੀ. ਏ. ,ਐਮ. ਏ. ਪੰਜਾਬੀ, ਡੀ. ਪੀ. ਐਡ. , ਐਮ.ਪੀ.ਐਡ ਦੀ ਪੜਾਈ ਅਤੇ ਕੁਸ਼ਤੀ ਕੋਚ ਦੀ ਸਿਖਲਾਈ ਸਮੇਤ ਵੈਦ ਵਿਸ਼ਾਰਦ, ਆਰ. ਐਮ. ਪੀ, ਡਿਪਲੋਮਾ ਇਨ ਨੈਚਰੋਪੈਥੀ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋ ਬੜੇ ਮਾਣ-ਸਤਿਕਾਰ ਨਾਲ ਤਿਨ ਸਾਲਾ ਪੱਤਰ-ਵਿਹਾਰ ਕੋਰਸ ਵੀ ਅਵਲ ਦਰਜੇ ਵਿਚ ਸਿਰੇ ਚੜਾਇਆ। ਇਸ ਸਭ ਕੁਝ ਨੂੰ ਅਕਾਲ ਪੁਰਖ ਤੋਂ ਮਿਲੀ ਬਖ਼ਸ਼ਿਸ ਅਤੇ ਬਜੁਰਗਾਂ ਦਾ ਅਸ਼ੀਰਵਾਦ ਸਮਝਦਿਆਂ ਹੋਇਆਂ ਆਪ ਨੇ ਆਪਣੇ-ਆਪ ਨੂੰ ਲੋਕ-ਸੇਵਾ ਅਤੇ ਨਿਮਾਣੇ ਨਿਤਾਣੇ ਤੇ ਲੋੜਵੰਦ ਵਿਦਿਆਰਥੀਆਂ ਦੇ ਜੀਵਨ ਸੁਧਾਰਨ ਵਿਚ ਹੀ ਲਗਾ ਕੇ ਜੀਵਨ ਨੁਹਾਰ ਬਣਾਈ ਹੈ। ਆਪ ਨੇ ਕਈ ਗ਼ਰੀਬ ਬੱਚਿਆਂ ਨੂੰ ਆਕਿਊਪਰੈਸ਼ਰ ਵਰਗੀ ਸਿਖਲਾਈ ਦੇ ਕੇ ਜਿਥੇ ਰੋਟੀ-ਰੋਜ਼ੀ ਦੇ ਕਾਬਿਲ ਬਣਾਇਆ, ਉਥੇ ਬੇਰੋਜ਼ਗਾਰੀ ਦੇ ਸਹਿਮ ਨੂੰ ਵੀ ਨੱਥ ਪਾਈ ਅਤੇ ਗ਼ਰੀਬਾਂ ਦਾ ਬਿਨਾ ਦਵਾਈਆਂ ਦੇ ਇਲਾਜ਼ ਕਰਕੇ ਉਹਨਾਂ ਤੋ ਅਸੀਸਾਂ ਦੇ ਭਰਪੂਰ ਪਰਾਗੇ ਵੀ ਆਪਣੀ ਝੋਲੀ ਵਿਚ ਪੁਆਏ।



ਪੰਜਾਬੀ ਸਾਹਿਤ ਦੇ ਖੇਤਰ ਵਿਚ ਡਾ.ਪੰਨਾ ਲਾਲ ਨੇ 'ਜਨ-ਸਾਹਿਤ', 'ਪੰਜਾਬੀ ਦੁਨੀਆ', 'ਹਿੰਦੀ ਸੌਰਵ', 'ਜਾਗਰਤੀ', 'ਆਰਸੀ', 'ਤਸਵੀਰ' 'ਜੀਵਨ ਪਰੀਤੀ', 'ਸੋਚ ਦੀ ਸ਼ਕਤੀ' 'ਸਾਹਿਬ' ਅਤੇ ਪੰਜਾਬੀ ਅੰਤਰ ਰਾਸ਼ਟਰੀ (ਯੂ. ਕੇ.) ਆਦਿ ਅਨੇਕਾਂ ਮੈਗ਼ਜ਼ੀਨਾਂ-ਅਖ਼ਬਾਰਾਂ ਵਿਚ ਕਵਿਤਾਵਾ, ਖ਼ੋਜ-ਪੱਤਰਾਂ, ਪੁਸਤਕਾਂ-ਕੈਸਿਡਾਂ ਦੀ ਸਮਿਖਿਆ ਅਤੇ ਨਿਬੰਧਾਂ ਸਮੇਤ ਨਿੱਠ ਕੇ ਯੋਗਦਾਨ ਪਾਇਆ ਹੈ। ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.), ਸਾਹਿਬ ਸ਼ਬਦ ਯੱਗ ਬਰਮਿੰਘਮ (ਯੂ. ਕੇ.),ਪੰਜਾਬੀ ਕਵੀ ਮੰਡਲ (ਰਜਿ.) ਚੰਡੀਗੜ, ਕਵਿਤਾ ਕੇਂਦਰ ਚੰਡੀਗੜ (ਰਜਿ.), ਨੰਦ ਲਾਲ ਨੂਰਪੁਰੀ ਸਾਹਿਤ ਸਭਾ (ਰਜਿ.) ਅਤੇ ਅਕੈਡਮੀ ਆਫ ਨੈਸ਼ਨਲ ਲਿਟਰੇਚਰ ਐਂਡ ਕਲਚਰ (ਰਜਿ.) ਇਡੀਆ ਨਾਲ ਸਾਂਝ ਪਾ ਕੇ ਤੀਹ ਤੋਂ ਵੀ ਉਪਰ ਸਾਝੀਆਂ ਪੁਸਤਕਾਂ ਉਸ ਨੇ ਸਾਹਿਤ ਨੂੰ ਦਿਤੀਆਂ। "ਮਿੱਠੀਆਂ ਗਲਾਂ ਨੇਕ ਸਲਾਹਾਂ" ਨਾਮ ਦੀ ਉਸ ਦੀ ਮੌਲਿਕ ਬਾਲ ਕਾਵਿ-ਪੁਸਤਕ ਕਾਫੀ ਸਲਾਹੀ ਹੈ, ਪਾਠਕਾਂ ਨੇ। ਉਰਦੂ ਸ਼ਾਇਰ ਸੀ. ਆਰ. ਵਰਮਾਂ ਹਮਦਮ ਦੀਆਂ ਚੋਣਵੀਆਂ ਕਵਿਤਾਵਾਂ ਦੀਆਂ ਦੋ ਕਾਵਿ-ਪੁਸਤਕਾਂ ਅਤੇ ਰਾਜ ਜ਼ਖ਼ਮੀ ਦੇ ਪੰਜ ਕਾਵਿ-ਸੰਗ੍ਰਹਿ ਸੰਪਾਦਤ ਕਰਨ ਦੇ ਨਾਲ-ਨਾਲ "ਰਾਮਾਇਣ ਕਾਲੀਨ ਭਾਰਤੀਯ ਸੰਸਕ੍ਰਿਤੀ" ਕਰਤਾ ਡਾ. ਨਾਨੂੰ ਰਾਮ ਵਿਆਸ ਜੀ (ਪੀ. ਐਚ. ਡੀ ) ਦੇ ਥੀਸਿਸ ਦਾ ਪੰਜਾਬੀ ਤਰਜਮਾ, ਆਪ ਜੀ ਵੱਲੋਂ ਕੀਤੇ ਗਏ ਕੰਮਾਂ ਵਿਚ ਨਿਵੇਕਲਾ ਰੁਤਬਾ ਰਖਦਾ ਹੈ। ਇਸੇ ਲੜੀ ਵਿਚ ਹੀ ਸਤਿਗੁਰੂ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ, ਸੱਤਾ-ਬਲਵੰਡ ਸਾਹਿਬਨ ਸਮੇਤ ਸਿਰੀ ਬਚਿਤੱਰ ਨਾਟਕ ਬਾਰੇ ਲਿਖੇ ਗਏ ਸ਼ੋਧ-ਪੱਤਰ ਆਪ ਜੀ ਦੀ ਸਾਹਿਤ- ਸੇਵਾ ਦਾ ਮਾਣਯੋਗ ਸਿਖਰ ਕਹੇ ਜਾ ਸਕਦੇ ਹਨ। ਇਵੇ ਹੀ ਨਰੋਈ ਸਿਹਤ, ਉਭਰਦੇ ਖ਼ਿਡਾਰੀਆਂ ਅਤੇ ਸਾਹਿਤਕਾਰਾਂ ਦੇ ਅਨੇਕਾਂ ਫ਼ੀਚਰ ਅਦਿ ਛਪਵਾਏ ਗਏ ਹਨ।

ਆਪ ਜੀ, ਬਾਬਾ ਸ਼ਿਰੀ ਚੰਦ ਸਪੋਟਸ ਕਲੱਬ ਰਜਿ. ਚੰਡੀਗੜ ਅਤੇ ਅਕਾਦਮੀ ਆਫ਼ ਨੈਸ਼ਨਲ ਲਿਟਰੇਚਰ ਐਂਡ ਕਲਚਰ ਰਜਿ ਇੰਡੀਆ (ਦੋਨਾ) ਲਈ ਬਤੌਰ ਸਕੱਤਰ ਜਨਰਲ ਸੇਵਾਵਾਂ ਵੀ ਨਿਭਾਅ ਰਹੇ ਹਨ ਅਤੇ ਹੋਰ ਵੀ ਉਚੇਰੇ ਅਤੇ ਵਿਲੱਖਣ ਕਿਸਮ ਦੀਆਂ ਸਾਹਿਤਕ ਖ਼ੋਜਾਂ ਵਿਚ ਜੁਟੇ ਹੋਏ ਹਨ। ਜਿਵੇਂ "ਫ਼ਿਜ਼ੀਆਲੋਜੀਕਲ ਆਸਪੈਕਟਸ ਆਫ਼ ਕੰਸੰਨਟਰੇਸ਼ਨ ਐਂਡ ਇਟਸ ਫ਼ਾਲੋਅਪਸ" ਅਤੇ "ਨਾਥ ਸੰਪਰਦਾਯ ਇਟਸ ਉਰਿਜ਼ਨ, ਡਿਵੈਲਪਟ ਐਂਡ ਕੰਟਰੀਬਿਊਸ਼ਨ ਟੂ ਹਿਯੂਮੈਨਿਟੀ" ਆਦਿ ਵਿਸ਼ੇਸ ਉਤਸੁਕਤਾ ਭਰਪੂਰ ਹਨ ਜਿਨਾਂ ਬਾਰੇ ਫ਼ਿਰ ਵਿਦੇਸ਼ੀ ਦੌਰੇ ਅਤੇ ਸੈਮੀਨਾਰ ਤੇ ਕਾਨੋਕੇਸ਼ਨਜ ਆਦਿ ਦੇ ਸਿਲਸਲੇ ਵਗੈਰਾ ਰਾਹੀ ਇਸ ਬਹੁ-ਪੱਖੀ ਸਖ਼ਸ਼ੀਅਤ ਨੂੰ ਆਪਣਾ ਵਿਅਕਤੀਤਵ ਹੋਰ ਵੀ ਚੰਗੇ ਨਾਗਰਿਕ ਵਾਲਾ ਨਿਖਾਰਨ ਦਾ ਮੌਕਾ ਮਿਲ ਸਕੇਗਾ। ਦੇਸ਼, ਕੌਮ, ਸਾਹਿਤ ਅਤੇ ਸਮਾਜ ਨੂੰ ਡਾ. ਮੁਸਤਫ਼ਾਬਾਦੀ ਉਪਰ ਮਾਣ ਵੀ ਹੈ ਅਤੇ ਮਾਨਵੀਯ ਸੇਵਾਵਾਂ ਦੀਆਂ ਹੋਰ ਉਚੇਰੀਆਂ ਆਸਾਂ ਵੀ। ਮਾਲਿਕ ਇਸ ਸਖ਼ਸ਼ੀਅਤ ਨੂੰ ਹੋਰ ਵੀ ਤੌਫ਼ੀਕ ਦੇਵੇ! ਆਮੀਨ!

# ਨਹੀਓਂ ਲੱਭਣੇ ਲਾਲ ਗੁਆਚੇ...

## ਦਿੱਲੀ 1984 — ਇਤਿਹਾਸਿਕ ਵਿਸ਼ਵਾਸਘਾਤ !



ਐਸ ਬਲਵੰਤ
44-745-021-1512

**(ਚੌਥੀ ਕਿਸਤ)**

ਬਾਹਰ ਪਾਰਕਾਂ 'ਚ ਮੰਜੀਆਂ ਡਾਹ ਕੇ ਕਈ ਥਾਈਂ ਸਿੱਖ ਤੇ ਹਿੰਦੂ ਇਕੱਠੇ ਤਾਸ਼ ਖੇਡ ਰਹੇ ਸਨ। ਕੁਝ ਬੱਚੇ ਕ੍ਰਿਕਟ ਖ਼ੇਲ੍ਹ ਰਹੇ ਸਨ। ਜਦੋਂ ਨੂਰ ਹੁਰਾਂ ਦੇ ਘਰ ਪਹੁੰਚੇ ਤਾਂ ਰਾਣੀ ਭਾਬੀ ਮੈਨੂੰ ਦੇ ਕੇ ਖੁਸ ਹੋਈ। ਨੂਰ ਸਾਹਿਬ ਹਮੇਸ਼ਾਂ ਵਾਂਗ ਕਿਤਾਬ ਪੜ੍ਹਨ 'ਚ ਰੁੱਝੇ ਹੋਏ ਸਨ। ਸਾਨੂੰ ਦੇਖਦਿਆ ਹੀ ਕਿਤਾਬ ਰੱਖ ਸਾਡੇ ਨਾਲ ਗੱਲੀਂ ਪੈ ਗਏ। ਭਾਬੀ ਜ਼ਿੱਦ ਕਰਨ ਲੱਗੀ ਕਿ ਬੱਚਿਆਂ ਨੂੰ ਲੈ ਕੇ ਉਨ੍ਹਾਂ ਕੋਲ ਆ ਜਾਵਾਂ। ਮੇਰਾ ਦਿਲ ਵੀ ਕੀਤਾ ਪਰ ਸ਼ਰਮਾ ਜੀ ਉਥੇ ਵੀ ਨਾ ਮੰਨੇ। ...ਨੂਰ ਸਾਹਿਬ ਦੱਸ ਰਹੇ ਸਨ ਕਿ ਦਿੱਲੀ ਭਰ ਦੇ ਫੋਨ ਬਲਾਕ ਕਰ ਦਿੱਤੇ ਗਏ ਹਨ। ਇਹ ਵੀ ਦੱਸ ਰਹੇ ਸੀ ਕਿ ਅਫਵਾਹਾਂ ਦਾ ਤਾਂਤਾ ਲਗੀ ਜਾ ਰਿਹਾ। ਹੁਣੇ ਹੁਣ ਭੂਸ਼ਨ ਦੱਸ ਕੇ ਗਿਆ ਕਿ ਕਮਲਾ ਨਗਰ ਵਿਚ ਰੌਲਾ ਹੈ ਕਿ ਪੰਜਾਬ ਤੋਂ ਹਿੰਦੂਆਂ ਦੀਆਂ ਲਾਸ਼ਾਂ ਦੀ ਗੱਡੀ ਭਰ ਕੇ ਨਵੀਂ ਦਿੱਲੀ ਸਟੇਸ਼ਨ 'ਤੇ ਆਈ ਹੈ... ਪੰਜਾਬ ਤੋਂ ਸਿੱਖਾਂ ਨੇ ਨਾਲ ਸੁਨੇਹਾ ਭੇਜਿਆ ਕਿ ਜੇ ਸਿੱਖਾਂ ਦਾ ਕਤਲ-ਏ-ਆਮ ਬੰਦ ਨਾ ਕੀਤਾ ਤਾਂ ਏਦਾਂ ਦੀਆਂ ਗੱਡੀਆਂ ਭੇਜੀ ਜਾਵਾਂਗੇ। ਜਦ ਕਿ ਪੰਜਾਬ ਦੇ ਸਿੱਖ ਨੇਤਾ ਮੁਢੋਂ ਹੀ ਮੁੱਕਰ ਗਏ ਹਨ। ਉਨ੍ਹਾਂ ਵੀ ਅਕਾਲੀ ਨੇਤਾ ਦੀ ਖਬਰ ਦੀ ਪੁਸ਼ਟੀ ਕੀਤੀ ਨੇ... ਜੋ ਕੋਈ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਵੀ ਕਰਦਾ ਤਾਂ ਭੀੜ ਉਹਦੇ ਗਲ 'ਚ ਟਾਇਰ ਪਾ ਉਹਨੂੰ ਜੀਉਂਦਿਆਂ ਹੀ ਅੱਗ ਦੀ ਭੇਂਟ ਕਰ ਦਿੰਦੀ। ਨਾਲ ਲੱਗਦੇ ਗੁਰਦੁਆਰੇ 'ਤੇ ਵੀ ਹਮਲਾ ਹੋਇਆ। ਜਦ ਗੁਰਦੁਆਰੇ ਦੇ ਭਾਈ ਨੇ ਆਪਣੇ ਬਚਾਅ ਦੀ ਕੋਸ਼ਿਸ਼ 'ਚ ਦਸਮ-ਪਾਤਸ਼ਾਹ ਦਾ ਨਾਂ ਲੈ ਕੇ ਤਲਵਾਰ ਕੱਢ ਕੇ ਭੀੜ ਨੂੰ ਰੋਕਿਆ ਤਾਂ ਉਸ ਦੇ ਗਲ 'ਚ ਵੀ ਟਾਇਰ ਪਾ ਤੇਲ ਛਿੜਕ ਉਸ ਨੂੰ ਅੱਗ ਦੀ ਭੇਂਟ ਕਰ ਦਿੱਤਾ। ਪੁਲੀਸ ਵਾਲੇ ਕੋਲ ਖੜ੍ਹੇ ਸਨ, ਬੱਸ ਡੰਡੇ ਹੀ ਹੱਥ 'ਚ ਸਨ... ਪਰ ਹਰਕਤ ਨਹੀਂ...! ਦੁਪਹਿਰ ਵੇਲੇ ਤੀਕ ਫੌਜ ਨੂੰ ਬੁਲਾ ਲਿਆ ਗਿਆ ਸੀ। ਕੁਝ ਰਾਹਤ ਮਹਿਸੂਸ ਹੋਈ। ਕਿਉਂਕਿ ਆਮ ਆਦਮੀ ਲਈ ਫੌਜ ਇਕ ਬਹੁਤ ਵੱਡਾ ਆਸਰਾ ਹੁੰਦੀ ਹੈ। ਜਸਬੀਰ ਨੂੰ ਵੀ ਤਸੱਲੀ ਹੋਈ... ਉਹਦੇ ਸਾਹ 'ਚ ਸਾਹ ਆਇਆ...!...ਪਰ ਜੋ ਗੱਲਾਂ ਲੋਕੀਂ ਆ-ਆ ਦੱਸ ਰਹੇ ਸਨ, ਉਹ ਸੁਣ-ਸੁਣ ਮੰਨ ਹੋਰ ਉਦਾਸ ਹੋਣ ਲਗਦਾ। ਸਮਝ ਨਾ ਆਵੇ ਕਿ ਕੀ ਵਾਪਰ ਰਿਹਾ। ਦੋਨੋਂ ਬੇਟੀਆਂ ਇਹ ਸਾਰਾ ਕੁਝ ਸੁਣ ਸੁਣ ਕੇ ਇਸ ਤਰ੍ਹਾਂ ਗੁਛੂ-ਮੁਛੂ ਹੋਈਆਂ ਬੈਠੀਆ ਸਨ ਕਿ ਉਨ੍ਹਾਂ ਨੂੰ ਦੇਖ ਕੇ ਇਕ ਪਲ ਲਈ ਮੈਂ ਕੰਬ ਗਿਆ। ਮੈਨੂੰ ਉਨ੍ਹਾਂ ਦਾ ਪਿਓ ਹੋਣ ਤੇ ਉਨ੍ਹਾਂ ਨੂੰ ਅਜਿਹੇ ਸਹਿਮ 'ਚ ਰਖਣ ਕਾਰਨ ਮੇਰਾ ਖੂਨ ਖੌਲਣ ਲਗ ਪੈਂਦਾ। ਮੇਰਾ ਜੀਅ ਕਰੇ, ਹੁਣੇ ਥੱਲੇ ਜਾਵਾਂ ਤੇ ਜਿੰਨੇ ਵੀ ਲੋਕਾਂ ਦਾ ਘਾਣ ਕਰ ਸਕਦਾ ਹਾਂ, ਕਰਾਂ। ਪਰ ਮੈਨੂੰ ਇਸ ਗੱਲ ਦਾ ਅਹਿਸਾਸ ਰੋਕ ਲੈਂਦਾ ਕਿ ਮੇਰੇ ਮਗਰੋਂ ਕਿਸੇ ਨੇ ਬਾਕੀਆਂ ਨੂੰ ਨਹੀਂ ਛੱਡਣਾ। ...ਮੇਰੇ ਕੋਲ 'ਚ ਇਕ ਅਜੀਬ ਮਾਹੌਲ ਹੈ। ਲੋਕਾਂ ਦੀ ਭੀੜ ਇਧਰ ਭੱਜਦੀ ਹੈ। ਕਿਤੇ ਕੋਈ ਸਿੱਖ ਨਜ਼ਰੀਂ ਪੈ ਜਾਵੇ, ਬੱਸ 'ਲਾ 'ਲਾ ਕਰਕੇ ਪਿੱਛੇ ਪੈ ਜਾਂਦੇ। ਲੁੱਟਣ ਵਾਲੇ ਲੁੱਟਦੇ, ਤਮਾਸ਼ਬੀਨ ਕੁੱਟਦੇ ਤੇ ਮਾਰਨ ਵਾਲੇ ਆ ਕੇ ਘੜੱਚ ਕਰ ਦਿੰਦੇ। ਅਜੀਬ ਤਰ੍ਹਾਂ ਦੇ ਹਥਿਆਰ ਸਨ, ਉਨ੍ਹਾਂ ਲੋਕਾਂ ਦੇ ਹੱਥਾਂ ਵਿਚ...ਜਿਵੇਂ ਝਟਕਈਆਂ ਜਾਂ ਬੁੱਚੜਾਂ ਦੀਆਂ ਦੁਕਾਨਾਂ 'ਤੇ ਹੁੰਦੇ ਨੇ...ਥਾਂ ਥਾਂ ਅੱਗ ਲੱਗੀ ਹੋਈ ਏ...ਕਿਤੇ ਕੋਈ ਸਿੱਖ ਨਜ਼ਰੀਂ ਪੈ ਜਾਵੇ ਸਹੀ...ਜਦ ਤੀਕ ਉਹਦਾ ਸਾਹ ਸੱਤ ਨਾ ਖਿੱਚ ਲੈਣ, ਹਟਦੇ ਈ ਨਈਂ...! ...ਉਸ ਇਹ ਵੀ ਦੱਸਿਆ ਕਿ ਵਜੀਰਾਬਾਦ ਪੁਲ ਤੋਂ ਅੱਗੇ ਗੁਰਦੁਆਰੇ 'ਚ ਬਹੁਤ ਲੋਕ ਸ਼ਰਨ ਲੈ ਚੁੱਕੇ ਹਨ। ਕਾਰਾਂ ਤੇ ਹੋਰ ਗੱਡੀਆਂ ਸਾਰੇ ਰਾਹ ਸੜਦੀਆਂ ਦੇਖੀਆਂ ਸੀ ਉਸ ਭੀੜ ਨੂੰ ਜਿਥੇ ਕੋਈ ਅੱਖਰ ਪੰਜਾਬੀ 'ਚ ਲਿਖਿਆ ਦਿਸਿਆ ਜਾਂ ਕਿਤੇ ਕਿਸੇ ਟਰੱਕ ਜਾਂ ਕਾਰ 'ਚ ਸਿੱਖ ਗੁਰੂ ਦੀ ਫੋਟੋ ਲੱਗੀ ਦਿਸੀ। ਬੱਸ ਉਹ ਮੁੱਕਾ ਤੇ ਮੁੱਕਾ...ਭਾਵੇਂ ਉਹ ਮੋਨਾ ਹੋਵੇ ਤੇ ਭਾਵੇਂ ਪੱਗ ਵਾਲਾ...! ਉਹ ਦੱਸ ਰਿਹਾ ਸੀ ਕਿ ਸ਼ਾਹਦਰੇ ਤੋਂ ਅੱਗੇ ਇਕ ਸਿਨੇਮੇ ਦੇ ਮਾਲਕਾਂ ਦੇ ਘਰ ਭੀੜ ਨੇ ਜਦ ਪਹਿਲਾਂ ਹੱਲਾ ਬੋਲਿਆ ਤਾਂ ਅੰਦਰੋਂ ਕਿਸੇ ਸਿੱਖ ਨੇ ਗੋਲੀ ਚਲਾ ਦਿੱਤੀ। ਕਹਿੰਦੇ ਨੇ ਉਸ ਤਾਂ ਸ਼ਾਇਦ ਇਹ ਗੋਲੀ ਆਤਮ ਰੱਖਿਆ ਲਈ ਚਲਾਈ ਸੀ। ਤਾਂ ਕਿ ਭੀੜ ਉਥੋਂ ਤਾਂ ਡਰ ਕੇ ਚਲੀ ਜਾਏ...ਭੀੜ ਉਦੋਂ ਤਾਂ ਉਥੋਂ ਚਲੀ ਗਈ ਪਰ ਮਗਰੋਂ ਛੇਤੀ ਹੀ ਵੱਡੀ ਤਾਦਾਦ 'ਚ ਹੋਰ ਲੋਕ ਇਕੱਠੇ ਕਰ ਫਿਰ ਹੱਲਾ ਬੋਲਿਆ। ਭੀੜ ਮੂਹਰਲੇ ਬੰਦਿਆਂ, ਜਿਨ੍ਹਾਂ ਦੇ ਅਜੀਬ ਖਬਰ ਇਸ ਤਰ੍ਹਾਂ ਘਰ ਵਿਚ ਬੱਚਿਆਂ ਸਾਹਮਣੇ ਉਨ੍ਹਾਂ ਨਹੀਂ ਸੀ ਦੱਸਣੀ ਚਾਹੀਦੀ। ਪਰ ਅਗਲੇ ਪਲ ਉਨ੍ਹਾਂ ਨੂੰ ਲੱਗਾ ਕਿ ਜੇ ਉਹ ਨਾ ਦੱਸਦੇ ਤਾਂ ਕੋਈ ਹੋਰ ਦੱਸਦਾ? ...ਇਹ ਖਬਰ ਤਾਂ ਸਾਰੇ ਸ਼ਹਿਰ ਵਿਚ ਫੈਲੀ ਹੋਈ ਹੈ। ਅਫਵਾਹਾਂ ਵਾਲੀਆਂ ਸਾਰੀਆਂ ਖਬਰਾਂ ਸ਼ਰਮਾ ਜੀ ਹੀ ਲਿਆਉਂਦੇ। ਸ਼ਰਮਾ ਜੀ ਨੇ ਇਹ ਵੀ ਦੱਸਿਆ ਕਿ "ਲੋਕੀਂ ਖੁਸਰ-ਫੁਸਰ ਕਰ ਰਹੇ ਨੇ ਤੁਹਾਡੇਂ ਬਾਰੇ! ਮੇਰੀ ਸਲਾਹ ਹੈ ਕਿ ਲੋਕ ਜਦੋਂ ਲੋਕ ਇਕੱਠੇ ਹੋਣ ਤਾਂ ਤੁਸੀ' ਵੀ ਉਨ੍ਹਾਂ 'ਚ ਸ਼ਾਮਲ ਹੋਣ ਚਲੇ ਜਾਇਆ ਕਰੋ ਤਾਂ ਕਿ ਲੋਕਾਂ ਦੇ ਮਨ 'ਚ ਸ਼ੱਕ ਦੀ ਗੁੰਜਾਇਸ਼ ਹੀ ਨਾ ਰਹੇ...!" ਸ਼ਰਮਾ ਜੀ ਸਲਾਹ ਦੇ ਹੇਠਾਂ ਉਤਰ ਗਏ....!

ਉਨ੍ਹਾਂ ਗੱਲਾਂ ਗੱਲਾਂ ਵਿਚ ਮੈਨੂੰ ਸੁਝਾਅ ਵੀ ਦਿੱਤਾ ਕਿ ਮੈਂ ਸਿਰਫ ਅੰਦਰ ਹੀ ਨਾ ਬੈਠਾਂ, ਸਗੋਂ ਲੋਕਾਂ 'ਚ ਜਾ ਬੈਠਿਆ ਕਰਾਂ । ਲੋਕ ਸ਼ੱਕ ਨਹੀਂ ਕਰਨਗੇ। ਇਸ ਤਰ੍ਹਾਂ ਦੀਆਂ ਗੱਲਾਂ ਕਰਦਿਆਂ ਉਹ ਕਾਫੀ ਚਿਰ ਸਾਡੇ ਕੋਲ ਬੈਠੇ ਰਹੇ। ਉਹ ਗਏ ਤਾਂ ਮੈਂ ਘਰ ਦੇ ਛੱਜੇ ਵਿਚ ਜਾ ਖਲੋਤਾ ਤਾਂ ਕਿ ਲੋਕਾਂ ਨੂੰ ਨਜ਼ਰ ਆ ਸਕਾਂ। ਹਾਲੇ ਕੁਝ ਕੁ ਪੱਲ ਹੀ ਹੋਏ ਸਨ ਕਿ ਸਾਹਮਣਿਓਂ ਸਾਡੇ ਗੁਆਂਢੀ ਗੁਪਤਾ ਆਉਂਦਾ ਦਿਸੇ। ਉਹ ਖੁੰਦਕੀ ਵੀ ਤੇ ਖੁਸ਼ਕ ਜਿਹੇ ਅਦਮੀ ਸਨ। ਜਦੋਂ ਹੇਠੋਂ ਲੰਘਣ ਲੱਗੇ ਮੈਨੂੰ ਦੇਖ ਰੁਕ ਗਏ। ਪੰਜਾਬ 'ਚ ਜਦ ਹਾਲਾਤ ਖਰਾਬ ਸਨ ਤਾਂ ਉਹ ਸਭ ਕੁਝ ਵੇਚ ਵੱਟ ਕੇ ਦਿੱਲੀ ਆ ਗਏ ਸਨ। ਪੰਜਾਬ ਦੇ ਸਿੱਖਾਂ ਦੇ ਵਰਤਾਅ ਕਰਕੇ ਮੰਨ 'ਚ ਕਰੂਰਤਾ ਭਰੀ ਹੋਈ ਸੀ ਉਨ੍ਹਾਂ ਦੇ।








ਜਿਹਦੇ 'ਚ ਉਸ ਨੇ ਬਾਹਰ ਵਾਲੇ ਸਿੱਖ ਨੂੰ ਪਹਿਲਾਂ ਹੀ ਮਰਿਆ ਹੋਇਆ ਆਖਿਆ ਸੀ। ਥੋੜੀ ਦੇਰ ਬਾਅਦ ਸੁੱਖ ਸਾਂਦ ਪੁੱਛ ਅਸੀਂ ਉਥੋਂ ਤਰਿ ਪਏ।

ਕ੍ਰਿਸ਼ਨਾ ਸੋਬਤੀ ਨੇੜੇ ਹੀ ਮਾਲ ਰੋੜ ਤੇ ਦਿੱਲੀ ਵਿਚ ਸਭ ਤੋਂ ਪਹਿਲਾਂ ਨਵੇਂ ਬਣੇ ਫਲੈਟਾਂ ਵਿਚ ਰਹਿੰਦੇ ਸਨ। ਅਸੀਂ ਉਨ੍ਹਾਂ ਵਲ ਚਲੇ ਗਏ। ਉਹ ਬਹੁਤ ਚਿੰਤਿਤ ਸਨ। ਅਸੀਂ ਛੱਤ ਤੋਂ ਦੇਖਿਆ ਅਸਮਾਨ ਕਿਵੇਂ ਅੱਗ ਦੀਆਂ ਲਪਟਾਂ ਨਾਲ ਭਰਿਆ ਹੋਇਆ ਸੀ। ਥਾਂ ਥਾਂ ਤੋਂ ਧੂੰਆਂ ਅਸਮਾਨ ਵਲ ਉਡ ਰਿਹਾ ਸੀ। ਕ੍ਰਿਸ਼ਨਾ ਹੁਰਾਂ ਨੂੰ 1947 ਦੇ ਵਾਕਿਆਤ ਯਾਦ ਸਨ। ਉਹਨਾਂ ਦਾ ਕਹਿਣਾ ਸੀ, 1947 ਵੇਲੇ ਤਾਂ ਇਕ ਖਲਾਅ ਪੈਦਾ ਹੋ ਗਿਆ ਸੀ, ਜਾਂਦੀ ਤੇ ਆਉਂਦੀਆਂ ਹਕੂਮਤਾਂ ਵਿਚ, ਪਰ ਹੁਣ ਤਾਂ ਸਾਡੀ ਆਪਣੀ ਸਰਕਾਰ ਸੀ। ਫਿਰ ਇਹੋ ਜਿਹਾ ਮਾਤਮ ਕਿਉਂ? ਇਹ ਸਭ ਦੇਖ ਤੜਫ ਉਠੇ। ਕਾਫੀ ਦੇਰ ਅਸੀਂ ਇਸ ਮਾਤਮ ਤੇ 1947 ਦੀ ਟ੍ਰੈਜਡੀ ਬਾਰੇ ਗੱਲਾਂ ਕਰਦੇ ਮਸੋਸੇ ਜਿਹੇ ਬੈਠ ਜਾਂਦੇ। ...ਅਖੀਰ ਇਕ ਦੂਜੇ ਨੂੰ ਢਾਰਸ ਦਿੰਦਿਆਂ ਅਸੀਂ ਘਰ ਪਰਤ ਆਏ।

ਮੇਰਾ ਇਹ ਪੱਤਰਕਾਰ ਦੋਸਤ ਸਾਰਾ ਦਿਨ ਜਮਨਾ ਪਾਰ ਇਲਾਕੇ 'ਚ ਰਹਿ ਉਥੋਂ ਦਾ ਹਾਲਾਤ ਬਾਰੇ ਆਪਣੀ ਅਖਬਾਰ ਨੂੰ ਰਿਪੋਰਟਾਂ ਭੇਜਦਾ ਰਿਹਾ... ਉਹ ਦੱਸ ਰਿਹਾ ਸੀ ਕਿ ਉਸ ਥਾਂ-ਥਾਂ ਭੀੜ ਦੇ ਹੱਥਾਂ 'ਚ ਲੋਹੇ ਦੇ ਸਰੀਏ ਦੇਖੇ ...ਨਾਲ ਹੀ ਕੁਝ ਨੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਚੁੱਕੀਆਂ ਹੋਈਆਂ ਸਨ...ਸਾਰੀ ਭੀੜ ਨੂੰ ਦੋ ਹੀ ਜਮਾਤਾਂ ਦਿਸ ਰਹੀਆਂ ਸਨ... ਇਕ ਪੱਗ ਵਾਲੀ ਤੇ ਦੂਜੀ ਬੈਰ ਪੱਗ ਵਾਲੀ... ਪੁਲੀਸ ਕਮਿਸ਼ਨਰ ਤੇ ਲੈਫਟੀਨੈਂਟ ਗਵਰਨਰ ਦੌਰੇ ਕਰ ਰਹੇ ਸਨ... ਥਾਣਿਆਂ 'ਚ ਪੁਲੀਸ ਤਾਦਾਦ ਵੀ ਤੇ ਹਥਿਆਰ ਵੀ ਮੁਨਾਸਬ ਸਨ... ਪਰ ਮੌਤ ਦਾ ਤਾਂਡਵ ਜਾਰੀ ਸੀ। ਲੁੱਟ ਮਾਰ ਚੱਲਦੀ ਰਹੀ... ਜਮਨਾ ਪਾਰ ਦੇ ਗਰੀਬ ਇਲਾਕਿਆਂ ਵਿਚ ਤਾਂ ਲਾਸ਼ਾਂ ਦੇ ਢੇਰ ਲੱਗਦੇ ਜਾ ਰਹੇ ਸਨ !... ਬਾਕੀ ਪੱਤਰਕਾਰ ਵੀ ਖ਼ਬਰਾਂ ਭੇਜ ਰਹੇ ਸਨ...ਕੋਈ ਭੋਗਲ ਤੋਂ... ਤੇ ਕੋਈ ਤਿਲਕ ਨਗਰ ਤੋਂ!... ਕੋਈ ਸੁਲਤਾਨਪੁਰੀ ਤੋਂ... ਤੇ ਕੋਈ ਸ਼ਹਿਰ ਤੋਂ... ਸਭ ਪਾਸੇ ਕਹਿਰ ਹੀ ਕਹਿਰ ਸੀ...ਜ਼ਿਆਦਾਤਰ ਦੁਕਾਨਾਂ ਅਮੀਰਾਂ ਦੀਆਂ ਲੁੱਟੀਆਂ ਜਾ ਰਹੀਆਂ ਸਨ ਤੇ ਕਤਲ-ਏ-ਆਮ ਗਰੀਬਾਂ ਦਾ...!

ਦੁਪਹਿਰ ਵੇਲੇ ਇਕ ਹੋਰ ਪੱਤਰਕਾਰ ਦੋਸਤ ਸਾਡੇ ਪਰਿਵਾਰ ਦੀ ਖ਼ਬਰ-ਸਾਰ ਪੁੱਛਣ ਆਇਆ। ਉਸ ਦੱਸਿਆ ਕਿ ਫਿਲਮਿਸਤਾਨ ਸਿਨੇਮਾ ਕੋਲ ਟਾਇਰਾਂ ਦੀ ਮਾਰਕੀਟ ਚ ਬਹੁਤ ਤਬਾਹੀ ਹੋਈ ਏ। ਪੂਰੀ ਦੀ ਪੂਰੀ ਮਾਰਕੀਟ ਲੁੱਟ ਲਈ ਗਈ ਏ। ਬਚਦੀਆਂ ਦੁਕਾਨਾਂ ਅੱਗ ਲਗਾ ਦਿੱਤੀ ਏ ਲੋਕਾਂ ਦੀ ਭੀੜ ਕੈਮਰਾ ਵੀ ਸੀ ਤੇ ਉਸ ਵਿਚ ਰੀਲ੍ਹ ਵੀ। ਕਦੇ ਕਦੇ ਦਿਲ ਕਰੇ ਜੋ ਲੋਕ ਇਹ ਕਾਰਾ ਕਰ ਰਹੇ ਹਨ ਇਨ੍ਹਾਂ ਦੀਆਂ ਤਸਵੀਰਾਂ ਤਾਂ ਖਿੱਚ ਲਵਾਂ। ਪਰ ਜਦੋਂ ਵੀ ਮੈਂ ਦਿਮਾਗੀ ਤੇ ਸਰੀਰਕ ਤੌਰ ਤੇ ਇਸ ਰੁਝਾਨ ਵੱਲ ਰੁੜ੍ਹਨ ਲਗਦਾ, ਤਾਂ ਜਸਬੀਰ ਮੈਨੂੰ ਰੋਕ ਲੈਂਦੀ। ਉਸ ਦਾ ਕਹਿਣਾ ਵਾਜਬ ਵੀ ਸੀ ਕਿ ਜਦ ਤੀਕ ਤੂੰ ਠੀਕ ਹੈਂ ਤਾਂ ਅਸੀਂ ਸੁਰੱਖਿਅਤ ਹਾਂ, ਪਰ ਜਦੋਂ ਤੂੰ ਹੀ ਨਾ ਰਿਹਾ ਤਾਂ ਕੀ ਇਹ ਲੋਕ ਸਾਨੂੰ ਛੱਡਣਗੇ? ...ਉਹ ਮੇਰੀਆਂ ਕਹੀਆਂ ਗੱਲਾਂ ਚੇਤੇ ਕਰਾਉਂਦੀ ਜੋ ਉਸ ਨੂੰ ਮੈਂ ਸੰਤਾਲੀ ਬਾਰੇ ਸੁਣਾਈਆਂ ਸਨ। ਉਸ ਨੇ ਉਹ ਗੱਲ ਵੀ ਮੈਨੂੰ ਵਾਪਸ ਸੁਣਾਈ, ਜਦੋਂ ਸੰਤਾਲੀ ਵੇਲੇ ਔਰਤਾਂ ਨੂੰ ਬੇਹੁਰਮਤੀ ਦੇ ਡਰ ਤੋਂ ਖੂਹ 'ਚ ਛਾਲ ਮਾਰ ਕੇ ਮਰ ਜਾਣ ਲਈ ਵੀ ਕਿਹਾ ਗਿਆ ਸੀ। ਬਾਹਰ ਦੇ ਹਾਲਾਤ ਤੇ ਘਰ ਦੇ ਮਾਹੌਲ 'ਚ ਮੇਰੇ ਕੋਲ ਸਿਵਾ ਲਿਲਕਣ ਦੇ, ਸਿਵਾ ਤੜਪਣ ਦੇ ਹੋਰ ਕੋਈ ਚਾਰਾ ਨਾ ਲੱਭੇ। ਪਰ ਉਦੋਂ ਦੀ ਹਾਲਾਤ ਬਿਆਨ ਕਰਨ ਲਈ ਮੈਨੂੰ ਅੱਖਰ ਲੱਭਣੇ ਔਖੇ ਹੋ ਰਹੇ ਹਨ, ਜਦੋਂ ਮੈ ਆਪਣੀਆਂ ਧੀਆਂ ਨੂੰ ਇਹ ਪੁਛਿਆ ਸੀ ਕਿ "ਜੇ ਸਾਡੇ 'ਤੇ ਹਮਲਾ ਹੋਇਆ ਤਾਂ ਮੈਨੂੰ ਪਤਾ ਕਿ ਮੈਂ ਤਾਂ ਨਹੀ ਬਚਣਾ, ਪਰ ਤੁਹਾਨੂੰ ਵੀ ਪਹਿਲੋਂ ਆਪਣੇ ਹੱਥੀਂ ਇਸ ਨਾਮਾਕੂਲ ਧਰਤੀ ਤੋਂ ਤੋਰ ਦਿਆਂਗਾ, ਤਾਂਕਿ ਇਨ੍ਹਾਂ ਦਰਿੰਦੇ-ਭੇੜੀਆਂ ਦੇ ਹੱਥੋਂ ਨੁਚ ਹੋਣ ਦੀ ਥਾਵੇਂ ਇਸ ਸਰੀਰ ਨੂੰ ਹੀ ਨਿਚੋੜ ਕੇ ਸੁੱਟ ਦਿਓ।" ...ਫੁੱਲਾਂ ਨਾਲ ਪਾਲੀਆਂ ਧੀਆਂ ਨੂੰ ਅਜਿਹੇ ਲਫਜ਼ ਮੈ ਕਹਿ ਤਾਂ ਗਿਆ, ਪਰ ਮੈਨੂੰ ਪਤਾ ਕਿ ਇਹ ਕਹਿੰਦਿਆਂ ਮੇਰੇ ਅੰਦਰ ਕਿੰਨੀ ਧੂਅ ਪਈ ਸੀ। ਤੇ ਮੇਰੀ ਛੋਟੀ ਦੀ ਦੇ ਕਹੇ ਹੋਏ ਲਫਜ਼ ਅੱਜ ਤਕ ਮੇਰਾ ਪਿੱਛਾ ਕਰਦੇ ਹਨ ਜਦੋਂ ਉਸ ਨੇ ਮੇਰੀ ਗੱਲ ਦੇ ਜੁਆਬ 'ਚ ਕਿਹਾ ਸੀ ਕਿ "ਜੇ ਮੈਨੂੰ ਇੰਦਾਂ ਕਰਨਾ ਪਿਆ, ਤਾਂ ਤੁਸੀਂ ਤਿਆਰ ਹੋ?" ਤੇ ਉਸ ਦੇ ਮਾਸੂਮ ਜਿਹੇ ਚਿਹਰੇ 'ਚੋਂ ਇਹ ਨਿਕਲਣਾ ਕਿ "ਪਾਪਾ ਅਸੀਂ ਤਿਆਰ ਤਾਂ ਹਾਂ ਪਰ ਸਾਨੂੰ ਅਜਿਹਾ ਚੰਗਾ ਨਹੀਂ ਲੱਗੇਗਾ।" ਉਸ ਮਾਸੂਮ ਰੂਹ ਅੰਦਰ ਜੀਊਣ ਦੀ ਪ੍ਰਬਲ ਇੱਛਾ ਸੀ ਤੇ ਨਾਲ ਹੀ ਇਹ ਕਿ ਸਾਨੂੰ ਵੀ ਕੁਝ ਨਾ ਹੋਵੇ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਤੇ ਸ਼ਹਿਰ 'ਚ ਸੰਨਾਟਾ ਜਿਹਾ ਦਿੱਸਿਆ ਤਾਂ ਮੂਲਖ ਰਾਜ ਬਲਵੰਤ ਸਿੰਘ ਦੇ ਪੂਰੇ ਪਰਿਵਾਰ ਨੂੰ ਆਪਣੇ ਘਰ ਲੈ ਆਇਆ। ਮੁਲਖ ਰਾਜ ਤੇ ਮੈਨੂੰ ਵੀ ਉਸ ਸੁਨੇਹਾ ਭੇਜਿਆ ਸੀ ਕਿ ਮੈ ਪਰਿਵਾਰ ਲੈ ਕੇ ਉਸ ਦੇ ਘਰ ਆ ਜਾਵਾਂ। ਪਰ ਮੁਲਖ ਰਾਜ ਦਾ ਜੋ ਬੰਦਾ ਸਾਨੂੰ ਲੈਣ ਆਇਆ ਸੀ ਸਾਡੇ ਸਮਝਾਉਣ ਤੇ ਉਹ ਸਾਡੀ ਸੁੱਖ ਸਾਂਦ ਦਾ ਸੁਨੇਹਾ ਲੈ ਵਾਪਸ ਚਲਾ ਗਿਆ। ਜਾਣ ਤੋਂ ਪਹਿਲਾਂ ਮੁਲਖ ਰਾਜ ਦੇ ਬੰਦੇ ਨੇ ਦਿਲ ਹਿਲਾ ਦੇਣ ਵਾਲੀਆਂ ਗੱਲਾਂ ਦੱਸੀਆਂ । ਉਸ ਦੱਸਿਆ ਕਿ ਉਸ ਰਾਹ 'ਚ ਬਹੁਤ ਤਬਾਹੀ ਹੋਈ ਦੇਖੀ ਏ... ਭਜਨਪੁਰਾ... ਮੌਜਪੁਰ... ਲੋਨੀ...ਸ਼ਾਹਦਰਾ... ਤੇ ਉਧਰ ਹੋਰ ਸਾਰੇ ਇਲਾਕੇ ਖੂੰਖਾਰੀ ਚਿਹਰੇ ਸਨ ਨੇ ਸਿਨੇਮੇ ਨੂੰ ਹੀ ਅੱਗ ਲਾ ਦਿੱਤੀ। ਪੂਰਾ ਖਾਨਦਾਨ ਹੀ ਝੁਲਸਿਆ ਗਿਆ ਅੱਗ 'ਚ... ਨਾਮੋ ਨਿਸ਼ਾਨ ਹੀ ਮਿਟ ਗਿਆ ਉਹਨਾਂ ਦਾ... ਜੋ ਸ਼ਰਨ ਲੈਣ ਲਈ ਆਏ ਸਨ। ਉਹ ਵੀ ਵਿੱਚੇ ਵਿੱਚੇ ਹੀ ਚਿਣ ਹੋ ਗਏ... ਕਈਆਂ ਬਾਹਰ ਨਿਕਲ ਭੱਜਣ ਦੀ ਕੋਸ਼ਿਸ਼ ਵੀ ਕੀਤੀ...ਪਰ ਉਨ੍ਹਾਂ ਨੂੰ ਮੁੜ ਚੁੱਕ ਕੇ ਉਸੇ ਭਾਂਬੜ ਦੇ ਹਵਾਲੇ ਕਰ ਦਿੱਤਾ ਗਿਆ!

ਟੀ. ਵੀ. ਤੇ ਗਹਿਮਾ ਗਹਿਮੀ ਚਾਲੂ ਸੀ। ਵਿਚ ਵਿਚ ਖਬਰਾਂ ਦਾ ਬੁਲਿਟਨ ਵੀ ਆ ਜਾਂਦਾ। ਸ਼ੋਕ-ਸੁਨੇਹੇ ਪੜ੍ਹੇ ਜਾਂਦੇ। ਸੰਸਕਾਰ ਦਾ ਦਿਨ ਤਿੰਨ ਤਾਰੀਖ ਮਿਥਿਆ ਗਿਆ....ਅੰਤਰ-ਰਾਸ਼ਟਰੀ ਭਾਈਚਾਰਾ ਵੀ ਪਹੁੰਚਣ ਲੱਗ ਪਿਆ ਸੀ! ...ਪਰ ਸ਼ਹਿਰ 'ਚ ਹਾਲਾਤ ਹੋਰ ਖਰਾਬ ਹੁੰਦੇ ਜਾ ਰਹੇ ਸਨ। ਤਰ੍ਹਾਂ ਤਰ੍ਹਾਂ ਦੀਆਂ ਖਬਰਾਂ ਲੋਕ ਦੱਸ ਰਹੇ ਸਨ! ਸ਼ਰਮਾ ਜੀ ਸਾਨੂੰ ਤਸੱਲੀ ਦੇ ਰਹੇ ਸਨ, "ਤੁਸੀ ਵਾਹਿਗੁਰੂ ਤੇ ਭਰੋਸਾ ਰੱਖੋ... ਸਭ ਠੀਕ ਹੋ ਜਾਵੇਗਾ...!" ਜਸਬੀਰ ਮੈਨੂੰ ਭਰੋਸਾ ਦੇ ਰਹੀ ਸੀ....! "ਮੈਂ ਮਰਨ ਤੋਂ ਨਹੀਂ ਡਰਦਾ...ਪਰ ਡਰਦਾਂ ਤਾਂ ਉਨ੍ਹਾਂ ਗੁੰਡਿਆ ਤੋਂ...ਜੋ ਕਲ੍ਹ ਭੀੜ ਨੂੰ ਇਕੱਠਾ ਕਰਕੇ ਲਿਆਏ ਸਨ। ਅਸਲ ਵਿਚ ਐਸੇ ਸਮੇਂ ਅਜਿਹੇ ਬੰਦਾ ਹੀ ਲੋਕਾਂ ਨੂੰ ਭੜਕਾਉਂਦੇ ਹਨੁ, ਉਨ੍ਹਾਂ ਦੀ ਹੀ ਅੱਖ ਮਾੜੀ ਹੁੰਦੀ ਹੈ!" ਜਸਬੀਰ ਨੂੰ ਪਤਾ ਸੀ ਕਿ ਇਕ ਵੇਰ ਉਨ੍ਹਾਂ ਗੁੰਡਿਆਂ 'ਚੋਂ ਹੀ ਇਕ ਨੇ ਰਾਜੀ ਨੂੰ ਛੇੜਿਆ ਤਾਂ ਉਹ ਰੋਂਦੀ ਘਰ ਆਈ ਸੀ... ਪਰ ਉਸ ਨੇ ਉਦੋਂ ਇਹ ਗੱਲ ਮੈਨੂੰ ਨਹੀਂ ਸੀ ਦੱਸੀ... ਉਹ ਕਹਿੰਦੀ "ਗੱਲ ਵਧੇ ਤਾਂ ਚਿਕੱੜ ਦੇ ਛਿੱਟੇ ਤਾਂ ਆਪਣੇ ਆਪ 'ਤੇ ਹੀ ਪੈਂਦੇ ਨੇ ...ਲੋਕਾਂ ਕਹਿਣਾ ...ਕੁੜੀ 'ਚ ਹੀ ਕੋਈ ਨੁਕਸ ਹੋਣਾ...!" ਸਹਿਮੀਆਂ ਅੱਖਾਂ ਨਾਲ ਮੈਂ ਜਦ ਜਸਬੀਰ ਵਲ ਦੇਖਦਿਆਂ, ਤਾ ਮੈਨੂੰ ਲੱਗਾ ਜਿਵੇਂ ਇਹ ਗੱਲ ਉਹ ਮਨ ਹੀ ਮਨ ਮੈਨੂੰ ਦੁਹਰਅ ਰਹੀ ਹੋਵੇ! ...ਸ਼ਰਮਾ ਜੀ ਨੇ ਹੌਂਸਲਾ ਦਿੰਦੇ ਹੋਏ ਕਿਹਾ, "ਤੁਸੀਂ ਫਿਕਰ ਨਾ ਕਰੋ। ...ਹੁਣ ਤਾਂ ਸਰਕਾਰ ਨੇ ਕਰਫਿਊ ਵੀ ਲਗਾ ਦਿੱਤਾ ਹੈ...ਤੇ ਮਿਲਟਰੀ ਦੀਆਂ ਗੱਡੀਆਂ ਗਸ਼ਤ ਕਰ ਰਹੀਆਂ ਨੇ!" "ਇਹਨੂੰ ਕਰਫਿਊ ਕਹਿੰਦੇ ਨੇ?...ਘੰਟੇ-ਘੰਟੇ ਮਗਰੋਂ ਇਕ ਟਰੱਕ ਦੇ ਲੰਘਣ ਦੀ ਆਵਾਜ਼ ਸੁਣਦੀ ਹੈ । ...ਇੰਨੀ ਦੇਰ 'ਚ ਕੋਈ ਕੁਝ ਵੀ ਕਰ ਸਕਦਾ...?" ਉਸੇ ਵੇਲੇ ਸ਼ਰਮਾ ਜੀ ਫਿਰ ਆ ਗਏ। ਘਬਰਾਏ ਹੋਏ। ਪਰ ਸ਼ਰਮਾ ਜੀ ਨੇ ਜਦ ਇਹ ਦੱਸਿਆ ਕਿ ਪੰਜਾਬ 'ਚੋਂ ਸਿੱਖਾਂ ਨੇ ਹਿੰਦੂਆਂ ਨੂੰ ਵੱਢ ਕੇ ਉਨ੍ਹਾਂ ਦੀਆਂ ਲਾਸ਼ਾਂ ਦੀ ਪੂਰੀ ਗੱਡੀ ਭਰ ਕੇ ਨਵੀਂ ਦਿੱਲੀ ਸਟੇਸ਼ਨ 'ਤੇ ਭੇਜੀ ਹੈ ਤਾਂ ਸਭ ਦੇ ਦਿਲ ਦਹਿਲ ਗਏ..। ਮੇਰਾ ਤਾਂ ਜਿਵੇਂ ਖੂਨ ਹੀ ਜੰਮ ਗਿਆ ਹੋਵੇ... ਜਸਬੀਰ ਤੇ ਬੱਚੀਆਂ? ਉਫ! ਜਸਬੀਰ ਰੱਬ ਦੇ ਭਾਣੇ 'ਚ ਸਬਰ ਕਰਨ ਦੀ ਗੱਲ ਕਹਿ ਰਹੀ ਸੀ! ...ਸਾਡੀ ਹਾਲਤ ਦੇਖ ਸ਼ਰਮਾ ਜੀ ਨੂੰ ਲੱਗਾ ਕਿ ਉਨ੍ਹਾਂ ਗਲਤੀ ਕੀਤੀ। ਅਜਿਹੀ ਖਾਨਦਾਨੀ ਕਾਰੋਬਾਰ ਛੱਡ ਕੇ ਆਉਣਾ ਪਿਆ ਸੀ ਉਨ੍ਹਾਂ ਨੂੰ ਪੰਜਾਬ ਤੋਂ। ਇਸੇ ਗੁੱਸੇ ਦਾ ਇਜ਼ਹਾਰ ਉਨ੍ਹਾਂ ਦੇ ਅੰਦਰੋਂ ਨਿਕਲਿਆ ਜਦ ਉਨ੍ਹਾਂ ਮੈਨੂੰ ਹੇਠੋਂ ਹੀ ਆਵਾਜ਼ ਮਾਰ ਕੇ ਓੱਚੀ ਸਾਰੀ ਪੁੱਛਿਆ, "ਭਾਈ ਸਾਹਬ, ਤੁਸੀਂ ਠੀਕ ਠਾਕ ਹੋ ਨਾ?...ਫਿਕਰ ਨਾ ਕਰਿਓ...ਅਸੀਂ ਹੈਗੇ ਆਂ ਤੁਹਾਨੂੰ ਬਚਾਉਣ ਲਈ...ਬਿਲਕੁਲ ਨਾ ਡਰਿਓ...! ਕੱਲ੍ਹ ਭੀੜ ਪਤਾ ਨਹੀਂ ਕਿੱਥੋਂ ਆ ਗਈ ਸੀ, ਤੁਹਾਡੇ ਵਰਗੇ ਸ਼ਰੀਫ ਆਦਮੀ ਨੂੰ ਪੱਥਰ ਮਾਰਨ...!" ਉਹ ਉੱਚੀ ਆਵਾਜ਼ ਵਿਚ ਇਸ ਤਰ੍ਹਾਂ ਕਹਿ ਰਹੇ ਸਨ ਜਿਵੇਂ ਸਾਰੇ ਮੁਹੱਲੇ ਨੂੰ ਸੁਣਾਉਣਾ ਹੋਵੇ ਕਿ ਮੈਂ ਇਥੇ ਲੁਕਿਆ ਹੋਇਆ ਹਾਂ, ਤਾਂ ਕਿ ਜੇ ਕਿਸੇ ਨੂੰ ਨਾ ਵੀ ਪਤਾ ਹੋਵੇ ਤਾਂ ਪਤਾ ਲੱਗ ਜਾਵੇ। ਪਰ ਜਦੋਂ ਮੈਨੂੰ ਇਹ ਮਹਿਸੂਸ ਹੋਇਆ ਤਾਂ ਉਹਨਾਂ ਦੀ ਗੱਲ ਵਿਚੇ ਛੱਡ ਮੈਂ ਅੰਦਰ ਚਲੇ ਗਿਆ। ਪਤਾ ਲੱਗਾ ਸੀ ਕਿ ਬਾਅਦ ਵਿਚ ਉਸ ਤੋਂ ਕਈਆਂ ਮੇਰੇ ਬਾਰੇ ਪੁਛਿਆ, ਤੇ ਕੋਈ ਵੱਡੀ ਗੱਲ ਨਹੀਂ ਜਦ ਮੇਰੇ ਸਿੱਖ ਪਰਿਵਾਰ 'ਚੋਂ ਹੋਣ ਕਰਕੇ ਕਈਆਂ ਨੇ ਦੰਦਾਂ 'ਚ ਉਂਗਲੀਆਂ ਵੀ ਪਾ ਲਈਆਂ ਹੋਣ।

ਪਰ ਮੈਂ ਅੰਦਰੋਂ ਡਰ ਗਿਆ। ਲੋਕ ਜਦ ਇੱਕਠੇ ਹੁੰਦੇ ਸਨ ਤਾਂ ਭਾਵ ਸੀ ਕਿਤੇ ਲੁੱਟ-ਮਾਰ ਦੀ ਤਿਆਰੀ ਲਈ ਇੱਕਠੇ ਹੋਣਾ... ਹਾਲਾਤ ਤਾਂ ਇੰਜ ਵਿਗੜ ਚੁੱਕੇ ਸਨ ਕਿ ਕੋਈ ਸੂਰਤ ਨਹੀਂ ਸੀ ਨਜ਼ਰ ਆਉਂਦੀ, ਸ਼ਾਂਤੀ ਹੋ ਜਾਣ ਦੀ। ਸ਼ਰਮਾ ਜੀ ਦੀ ਗੱਲ ਵੀ ਸੱਚੀ ਸੀ। ਉਹ ਸਿੱਖ ਪਰਿਵਾਰ ਦਾ ਜੀਅ ਤਾਂ ਸੀ ਹੀ... ਸਿਰਫ ਵਾਲ ਹੀ ਕੱਟੇ ਹੋਏ ਸਨ...ਕਿਤੇ ਦੰਗਾਈਆਂ ਨੂੰ ਸੂਹ ਲੱਗ ਗਈ ਤਾਂ ਕੁਝ ਵੀ ਹੋ ਸਕਦਾ। ਪਹਿਲੇ ਦਿਨ ਤਾਂ ਸ਼ਰਮਾ ਜੀ ਨੇ ਭੀੜ ਭਜਾ ਦਿੱਤੀ ਸੀ ਪਰ ਜੇ ਉਹ ਫਿਰ ਨਾ ਰੋਕ ਸਕੇ ਤਾਂ? ...ਪਰ ਕੀ ਮੈਨੂੰ ਹੁਣ ਆਪਣੇ ਆਪ ਨੂੰ ਬਚਾਉਣ ਲਈ ਇਹ ਕੁਕਰਮ ਵੀ ਕਰਨਾ ਪਵੇਗਾ? ਮੈਂ ਸੋਚ ਸੋਚ ਪਰੇਸ਼ਾਨ ਹੋ ਰਿਹਾ ਸਾਂ।

ਮੈਂ ਰਾਜੀ ਤੇ ਸਨੇਹ ਵਲ ਤਰਸ ਨਾਲ ਵੇਖਿਆ "ਕਿਹੋ ਜੇਹਾ ਦਿਹਾੜਾ ਹੈ? ਅੱਜ ਇਕ ਬੇਬਸ, ਇਕ ਮਜਬੂਰ ਪਿਓ ਆਪਣੀਆਂ ਧੀਆਂ ਦੀ ਰੱਖਿਆ ਕਰ ਸਕਣ ਲਈ ਇੰਨਾ ਲਾਚਾਰ? ...ਕੋਈ ਨਾ ਬੱਚੀਓ, ਬਚਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ ਪਰ ਜੇ ਵਸ ਨਾ ਚੱਲਿਆ ਤਾਂ ਫਿਰ?" ...ਮੈਂ ਮਨ ਹੀ ਮਨ ਗੱਲਾਂ ਕਰ ਰਿਹਾ ਸੀ "ਫਿਰ ਮੈਂ ਤੁਹਾਨੂੰ ਵੀ ਜੀਉਂਦਿਆਂ ਨਹੀਂ ਛੱਡਾਂਗਾ ਇਨ੍ਹਾਂ ਗੁੰਡਿਆਂ ਦੀ ਹਵਸ ਦਾ ਸ਼ਿਕਾਰ ਬਣਨ ਲਈ। ਆਪਣੀ ਇੱਜ਼ਤ ਨਹੀਂ ਖਰਾਬ ਹੋਣ ਦਿਆਂਗਾ। ਸੰਤਾਲੀ 'ਚ ਵੀ ਤਾਂ ਜਦ ਕੋਈ ਰਾਹ ਨਹੀਂ ਸੀ ਬਚਿਆ ਤਾਂ ਕੁੜੀਆਂ ਨੇ ਖੂਹਾਂ 'ਚ ਛਾਲਾਂ ਮਾਰ ਕੇ ਆਪਣੀ ਜਾਨ ਦੇ ਦਿੱਤੀ ਸੀ ਪਰ ਇੱਜ਼ਤ ਦੀ ਰਾਖੀ ਕੀਤੀ ਸੀ। ਮੈਂ ਵੀ ਇਹੀ ਕਰਾਂਗਾ!"

**(ਲੜੀਵਾਰ ਚਲਦਾ ਲੇਖ)**

# ਸੰਤ ਹਰੀ ਸਿੰਘ ਰੰਧਾਵਾ ਨੂੰ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਗੋਲਡ ਮੈਡਲ ਨਾਲ ਸਨਮਾਨਿਆ ਗਿਆ!

**ਫਰਿਜ਼ਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ** ਸਥਾਨਿਕ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਦਾ ਗੁਰ-ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸੁਭ ਮੌਕੇ ਪਿਛਲੇ ਪੂਰੇ ਹਫਤੇ ਦੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਤ ਹਰੀ ਸਿੰਘ ਰੰਧਾਵੇ ਵਾਲਿਆ ਕਥਾ ਦੁਆਰਾ ਸੰਗਤਾ ਨੂੰ ਗੁਰੂ ਸ਼ਬਦ ਨਾਲ ਜੋੜਿਆ। ਐਤਵਾਰ ਦੇ ਦੀਵਾਨ ਵਿੱਚ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆ ਨੂੰ ਗੁਰਦੁਆਰਾ ਸਹਿਬ ਦੇ ਪ੍ਰਬੰਧਕਾ ਵੱਲੋਂ ਉਹਨਾਂ ਦੀਆਂ ਸਿੱਖ ਧਰਮ ਪ੍ਰਤੀ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਵੀ ਕੀਤਾ ਗਿਆ। ਗੁਰੂਘਰ ਦੇ ਸੇਵਾਦਾਰ ਭਾਈ ਜਤਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿੰਆਂ ਕਿਹਾ ਕਿ ਰੰਧਾਵੇ ਵਾ-ਲਆ ਦਾ ਸਨਮਾਨ ਇਸ ਲਈ ਕੀਤਾ ਗਿਆ ਕਿ ਉਹਨਾਂ ਬਹੁਤ ਵਧੀਆ ਤਰੀਕੇ ਨਾਲ ਸ਼੍ਰੀ ਗੁਰੂ ਗ੍ਰੰਥ ਸਹਿਬ ਦੀ ਟੀਕਾ ਕੀਤਾ ਅਤੇ ਉਦੋਂ ਤੋਂ ਲੈਕੇ ਹੁਣ ਤੱਕ ਉਹ ਇਹ ਟੀਕਾ ਲੋੜਵੰਦ ਗ੍ਰੰਥੀ ਸਿੰਘਾ ਅਤੇ ਕਥਾਵਾਚਕਾਂ ਨੂੰ ਮੁਫਤ ਵੰਡ ਰਹੇ ਹਨ ਜਿਸ ਦੀ ਕੀਮਤ ਲੱਖਾਂ ਰੁਪਏ ਬਣਦੀ ਹੈ। ਉਹਨਾਂ ਕਿਹਾ ਕਿ ਸੰਗਤਾ ਦੇ ਸ਼ੰਕੇ ਨਵਿਰਤ ਕਰਨ ਲਈ ਬਾਬਾ ਜੀ ਦੁਆਰਾ ਕੀਤੇ ਜਾ ਰਹੇ ਉਪਰਾਲੇ ਸਲਾਘਾਂਯੋਗ ਹਨ ਜਿਨ੍ਹਾਂ ਵਿੱਚ ਉਹ ਸੰਗਤਾ ਦੇ ਵਿੱਚ ਬੈਠਕੇ ਲੰਮੇਂ ਸਮੇ ਤੱਕ ਉਹਨਾਂ ਦੇ ਸੁਆਲਾਂ ਦੇ ਜੁਆਬ ਦਿੰਦੇ ਹਨ। ਇਸ ਤਰਾਂ ਦੀਆਂ ਮੀਟਿੰਗਾ ਕਰਨ ਨਾਲ ਗੁਰੂ-ਘਰਾਂ ਅੰਦਰ ਹੁੰਦੇ ਆਪਸੀ ਟਕਰਾਉ ਵੀ ਘਟਣਗੇ ਉਹਨਾਂ ਕਿਹਾ ਕਿ ਕੋਈ ਵੀ ਕਥਾਵਾਚਕ ਆਵੇ ਸੁਆਗਤ ਹੈ ਲੇਕਿਨ ਕਥਾਵਾਚਕ ਨੇ ਹਫਤਾ ਕਥਾ ਕਰਨੀ ਹੁੰਦੀ ਹੈ ਪਰ ਉਸਦੇ ਬੋਲਾ ਦੁਆਰਾ ਪੈਦਾ ਕੀਤੀ ਸਥਿਤੀ ਕਾਰਨ ਕਈ ਵਾਰੀ ਸੰਗਤ ਦੇ ਆਪਸੀ ਨੌਹ ਮਾਸ ਦੇ ਰਿਸ਼ਤੇ ਸਦਾ ਲਈ ਖਤਮ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਹਰਇੱਕ ਕਥਾਵਾਚਕ ਨੂੰ ਸੰਗਤ ਵਿੱਚ ਬੈਠਕੇ ਸੰਗਤ ਦੇ ਸੁਆਲਾ ਦੇ ਜੁਆਬ ਦੇਣੇਂ ਚਾਹੀਦੇ ਹਨ ਤਾਂ ਜੋ ਆਪਸੀ ਭਾਈਚਾਰਿਕ ਸਾਝ ਨੂੰ ਬਰਕਰਾਰ ਰੱਖਿਆ ਜਾ ਸਕੇ..!
















ਪ੍ਰੋਫੈਸਰ (ਡਾ.) ਰੌਣਕੀ ਰਾਮ
0091-9779142308
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ

# ਅਰਥ ਭਰਪੂਰ ਜੀਵਨ ਜਿਉਣ ਦੀ ਜਾਂਚ

*ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਸਥਾਪਤ ਹੋਇਆ ''ਇੰਟਰਨੈਸ਼ਨਲ ਸਿੱਖ ਸਟੱਡੀਜ਼ ਸੈਂਟਰ'' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ, ਸਿੱਖੀ ਅਤੇ ਸਿੱਖ ਧਰਮ ਸਬੰਧਤ ਭਰਪੂਰ ਜਾਣਕਾਰੀ ਆਮ ਜਨਤਾ ਤੱਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ''ਇੰਟਰਨੈਸ਼ਨਲ ਸਿੱਖ ਸਟੱਡੀਜ਼ ਸੈਂਟਰ'' ਵੱਲੋਂ ਹੁਣ ਤੱਕ ਮਾਨਤਾ ਪ੍ਰਾਪਤ ਵਿਦਵਾਨਾਂ ਦੇ ਤਿੰਨ ਲੈਕਚਰ ਹੋ ਚੁੱਕੇ ਹਨ, ਜਿਹਨਾਂ ਵਿਚ ਪ੍ਰੋਫੈਸਰ ਜੋਧ ਸਿੰਘ ਜੀ, ਪ੍ਰੋਫੈਸਰ ਹਰਭਜਨ ਸਿੰਘ ਜੀ ਅਤੇ ਪ੍ਰੋਫੈਸਰ (ਡਾ.) ਰੌਣਕੀ ਰਾਮ ਜੀ ਦੇ ਨਾਂ ਵਰਣਨਯੋਗ ਹਨ।*

*ਬੀਤੇ ਦਿਨੀਂ ਗੁਰਦੁਆਰਾ ਸਾਹਿਬ ਰਕਾਬਗੰਜ ਦਿੱਲੀ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਪ੍ਰੋਫੈਸਰ (ਡਾ.) ਰੌਣਕੀ ਰਾਮ ਜੀ ਨੇ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਜਾਣਕਾਰੀ ਭਰਪੂਰ ਲੈਕਚਰ ਪ੍ਰਸਤੁਤ ਕੀਤਾ, ਜਿਸ ਨੂੰ ਸੰਗਤ ਨੇ ਬਹੁਤ ਹੀ ਮਨਚਿੱਤ ਦੀ ਇਕਾਗਰਤਾ ਨਾਲ ਸਰਵਣ ਕੀਤਾ, ਜਿਸਦੀ ਹਰ ਪਾਸਿਉਂ ਸ਼ਲਾਘਾ ਹੋ ਰਹੀ ਹੈ।*

*ਉਪਰੋਕਤ ਲੈਕਚਰ ਦੀ ਪ੍ਰਧਾਨਗੀ ਮੰਡਲ 'ਚ ਸ. ਮਨਜੀਤ ਸਿੰਘ ਜੀ. ਕੇ. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਾਬਕਾ ਮੈਂਬਰ ਪਾਰਲੀਮੈਂਟ ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਅਤੇ ਸ. ਕੁਲਮੋਹਣ ਸਿੰਘ ਆਦਿ ਪ੍ਰਧਾਨਗੀ ਮੰਡਲ 'ਚ ਸੁਸ਼ੋਭਿਤ ਸਨ।*

*ਅਦਾਰਾ ''ਦੇਸ਼ ਦੁਆਬਾ'' ਆਪਣੇ ਪਾਠਕਾਂ ਦੀ ਜਾਣਕਾਰੀ 'ਚ ਵਾਧਾ ਕਰਨ ਲਈ ਪ੍ਰੋ. ਰੌਣਕੀ ਰਾਮ ਜੀ ਦਾ ਲੈਕਚਰ ਹੂਬਹੂ ਇਸ ਅੰਕ 'ਚ ਪ੍ਰਕਾਸ਼ਿਤ ਕਰਕੇ ਬੜਾ ਫਖਰ ਮਹਿਸੂਸ ਕਰ ਰਿਹਾ ਹੈ। ਉਮੀਦ ਹੈ ਪਾਠਕ ਇਸ ਲੈਕਚਰ ਨੂੰ ਪੜ੍ਹ ਕੇ ਆਪਣੇ ਵਿਚਾਰ ਡਾਕਟਰ ਸਾਹਿਬ ਤੱਕ ਪਹੁੰਚਾਣ ਲਈ ਸਾਨੂੰ ਕੁਝ ਲਾਈਨਾਂ email-ronkiram@yahoo.co.in ਤੇ ਲਿਖਣ ਦੀ ਕ੍ਰਿਪਾਲਤਾ ਜ਼ਰੂਰ ਕਰਨਗੇ।* **– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

**ਜੀਵਨ** ਅਤੇ ਜੀਣ ਦੇ ਸਲੀਕੇ ਦਾ ਆਪਸ ਵਿਚ ਗੂੜ੍ਹਾ ਨਾਤਾ ਹੈ। ਜਿਹੜਾ ਜੀਵਨ ਜੀਣ ਦੇ ਅਰਥ ਭਰਪੂਰ ਢੰਗ ਤੋਂ ਸੱਖਣਾ ਹੈ, ਉਹ ਕੇਵਲ ਅਧੂਰਾ ਹੀ ਨਹੀਂ ਬਲਕਿ ਕਸ਼ਟਮਈ ਵੀ ਹੈ। ਜੀਵਨ ਇਨਸਾਨ ਦੀ ਹੋਂਦ ਅਤੇ ਉਸ ਨੂੰ ਸੁਚੱਜੇ ਢੰਗ ਨਾਲ ਜੀਣ ਦਾ ਨਾਂ ਹੈ। ਇਹ ਸਿਰਫ਼ ਜੀਵ-ਵਿਗਿਆਨ ਪ੍ਰਕਿਰਿਆ ਹੀ ਨਹੀਂ ਹੈ। ਇਸਦੀਆਂ ਸਮ-ਾਜਿਕ ਅਤੇ ਅਧਿਆਤਮਿਕ ਪਰਤਾਂ ਵੀ ਹਨ। ਇਸ ਵਿਚ ਕੋਈ ਦੂਸਰੀ ਰਾਏ ਨਹੀਂ ਹੈ ਕਿ ਮਨੁੱਖਾ ਜੀਵਨ ਰੱਬ ਦੀ ਅਮੁੱਲ ਦਾਤ ਹੈ-

(ਗਉੜੀ ਮਾਝ ਮਹਲਾ ੪॥)

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨ ਗਰਭ ਹਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥੨।
ਸਾਧ ਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥
ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਿਹ ਦਰਗਾਹ ਪਰਵਾਨੁ॥੩॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥
ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥੩॥੭੨॥
(ਅੰਗ 176)

ਗੁਰੂ ਰਾਮ ਦਾਸ ਜੀ ਮਹਾਰਾਜ ਉਪਰੋਕਤ ਬਾਣੀ ਵਿਚ ਮਨੁੱਖਾ ਜੀਵਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਬਹੁਤ ਹੀ ਵਿਸਥਾਰ ਪੂਰਵਕ ਢੰਗ ਨਾਲ ਇਸ ਰਾਹੀਂ ਪ੍ਰਭੂ ਨਾਲ ਵਿਸ਼ਾਲ ਕਰਨ ਦੀ ਲੰਬੀ ਯਾਤਰਾ ਦਾ ਜ਼ਿਕਰ ਕਰਦੇ ਹਨ, ਜਿਸਦੀ ਸੋਝੀ ਇਨਸਾਨ ਨੂੰ ਇਸ ਬਾਣੇ ਦੀ ਮਹੱਤਤਾ ਬਾਰੇ ਸੋਚਣ ਲਈ ਉਤਸ਼ਾਹਿਤ ਕਰਦੀ ਹੈ। ਇਸੇ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਜੀਵਨ ਦੀ ਮਹੱਤਤਾ ਨੂੰ ਹੇਠ ਲਿਖਿਆਂ ਪਦਾ ਵਿਚ ਬਹੁਤ ਹੀ ਵੈਰਾਗ ਮਈ ਢੰਗ ਨਾਲ ਬਿਆਨ ਕਰਦੇ ਹਨ-

(ਗਉੜੀ ਮਹਲਾ ੯॥)

ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ਰਹਾਉ॥
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥
ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥
ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥੫॥ (ਅੰਗ 219)

ਗੁਰੂ ਤੇਗ ਬਹਾਦਰ ਜੀ ਅਮੋਲਕ ਜੀਵਨ ਨੂੰ ਸੁਚੱਜੀ ਜੀਵਨ ਜਾਂਚ ਦੀ ਗੈਰ ਹਾਜ਼ਰੀ ਵਿਚ ਬਤੀਤ ਕਰਨ ਨੂੰ ਬਿਰਥਾ ਆਖਦੇ ਹਨ। ਦੂਸਰੇ ਸ਼ਬਦਾਂ ਵਿਚ ਜੀਵਨ ਦੀ ਇਸ ਰੱਬੀ ਅਮੁੱਲ ਦਾਤ ਦੀ ਦੁਨਿਆਵੀ ਯਾਤਰਾ ਦੌਰਾਨ ਸੁਚੱਜੇ ਢੰਗ ਨਾਲ ਵਿਚਰਣ ਦੀ ਸੂਹਜ ਹੀ ਇਸਦੀ ਸਹੀ ਮਾਅਨਿਆਂ 'ਚ ਤਵਾਰਫ ਕਰਵਾ ਸਕਦੀ ਹੈ।

ਮਨੁੱਖਾ ਜੀਵਨ ਦੀ ਅਮੋਲਕ ਦਾਤ ਇਨਸਾਨ ਤੋਂ ਹਰ ਇਕ ਕਦਮ ਸੋਚ ਕੇ ਪੁੱਟਣ ਦੀ ਆਸ ਰੱਖਦੀ ਹੈ। ਅਜਿਹੀ ਸੋਝੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਉਸ ਕੁਲ ਮਾਲਕ ਦੀ ਕ੍ਰਿਪਾ ਨਾਲ ਹੀ ਆਉਂਦੀ ਹੈ-

ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾ ਸਤਿਗਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀਂ, ਸਭਿ ਸੁਣਿਅਹੁ ਲੋਕ ਸਬਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ੍ਹੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ॥੪॥ (ਅੰਗ 465)

ਮਨੁੱਖਾ ਜੀਵਨ ਦਾ ਅਸਲ ਮੰਤਵ ਵਾਹਿਗੁਰੂ ਦੀ ਮਿਹਰ ਹਾਸਿਲ ਕਰਨਾ ਹੈ-

ਲਖ ਨੇਕੀਆ ਚੰਗਿਆਈਆ, ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ, ਸਹਜ ਜੋਗ ਬੇਬਾਣ॥
ਲਖ ਸੂਰਤਣ ਸੰਗਰਾਮ, ਰਣ ਮਹਿ ਛੁਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ, ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ, ਲਿਖਿਆ ਆਵਣ ਜਾਣੁ॥
ਨਾਨਕ, ਮਤੀ ਮਿਥਿਆ, ਕਰਮੁ ਸਚਾ ਨੀਸਾਣੁ॥੨॥(ਅੰਗ 467)

ਉਸਦੀ ਮਿਹਰ ਨੂੰ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਉਸ ਦੇ ਨਾਮ ਦਾ ਸਿਮਰਨ ਹੈ। ਇਸਤੋਂ ਇਲਾਵਾ ਹੋਰ ਸਭ ਕਾਰਜ ਮਾਇਆ ਦੇ ਵਸ ਹੋ ਕੇ ਜੀਵਨ ਦੇ ਅਸਲੀ ਮੰਤਵ ਤੋਂ ਕਿਨਾਰਾ ਕਰਕੇ ਖਜ਼ਲ ਹੋਣਾ ਹੈ

(ਸਲੋਕ ਮ: ੧)

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ॥
ਨਾਨਕ, ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ॥੧॥ (ਅੰਗ 467)

ਆਪ, ਉਸ ਵਾਹਿਗੁਰੂ ਦੀ ਉਸਤਿਤ ਤੋਂ ਬਿਨਾਂ ਹੋਰ ਸਭ ਕਾਰਜਾਂ ਨੂੰ ਫਜ਼ੂਲ ਦੱਸਦੇ ਹੋਏ ਫੁਰਮਾਉਂਦੇ ਹਨ –

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ, ਦੇਹੀ ਦੁਖੁ ਦੀਆ॥ ਸਾਹੁ ਵੇ ਜੀਆ, ਅਪਣਾ ਕੀਆ॥
ਅੰਨੁ ਨ ਖਾਇਆ, ਸਾਦੁ ਗਵਾਇਆ॥ ਬਹੁ ਦੁਖੁ ਪਾਇਆ, ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ, ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ, ਸਿਰ ਛਾਈ ਪਾਈ॥ ਮੂਰਖਿ ਅੰਧੈ, ਪਤਿ ਗਵਾਈ॥
ਵਿਣੁ ਨਾਵੈ, ਕਿਛੁ ਥਾਇ ਨ ਪਾਈ॥
ਰਹੈ ਬੇਬਾਣੀ, ਮੜੀ ਮਸਾਣੀ॥ ਅੰਧੁ ਨ ਜਾਣੈ, ਫਿਰਿ ਪਛੁਤਾਣੀ॥
ਸਤਿਗੁਰ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਨਾਨਕ, ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ, ਹਉਮੈ ਸਬਦਿ ਜਲਾਏ॥੨॥ (ਅੰਗ 467-468)

ਇਸ ਮਾਇਆ ਰੂਪੀ ਸੰਸਾਰ ਵਿਚ ਸਿਵਾਏ ਸੱਚੇ ਨਾਮ ਦੇ ਕੁਝ ਵੀ ਸਥਿਰ ਨਹੀਂ ਹੈ ਅਤੇ ਅਸਚਰਜ ਇਹ ਹੈ ਕਿ ਮਨੁੱਖ ਨੂੰ ਇਹ ਛਲ ਰੂਪ ਸੰਸਾਰ ਸੱਚ ਜਾਪਦਾ ਹੈ।

ਕੂੜੁ ਰਾਜ, ਕੂੜੁ ਪਰਜਾ, ਕੂੜੁ ਸਭੁ ਸੰਸਾਰ॥
ਕੂੜੁ ਮੰਡਪ, ਕੂੜੁ ਮਾੜੀ, ਕੂੜੁ ਬੈਸਣਹਾਰੁ॥
ਕੂੜੁ ਸੁਇਨਾ, ਕੂੜੁ ਰੂਪਾ, ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ, ਕੂੜ ਕਪੜੁ, ਕੂੜੁ ਰੂਪੁ ਅਪਾਰੁ॥
ਕੂੜੁ ਮੀਆ, ਕੂੜ ਬੀਬੀ, ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ, ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ, ਸਭੁ ਜੁਗ ਚਲਣਹਾਰੁ॥
ਕੂੜੁ ਮਿਠਾ, ਕੂੜੁ ਮਾਖਿਉ, ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ, ਤੁਧੁ ਬਾਝੁ ਕੂੜੋ ਕੂੜੁ॥੧॥ (ਅੰਗ 468)

ਪ੍ਰਮਾਤਮਾ ਸੱਚੇ ਸਰੂਪ ਦੀ ਪ੍ਰਾਪਤੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਸੱਚ ਨਾਲ ਪਿਆਰ ਪਾਉਣ ਦੁਆਰਾ ਹੀ ਮਿਲਦੀ ਹੈ:

ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ॥
ਕੂੜੁ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ, ਜਿਨਿ ਸਚੁ ਪਲੈ ਹੋਇ॥ (ਅੰਗ 465)

ਮਨੁੱਖਾ ਜੀਵਨ ਅਮੋਲਕ ਦਾਤ ਦਾ ਜੇਕਰ ਕੋਈ ਅਸਲ ਮੰਤਵ ਹੈ, ਤਾਂ ਉਹ ਸਿਰਫ਼ ਅਤੇ ਸਿਰਫ਼ ਉਸ ਨਿਰਗੁਣ ਮਾਲਕ ਨਾਲ ਮਿਲਾਪ ਹੈ, ਜਿਸਦਾ ਇਹ ਅੰਸ਼ ਹੈ। ਇਹ ਦਾਤ ਵੀ ਦਾਤੇ ਦੀ ਦਿੱਤੀ ਹੈ ਅਤੇ ਇਸੇ ਰਾਹੀਂ ਉਸ ਤਕ ਪਹੁੰਚਣਾ ਵੀ ਉਸਦੀ ਮਿਹਰ 'ਤੇ ਨਿਰਭਰ ਹੈ। ਬਾਬੇ ਫਰੀਦ ਦੀ ਬਾਣੀ ਵਿਚ ਸਾਨੂੰ ਇਸ ਅਮੋਲਕ ਦਾਤ ਨੂੰ ਇਸਦੇ ਸਹੀ ਮਾਅਨਿਆਂ ਵਿਚ ਅਪਨਾਉਣ ਲਈ ਸੁੱਤੇ ਸਿੱਧ ਜਾਂਚ ਹਾਸਲ ਹੁੰਦੀ ਹੈ।

ਕਵਣੁ ਸੁ ਅਖਰ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥੧੨੭॥
ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋਈ ਐਸਾ ਭਗਤੁ ਸਦਾਏ॥128॥
ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥ (ਅੰਗ 1384)

ਉਪਰੋਕਤ ਬਾਣੀ ਵਿਚ ਬਾਬਾ ਫਰੀਦ ਸਾਨੂੰ ਬੜੇ ਪਿਆਰ ਨਾਲ ਸਮਝਾਉਂਦੇ ਹਨ ਕਿ ਇਸ ਮਨੁੱਖਾ ਜੀਵਨ ਵਿਚ ਅਸੀਂ ਪ੍ਰਭੂ ਨਾਲ ਮਿਲਾਪ ਤਦ ਹੀ ਕਰ ਪਾਵਾਂਗੇ ਜੇਕਰ ਅਸੀਂ ਨੀਵਾਂ ਹੋ ਕੇ, ਮਿੱਠਾ ਬੋਲ ਕੇ, ਦੂਸਰਿਆਂ ਦੀਆਂ ਗੱਲਾਂ ਨੂੰ ਸਹਾਰ ਕੇ ਅਤੇ ਇਕ ਵੀ ਫਿੱਕਾ ਬਚਨ ਨਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਈਏ। ਫਿੱਕੇ ਬੋਲ ਇਨਸਾਨ ਨੂੰ ਇਸ ਜਗਤ ਅਤੇ ਦਰਗਾਹ ਵਿਚ ਵੀ ਧੱਕੇ ਪਵਾਉਂਦੇ ਹਨ।

ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥ (ਅੰਗ 473)

ਹੁਣ ਅਹਿਮ ਸੁਆਲ ਜੋ ਆਪ-ਮੁਹਾਰੇ ਉੱਠਦਾ ਹੈ ਉਹ ਹੈ ਅਜਿਹੀ ਜੀਵਨ ਜਾਂਚ ਕਿੱਥੋਂ ਹਾਸਲ ਕੀਤੀ ਜਾਵੇ। ਜਿਸ ਨਾਲ ਸੱਚ ਦੀ ਸਮਝ ਆ ਕੇ ਜੀਵਨ ਦੇ ਅਸਲੀ ਮਕਸਦ ਨੂੰ ਪ੍ਰਾਪਤ ਕਰ ਸਕੀਏ। ਕਿਵ ਸਚਿਆਰਾ ਹੋਇਐ, ਕਿਵ ਕੂੜੇ ਤੁਟੈ ਪਾਲਿ॥ ਇਹ ਕੂੜ ਦੀ ਪਾਲ ਜਿਸ ਵਲ ਬਾਬਾ ਨਾਨਕ ਇਸ਼ਾਰਾ ਕਰਦੇ ਹਨ ਉਹ ਕਿਹੜੀ ਹੈ, ਉਸਦਾ ਵਜੂਦ ਕੀ ਹੈ। ਕੂੜ ਤੋਂ ਭਾਵ ਹੈ ਮਾਇਆ। ਮਾਇਆ ਦੇ ਭਿੰਨ ਭਿੰਨ ਰੂਪ ਮਨੁੱਖਾ ਜਨਮ ਦੀ ਅਮੋਲਕ ਦਾਤ ਨੂੰ ਇਸਦੇ ਇਲਾਹੀ ਮੰਤਵ ਤੋਂ ਦੂਰ ਕਰਦੇ ਹਨ। ਮਾਇਆ ਆਪਣੇ ਚੰਚਲ ਸੁਭਾਅ ਦੇ ਹਿਤੂ ਜੀਵਨ ਨੂੰ ਭਟਕਣ ਵਲ ਧਕੇਲਦੀ ਹੈ। ਇਸਦੇ ਜੰਜਾਲ ਤੋਂ ਸਾਧਾਰਨ ਵਿਅਕਤੀ ਤਾਂ ਕੀ ਜੋਗੀ, ਜਤੀ, ਤਪੀ, ਮੁਨੀ, ਜੰਗਮ ਅਤੇ ਸੰਨਿਆਸੀ ਵੀ ਬਚ ਨਹੀਂ ਸਕੇ। ਇਥੇ ਅਸੀਂ ਇਸਦੇ ਸਥੂਲ ਅਤੇ ਸੂਖਮ ਰੂਪ ਦੀ ਕੁਝ ਚਰਚਾ ਕਰਦੇ ਹਾਂ।

ਦੁਨਿਆਵੀ ਰਿਸ਼ਤੇ ਮਾਤਾ-ਪਿਤਾ, ਭੈਣ-ਭਰਾ, ਪਤੀ-ਪਤਨੀ, ਬੰਧਪ ਅਤੇ ਸਾਧਨ ਜਿਵੇਂ ਧਨ, ਸੰਪਤੀ, ਰਾਜ, ਭਾਗ ਇਸਦੇ ਸਥੂਲ ਰੂਪ ਵਿਚ ਲੋਭ, ਮੋਹ ਅਤੇ ਮਮਤਾ ਦੇ ਦਾਅ ਪੇਚਾਂ ਵਿਚ ਰੁਦਨ ਕਰਦੇ ਮਨੁੱਖਾ ਜੀਵਨ ਨੂੰ ਉਸਦੇ ਅਸਲ ਭਾਵ ਤੋਂ ਅਣਜਾਣ ਬਣਾਈ ਰੱਖਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਾਇਆ ਦੇ ਸੂਖਮ ਰੂਪ ਇਨਸਾਨ ਨੂੰ ਬਾਲਪਣ ਤੋਂ ਲੈ ਕੇ ਬਿਰਧ ਅਵਸਥਾ ਤਕ ਅਜਿਹੀ ਘੁੰਮਣ ਘੇਰੀ ਵਿਚ ਪਾਈ ਰੱਖਦੇ ਹਨ ਕਿ ਉਸਨੂੰ ਇਸ ਜਗਤ ਤਮਾਸ਼ੇ ਦੀ ਅਸਲੀ ਪਹਿਚਾਣ ਦੀ ਸੋਝੀ ਹੀ ਨਹੀਂ ਆਉਂਦੀ। ਉਹ ਇਸ ਜੀਵਨ ਦੇ ਅਸਲੀ ਮੰਤਵ ਤੋਂ ਗੁੰਮਰਾਹ ਹੋ ਕੇ ਮਾਇਆ ਦੇ ਜ਼ੋਰ ਹੇਠ ਲਗਾਤਾਰ ਦੁਰਾਚਾਰ ਦੇ ਰਾਹ ਪਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਇਸਦੀ ਵਿਆਖਿਆ ਇੰਝ ਕਰਦੇ ਹਨ:

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ, ਹੱਤਿਆ ਕਮਾਹਿ॥
ਅਸੰਖ ਪਾਪੀ, ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ, ਕੂੜੇ ਫਿਰਾਹਿ॥
ਅਸੰਖ ਮਲੇਛ, ਮਲੁ ਭਖਿ ਖਾਹਿ॥ ਅਸੰਖ ਨਿੰਦਕ, ਸਿਰਿ ਕਰਹਿ ਭਾਰੁ॥
ਨਾਨਕ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥18॥ (ਅੰਗ 4)

ਜੀਵਨ ਜਾਂਚ ਅਤੇ ਕੂੜ ਦੀ ਪਾਲ ਦਾ ਸਿੱਧਾ ਨਾਤਾ ਜੀਵਨ ਦੇ ਸੰਸਾਰੀ ਸੰਬੰਧਾਂ ਨਾਲ ਜੁੜਿਆ ਹੋਇਆ ਹੈ ਜੋ ਇਸਨੂੰ ਇਸਦੀ ਅਧਿਆਤਮਿਕ ਲੰਬੀ ਯਾਤਰਾ ਦੇ ਰਾਹੇ ਹੀ ਨਹੀਂ ਪੈਣ ਦਿੰਦਾ। ਜੀਵਨ ਅਤੇ ਸੰਸਾਰ ਦਾ ਆਪਸੀ ਸੰਬੰਧ ਅਤੇ ਦੁਬੰਧ ਜੀਵਨ ਦੇ ਸਹੀ ਅਰਥਾਂ ਨੂੰ ਪਰਿਭਾਸ਼ਿਤ ਕਰਦਾ ਹੈ। ਜੀਵਨ ਦਾ ਸਾਰ ਸਮਾਜ ਦੀ ਜਟਿਲ ਵਿਵਸਥਾ ਨਾਲ ਮੋਹ ਪੱਤ ਹੈ। ਅਸੀਂ ਮਨੁੱਖਾ ਜੀਵਨ ਨੂੰ ਸੰਸਾਰ/ਸਮਾਜ ਦੀ ਬਣਤਰ ਤੋਂ ਅਲੱਗ ਰਖ ਕੇ ਇਸਦੇ ਸਮਝਣ ਦੀ ਵਿਆਕਰਣ ਤੋਂ ਅਣਜਾਣ ਰਹਿੰਦੇ ਹਾਂ। ਜੀਵਨ ਅਤੇ ਸਮਾਜ ਆਪਸ ਵਿਚ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਚੰਗੇ ਜੀਵਨ ਲਈ ਚੰਗੇ ਸਮਾਜ ਦੀ ਅਤਿ ਜ਼ਰੂਰਤ ਹੈ। ਅਗਰ ਸਮਾਜ ਚੰਗਾ ਨਹੀਂ ਤਾਂ ਉਸ ਦਾ ਕਾਰਨ ਵੀ ਜੀਵਨ ਅੰਦਰੋਂ ਲੱਭਣਾਂ ਪਵੇਗਾ। ਜੀਵਨ ਸਮਾਜ ਅਤੇ ਸਮਾਜ ਜੀਵਨ ਦਾ ਪੂਰਕ ਹੈ। ਇਸ ਕਰਕੇ ਗੁਰੂ ਸਾਹਿਬਾਨ ਪ੍ਰਭੂ ਦੇ ਮਿਲਨ ਦੀ ਲੋਚਾ ਨੂੰ ਸਮਾਜ ਦੀ ਕੋਠੜੀ ਵਿਚ ਰਹਿ ਕੇ ਸੰਪੂਰਨ ਕਰਨ ਦੀ ਸਿੱਖਿਆ ਦਿੰਦੇ ਹਨ। ਸਮਾਜ ਦੇ ਤਿਆਗ ਨੂੰ ਵਰਜਿਤ ਕਰਦੇ ਹਨ। ਸੂਤਕ-ਪਾਤਕ, ਤੀਰਥ, ਇਸ਼ਨਾਨ, ਧੂਣੀਆਂ ਤਪਾਉਣ, ਅਵਤਾਰਾਂ ਦੀ ਪੂਜਾ, ਆਦਿ ਤੋਂ ਗੁਰੇਜ ਕਰਦੇ ਹਨ। ਇਸ ਸਭ ਦੇ ਉਲਟ ਸਮਾਜ ਸੇਵੀ ਹੋਣ ਦੀ ਸੋਝੀ ਦਿੰਦੇ ਹਨ।

ਸੰਨਿਆਸ ਦੇ ਉਲਟ ਕਿਰਤ ਨੂੰ ਤਰਜੀਹ ਦਿੰਦੇ ਹਨ। ਠੱਗੀਆਂ ਠੋਰੀਆਂ ਅਤੇ ਹੇਰਾ-ਫੇਰੀਆਂ ਦੀ ਥਾਂ ਹੱਕ-ਹਲਾਲ ਦੀ ਕਮਾਈ ਚੋਂ ਦਸਵੰਧ ਦੀ ਸਿੱਖਿਆ ਦਿੰਦੇ ਹਨ-

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਅੰਗ 1245)

ਗੁਰੂ ਗ੍ਰੰਥ ਸਾਹਿਬ ਵਿਚਲੀ ਜੀਵਨ ਜਾਚ ਸੰਸਾਰਿਕ ਧੰਦਿਆਂ ਤੋਂ ਕਿਨਾਰਾ ਕਰ ਕੇ ਸਮਾਜ ਨੂੰ ਪਿੱਠ ਦਿਖਾਉਣ ਨੂੰ ਨਕਾਰਦੀ ਹੈ। ਗੁਰੂ ਸਾਹਿਬਾਨ ਇਨਸਾਨ ਨੂੰ ਸਮਾਜ ਸੇਵੀ ਹੋਣ ਦੀ ਸਿੱਖਿਆ ਦਿੰਦੇ ਹੋਏ ਉਸਨੂੰ ਕਰਮ ਤੋਂ ਮੂੰਹ ਮੋੜਨ ਵਾਲੀ ਵਿਰਤੀ ਤੋਂ ਮੁਕਤ ਕਰਵਾ ਕੇ ਕਿਰਤ-ਮਈ ਜੀਵਨ ਨਾਲ ਜੋੜਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ –

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥

ਦੁਨਿਆਵੀ ਕੰਮਾਂ-ਕਾਰਾਂ ਦਾ ਤਿਆਗ ਮਾਇਆ/ਕੂੜ ਤੋਂ ਮੁਕਤੀ ਨਹੀਂ ਬਲਕਿ ਇਸ ਅੱਗੇ ਗੋਡੇ ਟੇਕਣਾ ਹੈ। ਮਾਇਆ ਬਹੁਤ ਸੂਖਮ ਢੰਗ ਨਾਲ ਮਨ ਨੂੰ ਕਾਬੂ ਕਰਕੇ ਇਨਸਾਨੀ ਜਾਮੇ ਨੂੰ ਪਲੀਤ ਕਰਦੀ ਹੈ। ਘਰ-ਬਾਰ ਛੱਡ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੂਰ ਨਹੀਂ ਹੋ ਜਾਂਦੇ। ਸੰਗੀਆਂ ਸਾਥੀਆਂ ਵਿਚ ਰਹਿੰਦਿਆਂ ਜੇ ਧੰਨ-ਦੌਲਤ ਦਾ ਹੰਕਾਰ ਹੁੰਦਾ ਹੈ ਤਾਂ ਸੰਨਿਆਸ ਵਿਚ ਭਗਤੀ ਕਰਨ ਦਾ ਨਵਾਂ ਹੰਕਾਰ ਉਠ ਖੜੋਂਦਾ ਹੈ। ਇਸ ਕਰਕੇ ਗੁਰੂ ਸਾਹਿਬਾਨ ਸਾਨੂੰ ਪਰਿਵਾਰਕ ਮੋਹ ਮਾਇਆ ਛੱਡ ਕੇ ਸੰਨਿਆਸ ਲੈਣ ਤੋਂ ਵਰਜਦੇ ਹਨ। ਉਹ ਪਰਿਵਾਰ ਵਿਚ ਰਹਿੰਦਿਆਂ ਅਤੇ ਸੰਸਾਰ ਵਿਚ ਵਿਚਰਦਿਆਂ ਇਕ ਨਿਵੇਕਲੇ ਸੰਨਿਆਸ ਦੀ ਗਲ ਕਰਦੇ ਹਨ। ਇਹ ਨਿਵੇਕਲਾ ਸੰਨਿਆਸ ਮਾਇਆ ਦੀਆਂ ਸਥੂਲ ਅਤੇ ਸੂਖਮ ਚਾਲਾਂ ਤੋਂ ਬਚਾਉਂਦਿਆਂ ਮਨੁੱਖ ਜੀਵਨ ਦੀ ਅਮੁੱਲੀ ਦਾਤ ਨੂੰ ਪਲੀਤ ਹੋਣ ਤੋਂ ਸੁਰੱਖਿਅਤ ਰਖਦਾ ਹੈ ਅਤੇ ਉਸਨੂੰ ਅਖੀਰ ਵਿਚ ਉਸਦੇ ਨਿੱਜ ਘਰ ਵਾਸਾ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਮਾਇਆ ਦੇ ਪ੍ਰਭਾਵ ਹੇਠ ਇਨਸਾਨ ਵਲੋਂ ਸੁੱਖ ਲਈ ਲਈ ਕੀਤੇ ਯਤਨਾਂ ਤੋਂ ਨਿਸਫਲ ਹੁੰਦਿਆਂ ਫੁਰਮਾਉਂਦੇ ਹਨ:

ਜਤਨ ਬਹੁਤ ਸੁਖ ਕੀ ਕੀਏ,
ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨ ਰੇ ਮਨਾਂ, ਹਰਿ ਭਾਵੈ ਸੋ ਹੋਇ॥ (ਅੰਗ 1428)

**(ਬਾਕੀ ਅਗਲੇ ਸਫੇ ਤੇ)**

# ਦਿੱਲੀ ਕਮੇਟੀ ਵੱਲੋਂ ਅਰਥ ਭਰਪੂਰ ਜੀਵਨ ਜਿਉਣ ਦੇ ਢੰਗ ਬਾਰੇ ਸੈਮੀਨਾਰ ਕਰਵਾਇਆ



ਨਵੀਂ ਦਿੱਲੀ- ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼ ਵੱਲੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਰਥ ਭਰਪੂਰ ਜੀਵਨ ਜਿਊਣ ਦਾ ਢੰਗ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖੋਜ ਅਦਾਰੇ ਵੱਲੋਂ ਹਰ ਮਹੀਨੇ ਇਕ ਨਵੇਂ ਵਿਸ਼ੇ 'ਤੇ ਸੈਮੀਨਾਰ ਕਰਵਾਉਣ ਦੀ ਚਲਾਈ ਗਈ ਲੜੀ ਦੇ ਤਹਿਤ ਇਸ ਵਾਰ ਡਾ. ਰੌਣਕੀ ਰਾਮ ਵੱਲੋਂ ਸ਼ਬਦ ਗੁਰੂ ਦੇ ਹਵਾਲੇ ਨਾਲ ਜੀਵਨ ਜਿਊਣ ਦਾ ਢੰਗ ਵਿਸਥਾਰ ਨਾਲ ਸਮਝਾਇਆ ਗਿਆ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਅਦਾਰੇ ਨੂੰ ਕੌਮਾਂਤਰੀ ਪੱਧਰੀ ਆਧੁਨਿਕ ਤਕਨੀਕਾਂ ਨਾਲ ਲੈਸ ਕਰਨ ਵਾਸਤੇ ਕਮੇਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਹਵਾਲਾ ਦਿੰਦੇ ਹੋਏ ਅਦਾਰੇ ਲਈ ਅਮਰੀਕਾ ਦੇ ਹੋਟਲ ਕਾਰੋਬਾਰੀ ਸੰਤ ਸਿੰਘ ਛੱਤਵਾਲ ਵੱਲੋਂ ਛੇ ਕਰੋੜ ਰੁਪਏ ਦੀ ਦਿੱਤੀ ਗਈ ਸਹਾਇਤਾ ਰਾਸ਼ੀ ਦੀ ਜਾਣਕਾਰੀ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਝੀਵਾਲਤਾ, ਇਮਾਨਦਾਰੀ ਦਾ ਸੁਨੇਹਾ ਮਿਲਣ ਦੀ ਗੱਲ ਕਰਦੇ ਹੋਏ ਜੀ. ਕੇ. ਨੇ ਸ਼ਬਦ ਗੁਰੂ ਦੇ ਭਾਵ ਨੂੰ ਸਮਝਣ ਵਾਸਤੇ ਉਕਤ ਸੈਮੀਨਾਰ ਕਰਵਾਉਣ ਦਾ ਵੀ ਦਾਅਵਾ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਇਨਸਾਨ ਦੇ ਮਨ ਵਿਚ ਰਹਿਮ ਅਤੇ ਭਲਾਈ ਦੀ ਭਾਵਨਾ ਸਥਾਪਤ ਕਰਦੇ ਹੋਏ ਜੀਵਨ ਵਿਚ ਦੋਗਲਾਪਣ ਤਿਆਗਣ ਦੀ ਵੀ ਅਪੀਲ ਕੀਤੀ। ਚੰਗੇ ਜੀਵਨ ਅਤੇ ਚੰਗੇ ਸਮਾਜ ਨੂੰ ਇਕ ਦੂਜੇ ਦਾ ਪੂਰਕ ਦੱਸਦੇ ਹੋਏ ਡਾ. ਜਸਪਾਲ ਸਿੰਘ ਨੇ ਇੱਕ ਮਨ ਇੱਕ ਚਿੱਤ ਹੋ ਕੇ ਬਾਣੀ ਪੜ੍ਹਨ ਦੀ ਵੀ ਮੌਜੂਦਾ ਲੋਕਾਂ ਨੂੰ ਪ੍ਰੇਰਨਾ ਕੀਤੀ। ਡਾ. ਰੌਣਕੀ ਰਾਮ ਨੇ ਜੀਵਨ ਕੀ ਹੈ ਅਤੇ ਕਿਸ ਪ੍ਰਕਾਰ ਜੀਆ ਜਾਏ? ਆਦਿਕ ਸਵਾਲਾਂ ਦੇ ਜਵਾਬ ਗੁਰਬਾਣੀ ਰਾਹੀਂ ਦਿੱਤੇ। ਅਦਾਰੇ ਦੇ ਕਨਵੀਨਰ ਅਤੇ ਰਾਜ ਸਭਾ ਮੈਂਬਰ ਤ੍ਰਿਲੋਚਨ ਸਿੰਘ ਨੇ ਆਏ ਪਤਵੰਤਿਆਂ ਨੂੰ ਜੀ ਆਇਆਂ ਕਹਿੰਦੇ ਹੋਏ ਸਿੱਖ ਧਰਮ ਦੇ ਪ੍ਰੈਕਟੀਕਲ ਧਰਮ ਹੋਣ ਦਾ ਵੀ ਦਾਅਵਾ ਕੀਤਾ। ਦਿੱਲੀ ਕਮੇਟੀ ਦੇ ਸੀਨੀਅਰ ਮੈਂਬਰ ਕੁਲਮੋਹਨ ਸਿੰਘ ਨੇ ਸਿੱਖ ਕੌਮ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਡਿਜ਼ੀਟਲ ਰੂਪ ਦੇਣ ਵਾਸਤੇ ਅਦਾਰੇ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦੇ ਹੋਏ ਸੰਗਤਾਂ ਕੋਲੋਂ ਮੌਜੂਦਾ ਇਤਿਹਾਸਕ ਦਸਤਾਵੇਜ਼ ਅਦਾਰੇ ਤੱਕ ਭੇਜਣ ਦੀ ਵੀ ਅਪੀਲ ਕੀਤੀ। ਇਸ ਮੌਕੇ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਪਾਲ ਸਿੰਘ ਚੱਢਾ, ਮੀਤ ਪ੍ਰਧਾਨ ਸਤਪਾਲ ਸਿੰਘ, ਜੁਆਇੰਟ ਸਕੱਤਰ ਅਮਰਜੀਤ ਸਿੰਘ ਪੱਪੂ, ਸਾਬਕਾ ਮੀਤ ਪ੍ਰਧਾਨ ਤਨਵੰਤ ਸਿੰਘ ਅਤੇ ਆਈ. ਟੀ. ਮੁਖੀ ਵਿਕਰਮ ਸਿੰਘ ਮੌਜੂਦ ਸਨ।

# ਅਰਥ ਭਰਪੂਰ ਜੀਵਨ ਜੀਣ ਦੀ ਜਾਂਚ

ਮਾਇਆ ਦੇ ਪ੍ਰਭਾਵ ਹੇਠ ਇਨਸਾਨ ਭਾਵੇਂ ਸੁੱਖਾਂ ਦੀਆਂ ਜਿੰਨੀਆਂ ਮਰਜੀ ਸੁੱਖਾਂ ਸੁਖਦਾ ਫਿਰੇ ਹੋਣਾ ਉਹ ਹੀ ਹੈ ਜੋ ਉਸ ਕਰਤਾਰ ਨੂੰ ਭਾਵੇਗਾ। ਮਾਇਆ ਦੀ ਮ੍ਰਿਗ ਤ੍ਰਿਨਾ ਇਨਸਾਨ ਨੂੰ ਸਿਵਾਏ ਉਸਦੇ ਸਦੀਵੀ ਲਕਸ਼ ਤੋਂ ਭਟਕਾਉਣ ਤੋਂ ਬਿਨਾਂ ਉਸਦੀ ਕਿਤੇ ਵੀ ਮਦਦ ਨਹੀਂ ਕਰਦੀ। ਗੁਰੂ ਸਾਹਿਬ ਫੁਰਮਾਉਂਦੇ ਹਨ:

ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੈ ਨੀਤ।।
ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿਮੀਤ।।
ਮਾਇਆ ਕਾਰਨਿ ਧਾਵਹੀ, ਮੂਰਖ ਲੋਗ ਅਜਾਨ।।
ਕਹੁ ਨਾਨਕ ਬਿਨ ਹਰ ਭਜਨ, ਬਿਰਥਾ ਜਨਮੁ ਸਿਰਾਨ।। (ਅੰਗ 1427)

ਸੰਸਾਰ ਦੇ ਨਾਸ਼ਵਾਨ ਪਲੇਟਫਾਰਮ ਤੇ ਖੜਿਆਂ ਕਿਸੇ ਸਥਾਈ ਸੁਖ ਦੀ ਪ੍ਰਾਪਤੀ ਦੀ ਲੋਚਾ ਕਰਨਾ ਮਾਇਆ ਨੂੰ ਕੂੜ ਨਹੀਂ ਤਾਂ ਹੋਰ ਕੀ ਹੈ। ਅਜਿਹੀ ਲੋਚਾ ਹੀ ਇਨਸਾਨ ਨੂੰ ਬੇਮਤਲਬਾ ਦੁੜਾਈ ਫਿਰਦੀ ਹੈ। ਜੇਕਰ ਸੰਸਾਰ ਛਿਨ-ਭੰਗਰ ਹੈ ਤਾਂ ਇਸਦੇ ਵਿਚ ਰਹਿਣ ਵਾਲੇ ਜੀਵ ਵੀ ਬੁਲਬੁਲੇ ਦੀ ਤਰ੍ਹਾਂ ਹਨ ਅਤੇ ਉਹਨਾਂ ਵੱਲੋਂ ਚਾਰੇ ਪਾਸੇ ਸੁੱਖ ਅਤੇ ਉਹਨਾਂ ਦੀ ਪ੍ਰਾਪਤੀ ਦੇ ਨਾਲ-ਨਾਲ ਉਹਨਾਂ ਦਾ ਆਨੰਦ ਵੀ ਕੁਝ ਸਮੇਂ ਲਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਦੀਵੀ ਆਨੰਦ ਕਿਸ ਤਰ੍ਹਾਂ ਮਿਲੇ। ਇਸ ਦੀ ਸੋਝੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ-ਮੁਹਾਰੇ ਗੁਰਮਖ ਨੂੰ ਹਾਸਿਲ ਹੁੰਦੀ ਹੈ।

ਜਉ ਸੁਖ ਕਉ ਚਾਹੈ ਸਦਾ, ਸਰਨਿ ਰਾਮ ਕੀ ਲੇਹ।।
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹਿ।। (ਅੰਗ 1427)

ਗੁਰੂ ਸਾਹਿਬਾਨ ਗੁਰਮੁਖ ਨੂੰ ਮਾਇਆ ਦੀਆਂ ਬਹੁ-ਪਰਤਾਂ ਤੋਂ ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ-

ਜੋ ਪ੍ਰਾਨੀ ਮਮਤਾ ਤਜੈ, ਲੋਭ ਮੋਹ ਅਹੰਕਾਰ।।
ਕਹੁ ਨਾਨਕ ਆਪਨ ਤਰੈ, ਅਉਰਨ ਲੇਤ ਉਧਾਰ।। (ਅੰਗ 1427)

ਗੁਰੂ ਸਾਹਿਬਾਨ ਸਾਧਕ ਨੂੰ ਸੰਸਾਰ ਨੂੰ ਸੁਪਨੇ ਦੀ ਤਰ੍ਹਾਂ ਮੰਨਣ ਦੀ ਹਦਾਇਤ ਕਰਦੇ ਹਨ, ਜਿਸਦੇ ਤਹਿਤ ਮਾਇਆ ਨੂੰ ਕੂੜ ਦਾ ਘੇਰਾ ਸੰਕੁਚਿਤ ਹੁੰਦਾ ਹੈ ਅਤੇ ਸਾਧਕ ਸਦੀਵੀ ਸੁੱਖ ਨੂੰ ਪ੍ਰਾਪਤ ਹੁੰਦਾ ਹੈ -

ਜਿਉ ਸੁਪਨਾ ਅਰੁ ਪੇਖਨਾਂ, ਐਸੇ ਜਗ ਕਉ ਜਾਨਿ।।
ਇਨ ਮਹਿ ਕਛੁ ਸਾਚੋ ਨਹੀਂ, ਨਾਨਕ ਬਿਨੁ ਭਗਵਾਨ।। (ਅੰਗ 1427)

ਜੀਵਨ ਅਤੇ ਸੰਸਾਰ ਦੋਨੋਂ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ। ਜੇ ਜਗ ਮਿਥਿਆ ਹੈ ਤਾਂ ਜੀਵਨ ਦੇ ਸਤ ਹੋਣ ਤੇ ਵੀ ਸ਼ੱਕ ਉੱਠ ਖਲੋਂਦਾ ਹੈ । ਪਰ ਜੀਵਨ ਸਮੇ ਅਤੇ ਸਥਾਨਾਂ ਦੀਆਂ ਬੰਦਸ਼ਾਂ ਵਿਚ ਬੱਝਿਆ ਹੋਇਆ ਤਾਂ ਸੀਮਤ ਹੈ, "ਮਿਥਿਆ" ਵੀ ਲਗਦਾ ਹੈ ਪਰ ਇਸ ਜੀਵਨ ਮਾਧਿਅਮ ਰਾਹੀਂ ਹੀ ਜਗ ਦੇ ਮਿਥਿਆ ਹੋਣ ਦਾ ਪ੍ਰਮਾਣ ਵੀ ਮਿਲਦਾ ਹੈ। ਜੀਵਨ ਤੋਂ ਬਿਨਾਂ ਸੰਸਾਰ ਦੀ ਹੋਂਦ ਦੀ ਕਨਸੋਅ ਕਿਵੇਂ ਪਵੇ? ਜਗ ਦੇ ਸਚ ਅਤੇ ਮਿਥਿਆ ਹੋਣ ਦਾ ਪਤਾ ਕਿਵੇਂ ਲੱਗੇ। ਇਨ੍ਹਾਂ ਸਭ ਸਵਾਲਾਂ ਦੇ ਉੱਤਰ ਲਈ ਜੀਵਨ ਤਾਂ ਜਰੂਰੀ ਹੈ। ਪਰ ਜੀਵਨ ਸੱਚ ਦੀ ਸੋਝ ਤੋਂ ਬਿਨਾ ਸੰਸਾਰ ਦੇ ਮਿਥਿਆ ਹੋਣ ਦੀ ਜਾਣਕਾਰੀ ਨਹੀਂ ਪ੍ਰਾਪਤ ਕਰ ਸਕਦਾ। ਭਾਵੇਂ ਇਹ ਜਗ ਅਸਥਿਰ ਹੈ, ਪਰ ਇਸ ਨੂੰ ਉਸ ਸਦਾ ਸਥਿਰ ਪ੍ਰਭੂ ਨੇ ਖੁਦ ਰਚਿਆ ਹੈ ਅਤੇ ਇਹ ਉਸਦੇ ਰਹਿਣ ਦੀ ਥਾਂ ਹੈ। ਇਸ ਜਗਤ ਵਿਚ ਵਿਚਰਦੇ ਜੀਵ ਵੀ ਉਸ ਦੀ ਹੀ ਕਰਾਮਾਤ ਹਨ ਅਤੇ ਜਿਨ੍ਹਾਂ ਜੀਵਾਂ ਉੱਤੇ ਉਸਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਹੀ ਮਾਇਆ ਅਤੇ ਸੱਚ ਦੇ ਭੇਦ ਦਾ ਗਿਆਨ ਹੁੰਦਾ ਹੈ। ਇਸ ਲਈ ਜਗ ਦੇ ਸੱਚ ਅਤੇ ਮਿਥਿਆ ਹੋਣ ਦਾ ਸਿੱਧਾ ਸੰਬੰਧ ਜੀਵਨ ਜੀਵਨ ਜਾਂਚ ਨਾਲ ਹੈ। ਸਮਾਜ/ ਸੰਸਾਰ/ ਜਗ ਬਹੁਤ ਸਾਰੇ ਜੀਵਨ ਦੇ ਸਮੂਹ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ ਅਤੇ ਦੰਬੰਧਾਂ ਦਾ ਮਿਲਗੋਭਾ ਹਨ। ਇਕੱਲਾ ਕਹਿਰਾ ਜੀਵਨ ਸਮਾਜ ਦੀ ਰਚਨਾ ਕਰਨ ਤੋਂ ਅਸਮਰਥ ਹੈ ਅਤੇ ਗੁਰੂ ਦੀ ਸਿੱਖਿਆ ਤੋਂ ਬਿਨਾਂ ਇਸਦੇ ਪ੍ਰਭਾਵ ਤੋਂ ਬਚ ਸਕਣ ਦੇ ਵੀ ਅਸਮਰਥ ਹੈ। ਗੁਰਮੁਖ ਜੀਵਨ ਸਮਾਜ ਨੂੰ ਕੁਰਾਹੇ ਤੋਂ ਰਾਹੇ ਪਾਉਣ ਦੀ ਸਮਰਥਾ ਰਖਦਾ ਹੈ। ਜਿਸਦੀ ਜਿਉਂਦੀ ਜਾਗਦੀ ਉਦਾਹਰਣ ਗੁਰੂ ਸਾਹਿਬਾਨ ਹਨ, ਜਿਨ੍ਹਾਂ ਨੇ ਆਪਣੇ ਵੱਡਮੁੱਲੇ ਯੋਗਦਾਨ ਨਾਲ ਘੋਰ ਅੰਧੇਰ ਵਿਚ ਖੱਜਲ ਖੁਵਾਰ ਹੁੰਦੀ ਲੁਕਾਈ ਨੂੰ ਪ੍ਰਕਾਸ਼ਮਾਨ ਕਰ ਕੇ ਵਾਹਿਗੁਰੂ ਦੀ ਸਿੱਤ ਸਲਾਹ ਦੇ ਮਾਰਗ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਜਾਂਚ ਅਤੇ ਮਨੁੱਖੀ ਜੀਵਨ ਦੇ ਅਸਲ ਮਨੋਰਥ ਨੂੰ ਹਾਸਿਲ ਕਰਨ ਵਾਸਤੇ ਸਤ-ਸੰਤੋਖ ਅਤੇ ਗਿਆਨ ਉੱਤੇ ਬਹੁਤ ਜੋਰ ਦਿੱਤਾ ਗਿਆ ਹੈ।

ਸੁਣਿਐ ਸਤੁ ਸੰਤੋਖ ਗਿਆਨੁ।।

ਇਹਨਾਂ ਤਿੰਨਾਂ ਗੁਣਾਂ ਦਾ ਧਾਰਨੀ ਰੱਬ ਦੀ ਮਿਹਰ ਦਾ ਪਾਤਰ ਬਣ ਕੇ ਮਨੱਖਾ ਜੀਵਨ ਦੇ ਅਸਲ ਮੰਤਵ ਨੂੰ ਪ੍ਰਾਪਤ ਹੁੰਦਾ ਹੈ। ਸਤ ਤੋਂ ਭਾਵ ਹੈ, ਸੱਚਾ, ਸਥਾਈ। ਪ੍ਰੋਫੈਸਰ ਸਾਹਿਬ ਸਿੰਘ ਜਪੁਜੀ ਸਟੀਕ ਵਿਚ ਇਸਦਾ ਭਾਵ ਦਾਨੀ ਤੋਂ ਵੀ ਲੈਂਦੇ ਹਨ। ਸੱਚੇ ਅਤੇ ਦਾਨੀ ਇਨਸਾਨ ਦੇ ਮਨੋ ਹਉਮੈ ਦੂਰ ਹੋ ਜਾਂਦੀ ਹੈ ਅਤੇ ਉਹ ਮਨ ਦੇ ਵਿਕਾਰਾਂ ਤੋਂ ਨਿਜਾਤ ਪ੍ਰਾਪਤ ਕਰ ਕੇ ਸਮਦ੍ਰਿਟੀ ਨੂੰ ਪ੍ਰਾਪਤ ਹੁੰਦਾ ਹੈ। ਜਿਹੜਾ ਇਨਸਾਨ ਆਪਣੀ ਜੀਵਨ ਯੁਗਤ ਵਿਚ ਸਤ ਨੂੰ ਸ਼ਾਮਿਲ ਕਰ ਲੈਂਦਾ ਹੈ, ਉਹ ਲੋਕ, ਪਰਲੋਕ ਦੋਹਾਂ ਵਿਚ ਜਸ ਦਾ ਪਾਤਰ ਬਣ ਜਾਂਦਾ ਹੈ। ਗੁਰਬਾਣੀ ਅਨੁਸਾਰ ਦਾਨੀ ਉਹੀ ਹੈ ਜਿਹੜਾ ਕਠਿਨ ਕਿਰਤ ਕਰ ਕੇ ਉਸਦੇ ਫਲ ਵਿਚੋਂ ਦਾਨ ਕਰਦਾ ਹੈ। ਅਜਿਹੇ ਦਾਨ ਦੀ ਹੀ ਦਰਗਾਹ ਵਿਚ ਰਸਾਈ ਹੈ ਨੂੰ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।

ਸਦਾਚਾਰਤਾ ਮਨ ਨੂੰ ਵਿਕਾਰਾਂ ਤੋਂ ਵੀ ਵਰਜਦੀ ਹੈ। ਗੁਰਬਾਣੀ ਵਿਚ ਨਸ਼ਿਆਂ ਦੇ ਵਿਕਾਰ ਤੋਂ ਮਨੁੱਖੀ ਜੀਵਨ ਨੂੰ ਬਚਣ ਦੀ ਸੋਝੀ ਪ੍ਰਾਪਤ ਹੁੰਦੀ ਹੈ। ਨਸ਼ਿਆਂ ਦਾ ਸੇਵਨ ਮਨੁੱਖੀ ਸਰੀਰ ਅਤੇ ਮਨ ਨੂੰ ਨਿਰਬਲ ਕਰਕੇ ਪਸ਼ੂ-ਵ੍ਰਿਤੀ ਵਲ ਧਕੇਲਦਾ ਹੈ, ਜੋ ਇਸਨੂੰ ਇਸਦੇ ਅਸਲੀ ਮੰਤਵ ਤੋਂ ਕੁਰਾਹੇ ਪਾ ਦਿੰਦਾ ਹੈ। ਗੁਰਬਾਣੀ ਵਿਚ ਨਸ਼ਿਆਂ ਦੇ ਵਿਕਾਰ ਨੂੰ ਸਪਸ਼ਟ ਕੀਤਾ ਹੈ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ।।
ਸੁਰਾ ਅਪਵ੍ਰਿਤ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।।੧।।
(ਅੰਗ 1293)

ਸ਼ਰਾਬ ਭਾਵੇਂ ਗੰਗਾ ਜਲ ਵਿਚ ਬਣਾਈ ਹੋਵੇ ਤਾਂ ਵੀ ਸੰਤ ਜਨ ਇਸਦਾ ਇਸਤੇਮਾਲ ਨਹੀਂ ਕਰਦੇ। ਪਰੰਤੂ ਜੇਕਰ ਸ਼ਰਾਬ ਅਤੇ ਹੋਰ ਅਪਵਿੱਤਰ ਚੀਜ਼ਾਂ ਨੂੰ ਗੰਗਾ ਜਲ ਵਿਚ ਮਿਲਾਇਆ ਜਾਵੇ ਤਾਂ ਉਹ ਵੀ ਪਵਿੱਤਰ ਹੋ ਜਾਂਦੀਆਂ ਹਨ।

ਜਿਤੁ ਪੀਤੈ ਮਤਿ ਦੂਰਿ ਹੋਇ ਬਰੁਲ ਪਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।।
(ਅੰਗ 554)

ਸਤ ਦਾ ਇਕ ਹੋਰ ਪਹਿਲੂ ਹੈ ਕਰਨੀ ਅਤੇ ਕਥਨੀ ਵਿਚ ਅੰਤਰ ਨਾ ਹੋਣਾ-

ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ।।
ਆਪਨੜੈ ਗਿਰੀਵਾਨ ਮਹਿ, ਸਿਰਿ ਨੀਵਾਂ ਕਰਿ ਦੇਖੁ।।੬।। (ਅੰਗ 1378)

ਗੁਰੂ ਗ੍ਰੰਥ ਸਾਹਿਬ ਵਿਚ ਦੂਸਰੀ ਇਲਾਹੀ ਵਸਤੂ ਜਿਸ ਨੂੰ ਅਪਣਾ ਕੇ ਅਸੀਂ ਅਰਥ ਭਰਪੂਰ ਜੀਵਨ ਜੀ ਸਕਦੇ ਹਾਂ ਉਹ ਹੈ ਸੰਤੋਖ। ਸੰਤੋਖ ਤੋਂ ਭਾਵ ਹੈ ਜਿਸ ਹਾਲਤ ਵਿਚ ਉਹ ਮਾਲਕ ਰੱਖੇ ਉਸੇ ਵਿਚ ਸੰਤੁਸ਼ਟ ਰਹਿਣਾ।

ਇਹ ਉਹ ਅਵਸਥਾ ਹੈ ਜਿਸ ਵਿਚ ਦੁੱਖ-ਸੁੱਖ, ਹਰਖ-ਸੋਗ, ਮਾਣ-ਅਪਮਾਨ, ਉਸਤਤ-ਨਿੰਦਾ, ਸੋਨਾ-ਮਿੱਟੀ ਆਦਿਕ ਸਭ ਨੂੰ ਇਕ ਸਮਾਨ ਸਮਝਿਆ ਜਾਂਦਾ ਹੈ। ਇਹ ਅਵਸਥਾ ਇਨਸਾਨ ਨੂੰ ਸਹਿਜ ਅਤੇ ਅਡੋਲਤਾ ਵਲ ਲੈ ਕੇ ਜਾਂਦੀ ਹੈ। ਇਸ ਦੇ ਉਲਟ ਮਨ ਦੇ ਵਿਕਾਰਾਂ ਦੀਆਂ ਤ੍ਰਿਪਤਈਆਂ ਵਲ ਰੁੱਖ ਕਰਨਾ ਨਰਕਵਾਸੀ ਹੋਣਾ ਹੈ, ਜੋ ਇਨਸਾਨ ਨੂੰ ਹਨੇਰੇ ਵਿਚ ਧੱਕਦਾ ਹੈ। ਸਮ-ਅਵਸਥਾ ਨੂੰ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਦੀ ਸਭ ਤੋਂ ਉੱਚੀ ਪ੍ਰਾਪਤੀ ਦੱਸਿਆ ਹੈ ਜਿਸ ਨੂੰ ਉਹ ਨਿਰਵਾਨ ਅਤੇ ਨਿਰਭੈ ਪਦ ਵੀ ਮੰਨਦੇ ਹਨ।

ਜਦੋਂ ਤੱਕ ਸਮ ਅਵਸਥਾ ਨੂੰ ਹਾਸਿਲ ਨਹੀਂ ਕੀਤਾ ਜਾਂਦਾ ਤਦ ਤਕ ਕੋਈ ਇਨਸਾਨ ਉੱਚੀ ਤੋਂ ਉੱਚੀ ਹਰ ਤਰ੍ਹਾਂ ਦੀ ਪਦਵੀ ਹਾਸਿਲ ਕਰ ਕੇ ਵੀ ਸਦੀਵੀ ਖੁਸ਼ੀ ਤੋਂ ਸੱਖਣਾ ਰਹਿੰਦਾ ਹੈ। ਅੱਜ ਕੱਲ ਦੇ ਉਪਭੋਗਤਾ ਜੀਵਨ ਵਿਚ ਸਮ-ਅਵਸਥਾ ਦੀ ਬਹੁਤ ਮਹੱਤਤਾ ਹੈ, ਜੋ ਇਨਸਾਨ ਨੂੰ ਖੁਦ ਤੋਂ ਬਚਾਅ ਕੇ ਬਾਹਰੀ ਤਾਕਤਾਂ ਨਾਲ ਵਿਚਾਰ ਪੂਰਵਕ ਸੰਬਾਦ ਦੇ ਜ਼ਰੀਏ ਨੂੰ ਸ਼ਾਂਤਮਈ ਜੀਵਨ ਜੀਊਣ ਦਾ ਰਸਤਾ ਪ੍ਰਦਾਨ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਸਮ ਅਵੱਸਥਾ ਬਾਰੇ ਦਰਸਾਉਂਦੇ ਹਨ:

ਸੁਖ ਦੁਖੁ ਦੋਨੋ ਸਮ ਕਰਿ ਜਾਨੇ ਅਉਰੁ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।੧।।
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।।੨।। (ਅੰਗ 219)

ਗੁਰੂ ਤੇਗ ਬਹਾਦਰ ਜੀ ਨੇ ਦੁੱਖ-ਸੁੱਖ, ਲੋਭ-ਮੋਹ, ਅਤੇ ਹਰਖੁ-ਸੋਗ ਨੂੰ ਸਮ ਕਰਕੇ ਸਮਝਣ ਵਾਲੇ ਮਨੁੱਖ ਨੂੰ ਪ੍ਰਮਾਤਮਾ ਦਾ ਰੂਪ ਬਿਆਨਿਆ ਹੈ-

ਸੁਖੁ ਦੁਖੁ ਜਿਹ ਪਰਸੈ ਨਹੀਂ, ਲੋਭੁ ਮੋਹੁ ਅਭਿਮਾਨੁ।।
ਕਹੈ ਨਾਨਕ ਸੁਨੁ ਰੇ ਮਨਾ, ਸੋ ਮੂਰਤਿ ਭਗਵਾਨ।।
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।।
ਕਹੁ ਨਾਨਕ ਸੁਨਿ ਰੇ ਮਨਾ।। ਮੁਕਤਿ ਤਾਹਿ ਤੈ ਜਾਨਿ।। (ਅੰਗ 1427)

ਤੀਸਰੀ ਵਸਤੂ ਜਿਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਾਨੂੰ ਵਿਸਥਾਰ ਪੂਰਵਕ ਅਰਥ ਭਰਪੂਰ ਜੀਵਨ ਜੀਊਣ ਦੀ ਸੋਝੀ ਮਿਲਦੀ ਹੈ ਉਹ ਹੈ ਵਿਚਾਰ/ਗਿਆਨ। ਇਥੇ ਇਹ ਦਰਸਾਉਣਾ ਅਤਿ ਜ਼ਰੂਰੀ ਬਣਦਾ ਹੈ ਕਿ ਜਿਥੇ ਗੁਰਬਾਣੀ ਵਿਚ ਆਸਥਾ ਉੱਤੇ ਜੋਰ ਦਿੱਤਾ ਜਾਂਦਾ ਹੈ ਉਥੇ ਗਿਆਨ ਨੂੰ ਵੀ ਉਨੀ ਹੀ ਮਹਾਨਤਾ ਦਿੱਤੀ ਜਾਂਦੀ ਹੈ।

ਗੁਰਬਾਣੀ ਵਿਚ ਸਮਰਪਣ ਦੀ ਭਾਵਨਾ ਵਿਵੇਕ ਤੇ ਨਿਰਧਾਰਿਤ ਹੈ। ਜਿਸ ਗਿਆਨ ਦੀ ਗਲ ਗੁਰਬਾਣੀ ਵਿਚ ਕੀਤੀ ਗਈ ਹੈ, ਉਹ ਗਿਆਨ ਸ਼ਬਦੀ ਅਤੇ ਲੌਜਿਕ (Logic) 'ਤੇ ਨਿਰਧਾਰਿਤ ਨਹੀਂ ਹੈ। ਉਹ ਗਿਆਨ ਅਧਿਆਤਮਿਕ ਗਿਆਨ ਹੈ। ਜੋ ਕਿ ਪ੍ਰਭੂ ਕਿਰਪਾ ਨਾਲ ਮਿਲਦਾ ਹੈ। ਇਸ ਗਿਆਨ ਦੇ ਸਦਕਾ ਹੀ ਮਨੁੱਖੀ ਮਨ ਕਾਬੂ ਵਿਚ ਰਹਿੰਦਾ ਹੈ ਅਤੇ ਇਹ ਗਿਆਨ ਹੀ ਸਾਰੇ ਝੂਠੇ ਸਗਲ ਪਸਾਰਿਆਂ ਦਾ ਪੜਦਾ ਫਾਸ ਕਰਦਾ ਹੈ। ਇਹ ਗਿਆਨ ਹੀ ਮਾਇਆ ਦੇ ਪ੍ਰਭਾਵ ਨੂੰ ਖਤਮ ਕਰ ਕੇ ਮਨ ਨੂੰ ਸ਼ਾਂਤ ਕਰਦਾ ਹੈ। ਜੋ ਅੰਤ ਵਿਚ ਇਨਸਾਨ ਨੂੰ ਪ੍ਰਭੂ ਦੀ ਸ਼ਰਨ ਵਿਚ ਜਾਣ ਦਾ ਸੁਭਾਗ ਪ੍ਰਾਪਤ ਕਰਵਾਉਂਦਾ ਹੈ-

ਐਸਾ ਗਿਆਨੁ ਜਪਹੁ ਮਨ ਮੇਰੇ।। ਹੋਵਹੁ ਚਾਕਰ ਸਾਚੇ ਕੇਰੇ।। (ਅੰਗ 728)

ਜਿਸ ਗਿਆਨ ਦੀ ਗੁਰੂ ਸਾਹਿਬਾਨ ਗੱਲ ਕਰਦੇ ਹਨ। ਉਹ ਗਿਆਨ ਸਤ ਅਤੇ ਸੰਤੋਖ ਦੇ ਧਾਰਨੀ ਹੋਣ ਉਪਰੰਤ ਉਪਜਦਾ ਹੈ। ਇਹ ਉਹ ਅਵਸਥਾ ਹੈ, ਜਦੋਂ ਮਨ ਟਿਕਾ ਵਿਚ ਆ ਜਾਂਦਾ ਹੈ, ਤਾਂ ਸਹਿਜ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਗਿਆਨ ਦੇ ਉਪਜਣ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਾਇਆ ਮਮਤਾ, ਲੋਭ, ਮੋਹ, ਹੰਕਾਰ ਮਨੁੱਖਾ ਜੀਵਨ ਵਿਚੋਂ ਤਜ (ਨਿਕਲ-ਤਿਆਗਣਾ) ਜਾਂਦੇ ਹਨ।

ਮਾਇਆ ਮਮਤਾ ਤਨ ਤੇ ਭਾਗੀ, ਉਪਜਿਉ ਨਿਰਮਲ ਗਿਆਨੁ।। (ਅੰਗ 1186)

ਇਸ ਗਿਆਨ ਦੀ ਅਣਹੋਂਦ ਦਾ ਜ਼ਿਕਰ ਕਰਦੇ ਹੋਏ ਗੁਰੂ ਰਵੀਦਾਸ ਜੀ ਫੁਰਮਾਉਂਦੇ ਹਨ-

ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।। (ਅੰਗ 486)

ਇਹ ਗਿਆਨ ਗੁਰੂ ਦੀ ਮਿਹਰ ਸਦਕਾ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਇਸ ਬਾਰੇ ਸਮਝਾਉਂਦੇ ਹੋਏ ਫੁਮਰਾਉਂਦੇ ਹਨ-

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਦਿਆ, ਗੁਰ ਬਿਨੁ ਘੋਰ ਅੰਧਾਰ।। (ਅੰਗ 463)

ਗੁਰੂ ਦੁਆਰਾ ਹਾਸਿਲ ਕੀਤੇ ਗਿਆਨ ਤੋਂ ਬਿਨਾਂ ਕੁਝ ਵੀ ਸੋਝੀ ਹਾਸਿਲ ਨਹੀਂ ਕੀਤੀ ਜਾ ਸਕਦੀ। ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ ਕਿ ਇਹ ਗਿਆਨ ਗੱਲਾਂ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਉਸਦੀ ਨਦਿਰ ਨਾਲ ਹੀ ਹਾਸਿਲ ਹੁੰਦਾ ਹੈ।

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।। (ਅੰਗ 465)

ਅਜਿਹੇ ਗਿਆਨ ਦਾ ਧਾਰਨੀ ਮਨੁੱਖ ਜਿੱਥੇ ਪਰਮ ਸੱਤ ਤੋਂ ਵਾਕਿਫ ਹੁੰਦਾ ਹੈ ਉਥੇ ਅਥਾਹ ਅਲੌਕਿਕ ਸ਼ਕਤੀ ਦਾ ਸਹਿਜ ਸੁਭਾ ਵਿਚ ਵਿਚਰਦਿਆਂ ਆਨੰਦ ਮਾਣਦਾ ਹੋਇਆ ਮਾਇਆ ਦੀਆਂ ਜਟਿਲ ਪਰਤਾਂ ਦਾ ਭੇਦ ਖੋਲ੍ਹ ਕੇ ਸਮਾਜ ਨੂੰ ਕੁਰਾਹਿਆਂ ਤੋਂ ਰਾਹੇ ਪਾਉਂਦਾ ਹੈ।

ਗੁਰੂ ਘਰ ਦੀ ਬਾਣੀ ਵਿਚ ਔਰਤ ਦੀ ਬਰਾਬਰੀ ਅਤੇ ਜਾਤ-ਪਾਤ ਦੇ ਕੋਹੜ ਤੋਂ ਨਿਜ਼ਾਤ ਪਾਉਣ ਸੰਬੰਧੀ ਬਹੁਤ ਡੂੰਘੀ ਸਿੱਖਿਆ ਉਪਲੱਬਧ ਹੈ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਉਸ ਨੂੰ ਜਨਮ ਦਾ ਧੁਰਾ ਦਰਸਾਇਆ ਹੈ। ਆਪ ਫੁਰਮਾਉਂਦੇ ਹਨ।

ਇਸਤਰੀ ਤੋਂ ਹੀ ਜਨਮ ਹੁੰਦਾ ਹੈ। ਇਸਤਰੀ ਦੇ ਪੇਟ ਵਿਚ ਹੀ ਮਨੁੱਖ ਦਾ ਸਰੀਰ ਬਣਾ ਹੈ। ਇਸਤਰੀ ਨਾਲ ਹੀ ਕੁੜਮਾਈ ਅਤੇ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਹੀ ਜਗਤ ਵਿਚ ਭਾਈਚਾਰਾ ਚਲਦਾ ਹੈ ਅਤੇ ਇਸਤਰੀ ਦੀ ਮੌਤ ਉਪਰੰਤ ਹੋਰ ਇਸਤਰੀ ਦੀ ਭਾਲ ਕਰਨੀ ਪੈਂਦੀ ਹੈ। ਜਿਸ ਇਸਤਰੀ ਤੋਂ ਸੰਸਾਰ ਦੇ ਬੜੇ ਮਹਾਂ-ਪੁਰਖਾਂ ਨੇ ਜਨਮ ਲਿਆ ਹੈ ਤਾਂ ਫਿਰ ਉਸ ਇਸਤਰੀ ਨੂੰ ਮਾੜਾ ਕਿਉਂ ਕਿਹਾ ਜਾਵੇ? ਇਸਤਰੀ ਤੋਂ ਹੀ ਇਸਤਰੀ ਦਾ ਜਨਮ ਹੁੰਦਾ ਹੈ।

ਜਗਤ ਵਿਚ ਇਸਤਰੀ ਬਿਨਾਂ ਕੋਈ ਜੀਵ ਜਨਮ ਨਹੀਂ ਲੈ ਸਕਦਾ ਸਿਵਾਏ ਉਸ ਕਰਤਾਰ ਦੇ।

ਗੁਰਬਾਣੀ ਵਿਚ ਸਤੀ ਪ੍ਰਥਾ ਵਿਰੁੱਧ ਵੀ ਬੁਲੰਦ ਆਵਾਜ਼ ਉਠਾਈ ਗਈ ਹੈ ਅਤੇ ਪਰਾਈ ਇਸਤਰੀ ਨੂੰ ਗ੍ਰਹਿਣ ਕਰਨ ਵਾਲੀ ਰੁਚੀ ਨੂੰ ਬਹੁਤ ਗਿਆਨਮਈ ਢੰਗ ਨਾਲ ਨਕਾਰਿਆ ਗਿਆ ਹੈ।

ਗੁਰਬਾਣੀ ਵਿਚ ਜਾਤ-ਪਾਤ ਦੇ ਬ੍ਰਾਹਮਣੀ ਸਿਧਾਂਤ ਦਾ ਗੁਰੁ ਸਾਹਿਬਾਨ ਨੇ ਸਾਫ-ਸਾਫ ਸ਼ਬਦਾਂ ਵਿਚ ਖੰਡਨ ਕਤਾ ਹੈ। ਗੁਰੂ ਨਾਨਕ ਦੇਵ ਜੀ ਨੇ ਵਰਨ ਵਿਵਸਥਾ ਨਿਰਧਾਰਤ ਜਾਤਿ ਪਾਤਿ ਸਿਧਾਂਤ ਦੇ ਉਲਟ ਉਸ ਵਿਅਕਤੀ ਨੂੰ ਨੀਵੀਂ ਜਾਤ ਦਾ ਮੰਨਿਆ ਹੈ, ਜੋ ਉਸ ਕੁਲ ਕਾਇਨਾਤ ਦੇ ਮਾਲਕ ਤੋਂ ਮੂੰਹ ਮੋੜੀ ਬੈਠਾ ਹੈ। ਖਸਮੁ ਵਿਸਾਰਹਿ ਤੇ ਕਮਜਾਤਿ।। (ਅੰਗ 10)

ਗੁਰੂ ਅਮਰਦਾਸ ਜੀ ਨਾਮ ਸਿਮਰਨ ਤੋਂ ਵਿਮੁੱਖ ਵਿਅਕਤੀ ਨੂੰ ਨੀਚ ਜਾਤਿ ਆਖਦੇ ਹਨ: ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ।। (ਅੰਗ 426)।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਜਿਥੇ ਨੀਚਾਂ ਦੀ ਸੰਭਾਲ ਹੁੰਦੀ ਹੈ ਉਥੇ ਹੀ ਵਾਹਿਗੁਰੂ ਦੀ ਨਦਰਿ ਦੀ ਬਖਸ਼ਿਸ਼ ਹੁੰਦੀ ਹੈ ਅਤੇ ਆਪ ਅਰਜੋਈ ਕਰਦੇ ਹਨ ਕਿ ਉਹਨਾਂ ਦਾ ਸੰਗ ਨੀਚਾਂ ਤੋਂ ਨੀਚ ਜਾਤਿ ਵਾਲਿਆਂ ਨਾਲ ਵਾਹਿਗੁਰੂ ਕਰੇ ਅਤੇ ਉਹ ਆਪਣੇ ਆਪ ਨੂੰ ਵੱਡਿਆਂ ਤੋਂ ਅਲੱਗ ਕਰਦੇ ਹਨ। ਇਸ ਤਰ੍ਹਾਂ ਜਿਸ ਗਿਆਨ ਦੀ ਉਪਰੋਕਤ ਸਤਰਾਂ ਵਿਚ ਅਸੀਂ ਗੱਲ ਕੀਤੀ ਹੈ ਉਹ ਅਧਿਆਤਮਿਕ ਅਤੇ ਦੁਨਿਆਵੀ ਜੀਵਨ ਦੇ ਦੋਹਾਂ ਪੱਖਾਂ ਦਾ ਮਾਰਗ ਦਰ੍ਹਕ ਬਣਦਾ ਹੈ। ਇਸ ਗਿਆਨ ਦਾ ਗੁਰਬਾਣੀ ਵਿਚ ਅਥਾਹ ਭੰਡਾਰ ਹੈ, ਜਿਸ ਤੋਂ ਇਨਸਾਨ ਨੂੰ ਅਰਥ ਭਰਪੂਰ ਜੀਵਨ ਜੀਊਣ ਦੀ ਜਾਚ ਹਾਸਿਲ ਹੁੰਦੀ ਹੈ।

ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ 2015, ਦਿਨ ਐਤਵਾਰ ਨੂੰ **Holiday Inn Express, 9175 W. Stockton Blvd., ELK Grove CA 95758** ਵਿਖੇ ਮਨਾਏ ਜਾ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਵਿਦਵਾਨ ਅਤੇ ਮਹਾਨ ਸ਼ਖਸੀਅਤ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਦੀਆਂ **ਲੱਖ ਲੱਖ ਵਧਾਈਆਂ**





# ਮਨਜੀਤ ਕੁਮਾਰ ਭਾਰਦਵਾਜ

## ਅਤੇ ਸਮੂਹ ਪਰਿਵਾਰ

# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:

**Ph. 510-885-1212**
**Fax. 510-885-1532**

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**

# Kash FABRICS

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS

**ONE STOP SHOPPING CENTRE**
29576 Mission Blvd Hayward. Ca 94544
www.kashfabrics.com
**Tel: 510-538-1138**



# Teeyan Da Celebration (Ladies ONLY)

sponsored by the

# Punjabi Multicultural Society

All ladies and girls are invited



## July 25th, 2015 (Saturday)

## 12:00 - 4:00 PM

**Pittsburg Senior Community Center**
**(Across from Small World Park)**
**300 Presidio Lane, Pittsburg, CA 94565**

Entry Fee: $5
(Children under 5 are FREE)

Preformances & Entertainment: Giddha, Bhangra, Bollywood, Hip-Hop, Live DJ & more. Food & raffle tickets will be sold!

**For participation & further details please contact:**

Ruby Raju at (925)-550-1088 (Cell) or (925)-642-5953 (Cell)

Rebecca White at (925)-759-4180 (Cell)

Kashmir Kaur at (925)-267-4737 (Cell)

Balbir Kaur at (925)-864-3855 (Cell)

**Sponsors**

Balbir Kaur, Jasbinder Kaur Paramjit Kaur, Sudesh Kumari, Kashmir Kaur, Manjit Kaur, Kulbinder Kaur, Kuljit Raju, Satpal Kaur Jhall, Sukhminder Kaur, Surjit Kaur, Mohinder Kaur, Karamjit Kaur, Sonia Resham Kaur, Sayta, Charanjit Kaur, Surinder Kaur Sandhh, Leshmi, Manjit Kaur, Surinder Kaur, Rakesh Rani, Kajol Raju, Gian Kaur - Sapna, Davinder Kaur Bains, Debo Bainse, Renu Phadar